ਸ: [illegible] ਸਿੰਘ ਜੀ ਰਾਵਲਪਿੰਡੀ ਵਲੋਂ ਸੰਗਤਾਂ ਦੀ ਭੇਟਾ

੧ ੴ ਵਾਹਿਗੁਰੂ ਜੀ ਕੀ ਫਤਹ ॥

ਸਤਿਗੁਰ ਬਾਝਹੁ ਗੁਰ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥
ਗੁਰੂ ਨਾਨਕੁ ਨਾਨਕੁ ਹਰਿ ਸੋਇ ॥

# 'ਗੁਰੂ ਪਦਾਰਥ ਨਿਰਣਯ'

ਸਬਦ ਗੁਰੂ
ਸੁਰਤਿ ਧੁਨਿ ਚੇਲਾ

ਗੁਰ ਮੂਰਤਿ ਗੁਰਸਬਦ
ਸਾਧ ਸੰਗਤ ਸਮਸਰ ਪਰ

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ

ਤਖਤ ਬਹੈ ਤਖਤੈ ਕੀ ਲਾਇਕ
ਪੰਚ ਸਮਾਏ ਗੁਰਮਤਿ ਪਾਇਕ

ਕ੍ਰਿਤ


## ਮਹਾਕਵਿ ਪੰਡਿਤ ਕਰਤਾਰ ਸਿੰਘ (ਦਾਖਾ)

"ਸਾਹਿੱਤਯਾਚਾਰਯ"

ਪੂਰਬ-ਪ੍ਰਿੰਸੀਪਲ ਗੁਰਮਤਿ ਉਪਦੇਸ਼ਕ ਕਾਲਜ
ਗੁਰੂ ਕਾਸ਼ੀ-ਦਮਦਮਾ ਸਾਹਿਬ



ਪ੍ਰਕਾਸ਼ਕ-

ਨਾਹਰ ਸਿੰਘ ਰਾਵਲਪਿੰਡੀ

ਪਹਿਲੀ ਵਾਰ ] ੧੦੦੦


Digitized by Panjab Digital Library | www.panjabdigilib.org

੧੯

ਖ਼ਾਲਸਾ ਲਿਟਰੇਰੀ ਸਰਕ

(ਰਾਵਲਪਿੰਡੀ

ਪ੍ਰੇਮ-ਭੇਟਾ

ਵਲੋਂ:-

ਨੋਟ:- ੧ ਪੁਸਤਕ ਉਤਨਾ ਹੀ ਚਿਰ
ਜਿਤਨਾ ਚਿਰ ਲਾਇਬ੍ਰੇਰੀ
ਪੁਸਤਕ ਮਾਲਕ ਨੂੰ ਵਾਪ

੨ ਇਹ ਪੁਸਤਕ ਕੇਵਲ ਓ
ਸਕਦਾ ਹੈ ਜੋ ਸਰਕਲ
ਦੇਣ ਵਾਲਾ ਮੈਂਬਰ ਹੋਵੇ।
ਸਹਾਇਤਾ ਵਜੋਂ ਖ਼ਰੀਦ ਨ

੩ ਪੁਸਤਕ ਕੇਵਲ ਇਕ ਹਫ
ਸਕਦੀ ਹੈ।

੪ ਪੁਸਤਕ ਦੀ ਸੰਭਾਲ ਰਖਣੀ
ਦਾ ਮੁਖ ਫ਼ਰਜ਼ ਹੈ

25.4.4

Digitized by Panjab Digital Library | www.panjabdigilib.org

KHALSA ... DHAMIAL. 2.4.46.

## ਭੂਮਿਕਾ—

ਇਹ ਗੱਲ ਸੂਰਜ ਦੀ ਤਰਾਂ ਰੌਸ਼ਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਆਤਮਾਂ (ਨਿਜ ਰੂਪ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਅਸਥਾਪਨ ਕਰਕੇ ਉਨ੍ਹਾਂ ਦੇ ਅਧੀਨ ਪੰਜ ਪਿਆਰਿਆਂ ਦੀ ਪੰਚਾਇਤ ਨੂੰ ਪੰਥ ਗੁਰੂ ਦੀ ਪਦਵੀ ਦਿਤੀ। ਓਦੋਂ ਤੇ ਖਾਲਸਾ ਪੰਥ ਵਿਚ ਕਿਸੇ ਭੀ ਗੁਰਮੁਖ ਸਿੱਖ ਦਾ ਗੁਰੂ ਬਣਨਾ ਯਾ ਮੰਨੇ ਜਾਣ ਦਾ ਅਧਿਕਾਰ ਨਹੀਂ। ਅਤੇ ਪੁਰਾਤਨ ਖਾਲਸਾ ਏਸੇ ਮਰਯਾਦਾ ਨੂੰ ਏਵੇਂ ਹੀ ਮੰਨਦਾ ਅਤੇ ਵਰਤੋਂ ਵਿਚ ਲਿਆਉਂਦਾ ਰਿਹਾ। ਜਿਸ ਵਿਚ ਇਤਹਾਸ ਅਤੇ ਖਾਲਸਾ ਸੰਪ੍ਰਦਾਇ ਪ੍ਰਮਾਨ ਹੈ। ਪ੍ਰੰਤੂ ਵਿਚ ਵਿਚ ਬ੍ਰਾਹਮਣਾਂ ਅਤੇ ਭੇਖੀਆਂ ਦੀ ਕੁਸੰਗਤ ਕਰਕੇ ਹਿੰਦਵਾਇਣ ਦੇ ਰੰਗੇ ਹੋਏ ਕੁਝਕੁ ਭੋਲੇ ਭਾਲੇ ਸਿੱਖ ਗੁਰੂ ਗ੍ਰੰਥ ਪੰਥ ਦੇ ਨਾਲ ੨ ਆਪਣੇ ਵਿੱਦਿਆ ਦਾਤਾ ਯਾ ਅੰਮ੍ਰਿਤ ਸੰਸਕਾਰ ਸਮੇਂ ਦੇ ਜਥੇਦਾਰ ਨੂੰ ਹੀ ਅਪਣਾ ਗੁਰੂ ਮੰਨਣ ਲਗ ਪਏ। ਇਸ ਗੱਲ ਨੂੰ ਖਾਲਸਾ ਪੰਥ ਦੀਆਂ ਆਪੇ ਬਣੀਆਂ ਸੰਪ੍ਰਦਾਵਾਂ ਅਤੇ ਉਨ੍ਹਾਂ ਦੇ ਆਗੂਆਂ ਨੇ ਅਨਮਤੀਆਂ ਦੀ ਰੀਸੇ ਹੋਰ ਭੀ ਪੱਕਾ ਕਰ ਦਿੱਤਾ। ਪਰੰਤੂ ਜਦੋਂ ਸਿੰਘ ਸਭਾ ਦਾ ਸੁਭਾਗਾ ਸਮਾਂ ਆਇਆ ਤਾਂ ਹੋਰ ਅਸੂਲਾਂ ਦੇ ਨਾਲ

Digitized by Panjab Digital Library | www.panjabdigilib.org

ਹੀ ਉਪਰੋਕਤ ਭੁਲੇਖਾ ਦੂਰ ਹੋਕੇ 'ਗੁਰੂ ਗ੍ਰੰਥ-ਪੰਥ ਜੀ' ਦੇ ਗੁਰੂ ਹੋਣ ਦਾ ਸਿਧਾਂਤ ਖਾਲਸਾ ਪੰਥ ਵਿਚ ਨਿਰਬਿਵਾਦ ਪ੍ਰਚੱਲਤ ਹੋ ਗਿਆ। ਮਗਰ ਭੇਖੀਆਂ ਤੇ ਖ਼ੁਦਗਰਜ਼ ਲੋਕਾਂ ਵਲੋਂ ਹੋਰ ਅਸੂਲਾਂ ਵਾਂਗ ਏਸ ਮਹਾਨ ਪਵਿਤ੍ਰ ਅਤੇ ਬੁਨਿਆਦੀ ਅਸੂਲ ਦੀ ਬੜੀ ਵਿਰੋਧਤਾ ਕੀਤੀ ਗਈ ਅਤੇ ਕੀਤੀ ਜਾ ਰਹੀ ਹੈ। ਪਰ 'ਕੂੜ ਨ ਪੁਜੇ ਸਚ ਨੋ ਸਉ ਘਾੜਤ ਘੜੀਐ।' ਅਨੁਸਾਰ ਸਦਾ ਖਾਲਸਾ ਪੰਥ ਦੇ ਨਿਰੋਲ ਸਿਧਾਂਤ ਦੀ ਫਤੇ ਹੀ ਹੁੰਦੀ ਰਹੀ।

ਜਦ ਤੋਂ ਰਾਧਾ ਸ੍ਵਾਮੀ ਮੱਤ (ਜੋ ਕਿ ਸਿੱਖ ਮੱਤ ਦੀ ਹੂਬਹੂ ਪੁੱਠੀ ਤਸਵੀਰ ਹੈ। ਅਤੇ ਹੁਣ ਤਕ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਪਲਦਾ ਹੈ) ਨੇ ਦੇਹ ਧਾਰੀ ਗੁਰੂ ਦਾ ਬਹੁਤਾ ਰਾਗ ਅਲਾਪਣਾ ਆਰੰਭ ਕੀਤਾ। 'ਨਾਮਧਾਰੀ' ਸੰਪ੍ਰਦਾਇ ਨੂੰ ਭੀ ਇਹੋ ਟਪਲਾ ਲਗਾ। ਅਤੇ ਸਮੇਂ ਅਨੁਸਾਰ 'ਨਿਰੰਕਾਰੀ' ਆਦਿਕ ਭੀ ਅਪਣੀ ਸੰਗਤ ਨੂੰ ਵਖਰੀ ਸੰਪ੍ਰਦਾਇ ਬਣਾਉਣ ਦੇ ਆਹਰ ਵਿੱਚ ਲਗੇ। ਓਦੋਂ ਤੋਂ ਖਾਲਸਾ ਪੰਥ ਦੇ ਵਿਰੁਧ ਉਕਤ ਟੋਲਿਆਂ ਵਲੋਂ ਗੁਪਤ–ਪ੍ਰਗਟ ਢੰਗ ਨਾਲ ਜ਼ਬਰਦਸਤ ਪ੍ਰਚਾਰ ਹੋਣ ਲਗਾ। ਅਤੇ ਬਹੁਤ ਬਾਰ ਏਸ ਸਿਧਾਂਤ ਉਤੇ ਪਰਸਪਰ ਮੁਬਾਹਿਸੇ ਹੋਇ। ਅਤੇ ਪੁਸਤਕਾਂ ਭੀ ਲਿਖੀਆਂ ਗਈਆਂ। ਜਿਨ੍ਹਾਂ ਕਰਕੇ ਖਾਲਸਾ ਪੰਥ ਦੀ ਹੀ ਸ਼ਾਨਦਾਰ ਜਿੱਤ ਹੁੰਦੀ ਰਹੀ। ਏਸ ਦੇ ਸਬੰਧ ਵਿੱਚ 'ਰਾਧਾ ਸ੍ਵਾਮੀ ਮੱਤ ਆਦਰਸ਼' ਆਦਿ ਪੁਸਤਕ, 'ਖਾਲਸਾ ਸਮਾਚਾਰ' ਵਲੋਂ ਬਾਬੂ ਅਨੰਦ ਸ੍ਵਰੂਪ (ਰਾਧਾ ਸ੍ਵਾਮੀਆਂ ਦੇ ਗੁਰੂ) ਦੀ ਡਾਇਰੀ ਦੇ 'ਨਿਰਣੇ ਭਰੇ ਲੇਖ' ਅਤੇ 'ਸਤਿਜੁਗ' ਅਖਬਾਰ ਦੇ ਝੂਠੇ

Digitized by Panjab Digital Library | www.panjabdigilib.org

ਲੇਖਾਂ ਦੇ ਖੰਡਨ ਸਿਖਾਂ ਵਲੋਂ ਲਿਖੇ ਜਾਂਦੇ ਰਹੇ। ਲਗਾਤਾਰ ਅਤੇ ਨਿੱਗਰ ਕੰਮ ਕਰਨ ਵਿਚ 'ਰਾਧਾ ਸ੍ਵਾਮੀ ਮੱਤ ਵਿਚਾਰਨੀ ਸਭਾ' ਖਾਸ ਕਰਕੇ ਗਿਆਨੀ ਹਰਿਚਰਨ ਸਿੰਘ ਜੀ ਬੀ. ਐਸ. ਡੀ. (ਬਾਬਾ ਬਕਾਲਾ) ਦਾ ਕੰਮ ਅਤਿ ਸਲਾਘਾ ਯੋਗ ਹੈ। ਮੁਬਾਹਿਸਿਆਂ ਵਿਚੋਂ ਜਿਨ੍ਹਾਂ ਸਜਣਾਂ ਨੇ 'ਸਯਦ' (ਜ਼ਿਲਾ ਰਾਵਲ ਪਿੰਡੀ, ਐਬਟਾ ਬਾਦ, ਰਾਵਲ ਪਿੰਡੀ ਅਤੇ ਕਰਾਚੀ ਦਾ ਰੰਗ ਡਿੱਠਾ ਹੈ, ਉਨ੍ਹਾਂ ਨੂੰ ਸਾਰੀ ਉਮਰ ਭਰ ਚੇਤੇ ਰਹੇਗਾ ਕਿ ਬਾਬੂ ਸਾਵਣ ਸਿੰਘ (ਰਾਧਾ ਸ੍ਵਾਮੀ ਗੁਰੂ) ਕਿਵੇਂ ਯਰਕਦਾ ਰਿਹਾ ਹੈ। ਅਤੇ ਦੇਹਧਾਰੀ ਗੁਰੂ ਹੋਣ ਦੀ ਕਪੋਲ ਕਲਪਣਾ ਕਿਵੇਂ ਉਡ਼ਦੀ ਰਹੀ ਹੈ।

ਇਨ੍ਹਾਂ ਅਨਮਤੀ ਲੋਕਾਂ ਦੀਆਂ ਨਿਤ ਦੀਆਂ ਫੋਕੀਆਂ ਲੜਾਈਆਂ ਨੇ ਸ਼ਾਂਤ ਅਤੇ ਗੰਭੀਰ ਖਾਲਸਾ ਕੌਮ ਨੂੰ ਭੀ ਡਾਢੇ ਵਿਖੇਪ ਅਤੇ ਚਿੰਤਾ ਵਿੱਚ ਪਾ ਛਡਿਆ ਹੋਣ ਕਰਕੇ ਖਾਲਸਾ ਪੰਥ ਨੂੰ ਭੀ ਸਮੇਂ ਦੇ ਰੰਗ ਅਨੁਸਾਰ ਅਪਣੇ ਬਚਾਓ ਲਈ ਹਥ ਪੈਰ ਮਾਰਨੇ ਪੈਂਦੇ ਹਨ। ਸੋ ਬਹੁਤ ਚਿਰ ਦੀ ਸੋਚ ਵਿਚਾਰ ਮਗਰੋਂ ਇਹ ਸੰਕਲਪ ਕੀਤਾ ਗਿਆ ਕਿ 'ਦੇਹਧਾਰੀ ਗੁਰੂ' ਦਾ ਖੰਡਨ ਅਤੇ 'ਸ਼ਬਦ ਗੁਰੂ' ਦਾ ਮੰਡਨ ਕਰਨ ਵਾਲਾ ਇਕ ਅਜੇਹਾ ਅਦੁਤੀਯ ਪੁਸਤਕ ਤਿਆਰ ਕੀਤਾ ਜਾਵੇ ਜਿਸ ਨਾਲ ਸਦਾ ਲਈ ਲਿਖਤੀ ਤੌਰ ਤੇ ਇਹ ਰੇੜਕਾ ਮੁਕ ਜਾਵੇ।

ਇਸ ਗ੍ਰੰਥ ਵਿਚ 'ਪੂਰਬ ਪੱਖ' ਅਤੇ 'ਉੱਤਰ ਪੱਖ' ਦੇ ਢੰਗ ਨਾਲ ਸ੍ਰੀ ਗੁਰੂ ਪ੍ਰਮਾਣਾਂ ਦਾ ਅਤੇ ਨਿਆਇ ਰੀਤੀ ਅਨੁਸਾਰ ਗੁਰੂ ਪਦਾਰਥ ਦਾ ਲੱਛਣ ਲੱਛਤਾ ਆਦਿ ਦਾ ਵਿਸ਼ੇਸ਼ ਨਿਰਣਯ ਹੋਣ ਕਰਕੇ ਇਸਦਾ ਨਾਉਂ 'ਗੁਰੂ ਪਦਾਰਥ

Digitized by Panjab Digital Library | www.panjabdigilib.org

ਨਿਰਣਯ’ ਰਖਿਆ ਹੈ। ਜਿਸ ਦੇ ਪਹਿਲੇ ਪ੍ਰਕਰਣ ਵਿਚ ‘ਗੁਰੂ’ ਦੀ ਲੋੜ ਦੂਜੇ ਵਿਚ ਰਾਧਾ ਸੁਆਮੀ ਆਦਿ ਅਨਮਤੀਆਂ ‘ਦੇਹਧਾਰੀ ਵਾਦ’ ਦਾ ਖੰਡਨ ਤੀਜੇ ਵਿਚ ਗੁਰੂ ਘਰ ਦੀਆਂ ਆਪੇ ਬਣੀਆਂ ਸੰਪ੍ਰਦਾਵਾਂ ਦੇ ਖਿਆਲਾਂ ਦਾ ਖੰਡਨ ਅਤੇ ਚੌਥੇ ਵਿਚ ਪਛਮੀ ਖਿਆਲਾਂ ਦੇ ਸਿਖ ਪ੍ਰਚਾਰਕਾਂ ਦੇ ਵਹਿਮ ਦਾ ਖੰਡਨ ਕਰਕੇ ਗੁਰ ਜੋਤਿ ਨੂੰ ਸਾਖਿਆਤ ਅਕਾਲ ਪੁਰਖ ਸਿੱਧ ਕੀਤਾ ਹੈ।

ਇਸ ਵਿਚ ਥਾਂ ੨ ਪਰ ਵਿਆਕਰਣ, ਸਾਹਿਤ੍ਯ ਅਤੇ ਨਿਆਇ ਦੀਆਂ ਯੁਕਤੀਆਂ ਅਤੇ ਗੁਰ ਪ੍ਰਮਾਣਾਂ ਨਾਲ ਗ੍ਰੰਥ ਨੂੰ ਪ੍ਰਮਾਣਿਤ ਕਰਨ ਤੋਂ ਸਿਵਾਇ ਹਰੇਕ ਪ੍ਰਕਰਣ ਦੇ ਅੰਤ ਵਿਚ ਭੀ ਪ੍ਰਸੰਗ ਅਨੁਸਾਰ ਹੋਰ ਪਰਮਾਣ ਦੇਕੇ ਅਪਣੇ ਪੱਖ ਨੂੰ ਭਲੀ ਭਾਂਤ ਸਿੱਧ ਕੀਤਾ ਗਿਆ ਹੈ। ਸੋ ਪੂਰਨ ਆਸ਼ਾ ਹੈ ਕਿ ਨਿਰੋਲ ਗੁਰਮਤੀਏ ਸਜਣਾਂ ਦੇ ਹਿਰਦੇ ਵਿਚ ਇਹ ਨਿਰਣਾ ਕਵਲ ਵਾਂਗ ਰਹਿ ਰਹਿ ਕੇ ਟਹਿਕੇਗਾ ਅਤੇ ਅਪਣੀ ਵਾਸ਼ਨਾਂ ਨੂੰ ਖਿੜਾਏਗਾ। ਮਗਰ ਭੇਖੀਆਂ ਦੇ ਸੀਨੇ ਵਿਚ ਤੀਰ ਵਾਂਗ ਸਦਾ ਚੁਭਦਾ ਰਹੇਗਾ। ਅਤੇ ਜੇ ਕੋਈ ਇਸਦੇ ਖੰਡਨ ਵਿਚ ਕੁਝ ਲਿਖੇਗਾ ਤਾਂ ਨਿਸਚਾ ਰਖੋ ਕਿ ਉਹਨੂੰ ਫੇਰ ਭੀ ਮੂੰਹ ਦੀ ਹੀ ਖਾਣੀ ਪਵੇਗੀ। ਅਰਥਾਤ ਉਸ ਦੇ ਲੇਖਾਂ ਦਾ ਫੇਰ ਭੀ ਖੰਡਨ ਕੀਤਾ ਜਾਵੇਗਾ।

ਖਾਲਸਾ ਜੀ ਦੀ ਕ੍ਰਿਪਾ ਦਾ ਪਾਤ੍ਰ–

**ਪੰਡਿਤ ਕਰਤਾਰ ਸਿੰਘ**

ਸ੍ਰੀ ਗੁਰੂ ਕਾਂਸ਼ੀ ਦਮਦਮਾ ਸਾਹਿਬ

Digitized by Panjab Digital Library | www.panjabdigilib.org

## ਫਕੀਰ ਦਾ ਨਿਰਣਯ

ਸੱਚ ਮੁਚ ਸ੍ਰੀ ਮਾਨ ਪੰਡਿਤ ਕਰਤਾਰ ਸਿੰਘ ਜੀ 'ਸਾਹਿਤਜਾ ਚਾਰਯ' ਨੇ 'ਗੁਰੂ ਪਦਾਰਥ ਨਿਰਣਯ' ਨਾਮੇ ਪੁਸਤਕ ਵਿਚ 'ਗੁਰੂ ਪਦਾਰਥ' ਦਾ 'ਨਿਰਣਯ' ਹੀ ਕਰ ਦਿਤਾ ਹੈ। ਹਰ ਸ਼ੰਕੇ ਦਾ ਐਸਾ ਯੁਕਤੀ ਯੁਕਤ ਉੱਤਰ ਦਿਤਾ ਹੈ, ਕਿ ਇੱਕ ਉੱਤਰ ਵਿਚ ਅਨੇਕ ਸ਼ੰਕਿਆਂ ਦਾ ਸਮਾਧਾਨ ਹੋ ਜਾਂਦਾ ਹੈ। ਅਨੇਕਾਂ ਸ਼ੰਕਿਆਂ ਦੀ 'ਨਯਾਯ' ਨਾਲ ਆਪ ਹੀ ਸੰਭਾਵਨਾ ਕਰਕੇ ਨਿਰੁਤਰ ਕਰ ਦੇਣ ਵਾਲੇ ਉੱਤਰ ਲਿਖੇ ਹਨ। ਫਕੀਰ ਜ਼ਾਤੀ ਤੌਰ ਤੇ ਪੰਡਿਤ ਜੀ ਦੇ ਰਹਸਜ ਵਾਦ ਤੋਂ ਪ੍ਰਭਾਵਿਤ ਹੋ ਕੇ ਇਸ ਸਿੱਟੇ ਤੇ ਪਹੁੰਚਾ ਹੈ ਕਿ:—

'ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰਬਾਣੀ ਕਹੈ ਸੇਵਕ ਜਨ ਮਾਨੈ,
ਪਰਤੱਖ ਗੁਰੂ ਨਿਸਤਾਰੇ।'

ਇਹ 'ਕੂਕਾ ਇਜ਼ਮ' ਵਾਸਤਵ ਵਿਚ 'ਪਰਤੱਖ ਗੁਰੂ' ਦੇ ਵਿਰੁਧ ਜਥੇਬੰਦ ਬਗਾਵਤ ਹੈ। ਮਰਦੁਮ ਪ੍ਰਸਤੀ, ਦੇਵੀ

Digitized by Panjab Digital Library | www.panjabdigilib.org

ਪੂਜਨ, ਹਵਨ, ਗੰਦੇ ਗੀਤ ਗਾਉਣ, ਮਸਤ ਕੇ ਨੱਚਣ ਟੱਪਣ, ਜਾਤਿ ਪਾਤਿ, ਛੂਤ ਛਾਤ ਦੁਆਰਾ 'ਗੁਰਮਤਿ' ਵਲੋਂ ਖੁਲਮ ਖੁਲ੍ਹੀ ਮੁਖਾਲਫਤ ਹੈ। ਤੇ ਇਕ ਗੁਣ ਹੀਨ ਸੱਖਣੀ ਲੋਬ ਰਾਹੀਂ ਸ੍ਵੈਂ ਪ੍ਰਕਾਸ਼, ਗਿਆਨ ਸਰੂਪ 'ਪਰਤੱਖ ਗੁਰੂ' ਸਹਸ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਪਦਵੀ ਗੁਰੂ ਗੱਦੀ ਉੱਤੇ ਸਿਧਾ ਹਮਲਾ ਹੈ।

ਹਰ ਸਿਖ ਬਲਕਿ ਹਰ 'ਪ੍ਰਾਣੀ' ਨੂੰ 'ਪ੍ਰਮਾਰਥ' ਵਿਚ ਪ੍ਰਵਿਰਤ ਹੋਣ ਤੋਂ ਪਹਿਲਾਂ ਗੁਰੂ ਪ੍ਰਾਪਤੀ ਲਈ 'ਗੁਰੂ ਪਦਾਰਥ ਨਿਰਣਯ' ਦੁਆਰਾ ਗੁਰੂ ਦਾ ਨਿਰਣਯ ਕਰ ਲੈਣਾ ਪਰਮ ਆਵਸ਼ਜਕ ਹੈ। ਰਾਹ ਦਾ ਨਿਰਣਯ ਕੀਤੇ ਬਿਨਾਂ ਮੰਜ਼ਲ ਉਤੇ ਪਹੁੰਚਣਾ ਅਸੰਭਵ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਬਚਨ ਹੈ 'ਅਮਲ ਬਗ਼ੈਰ ਇਲਮ ਤੋਂ ਗੁਮਰਾਹੀ ਹੈ।' ਸੋ 'ਗੁਰੂ ਪਦਾਰਥ ਨਿਰਣਯ' 'ਪਥ ਪ੍ਰਦਰਸ਼ਕ' ਨੇ ਗੁਮਰਾਹ ਹੋ ਸਕਣ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿਤੀ।

ਸੂਫੀ ਫਕੀਰ ਮੁਹੰਮਦ 'ਫਕੀਰ' ਧਰੌੜ ਲੁਧਿਆਨਾ·

Digitized by Panjab Digital Library | www.panjabdigilib.org

੧ ੳ ਵਾਹਿਗੁਰੂ ਜੀ ਕੀ ਫਤਹ ॥

# ਗੁਰੂ ਪਦਾਰਥ ਨਿਰਣਯ

## (ਪਹਿਲਾ ਪ੍ਰਕਰਣ)

## ਗੁਰੂ ਦੀ ਲੋੜ

ਇਕ ਵਾਰ ਕਿਸੇ ਪੁਰਬ ਦੇ ਸਮੇਂ ਸਰਬ ਧਰਮ ਸੰਮੇਲਨ ਹੋਇਆ। ਜਿਸ ਵਿਚ ਸੰਮੂਹ ਧਰਮਾਂ ਅਤੇ ਵੱਖੋ ਵੱਖ ਖਿਆਲਾਂ ਦੇ ਵਿਦ੍ਵਾਨਾਂ ਨੇ ਵਿਆਖਿਆਨ ਦਿਤੇ ਅਤੇ ਇਸੇ ਰੀਤੀ ਅਨੁਸਾਰ "ਤੱਤ੍ਵ ਖਾਲਸਾ" ਸੇਵਕ ਨੇ ਭੀ ਭਾਸ਼ਣ ਕੀਤਾ। ਜਿਸਦਾ ਸਿਰਲੇਖ "ਗੁਰੂ ਜੋਤ ਦੀ ਲੋੜ" ਸੀ, ਜਿਸਦੀ ਸਿੱਧੀ ਉਸ ਨੇ ਕਈ ਅਧਿਕਰਣ ਮਥ ਕੇ ਹੇਠ ਲਿਖੇ ਪ੍ਰਕਰਣਾਂ ਦੁਆਰਾ ਇਉਂ ਕੀਤੀ:-

(੧) ਗੁਰੂ ਜੋਤਿ ਬਿਨਾਂ ਜੱਗ ਪ੍ਰਮਾਰਥ ਵਲੋਂ ਅੰਨ੍ਹਾ ਹੈ—ਦੇਖੋ ਜਦ ਤਕ ਕੋਈ ਮਨੁੱਖ ਦੂਜੇ ਤੋਂ ਵਿੱਦਿਆ ਨਾ ਸਿਖੇ, ਯਾ ਕਿਸੇ ਪੁਸਤਕ ਦੁਆਰਾ ਗਿਆਨ ਪ੍ਰਾਪਤ ਨਾ ਕਰੇ ਅਥਵਾ ਬ੍ਰਿਧ ਬਿਉਹਾਰ ਤੋਂ ਤਜਰਬਾ ਨਾ ਕਰ ਲਵੇ ਉਤਨਾ ਚਿਰ ਉਹ ਮਨੁੱਖ ਉਸ ਵਿਸ਼ੇ ਵਿਚ ਬਿਲਕੁਲ ਓਮੀ ਯਾ

Digitized by Panjab Digital Library | www.panjabdigilib.org

ਅਗਿਆਨੀ ਹੀ ਰਹਿੰਦਾ ਹੈ । ਬਹੁਤ ਕੀ ਕਹਿਣਾ ਹੈ ਜਿਤਨਾ ਚਿਰ ਬਾਲਕ ਆਪਣੇ ਬ੍ਰਿਧਾਂ ਦੀ ਬੋਲੀ ਨਾ ਸੁਣੇ ਯਾ ਨਾ ਸਮਝੇ, ਉਤਨਾ ਚਿਰ ਉਹ ਆਪਣੀ ਮਾਤ੍ਰੀ ਭਾਸ਼ਾ ਭੀ ਬੋਲਣ ਵਿਚ ਅਸਮ੍ਰਥ ਹੀ ਰਹਿੰਦਾ ਹੈ, ਤਾਂ ਤੇ ਸਾਧਾਰਣ ਤੋਂ ਸਾਧਾਰਣ ਗਿਆਨ ਹਾਸਲ ਕਰਨ ਲਈ ਭੀ ਮਨੁੱਖ ਨੂੰ ਸਿਖਯਕ ਦੀ ਲੋੜ ਹੈ । ਕਈ ਵਾਰ ਕਈ ਚਤੁਰ ਸਜਣ ਬਹੁਤ ਜ਼ਿਆਦਾ ਗਿਆਨ ਭੀ ਹਾਸਲ ਕਰ ਲੈਂਦੇ ਹਨ, ਬਲਕਿ ਕਈ ਆਪ-ਣਿਆਂ ਉਸਤਾਦਾਂ ਕੋਲੋਂ ਭੀ ਅਧਿਕ ਗਿਆਨਵਾਨ ਹੋ ਜਾਂਦੇ ਹਨ, ਜਿਨ੍ਹਾਂ ਨੂੰ ਵੇਖ ਕੇ ਕਈ ਅਣਜਾਣ ਆਦਮੀ ਇਹ ਸਿਧਾਂਤ ਕਰਿ ਬੈਠਦੇ ਹਨ ਕਿ ਏਸ ਨਾਲੋਂ ਵਧਕੇ ਕੋਈ ਵਿਦ੍ਵਾਨ ਸਾਰੇ ਜਗਤ ਵਿਚ ਨਹੀਂ ਹੋਵੇਗਾ । ਮਗਰ ਇਹ ਉਸ ਰਿਜੁ ਬੁਧੀ ਪੁਰਖ ਦੀ ਮੰਦ ਬੁੱਧੀ ਦਾ ਹੀ ਫੁਰਨਾ ਹੁੰਦਾ ਹੈ, ਕਿਉਂਕਿ ਭਾਵੇਂ ਉਹ ਕਿਤਨਾ ਹੀ ਵਿਦ੍ਵਾਨ ਕਿਉਂ ਨਾ ਹੋ ਜਾਵੇ ਉਹ ਬੇਹੱਦ (ਨਿਰਤਿਸ਼ੈ) ਗਿਆਨ ਵਾਲਾ ਨਹੀਂ ਹੋ ਸਕਦਾ, ਅਰਥਾਤ ਦੁਨੀਆਂ ਵਿੱਚ ਉਹ ਸਭ ਆਦਮੀ ਇਕ ਦੂਜੇ ਨਾਲੋਂ ਹੀ ਵਿਸ਼ੇਸ਼ ਗਿਆਨੀ ਹਨ, ਕਿੰਤੂ ਸਭ ਨਾਲੋਂ ਵਿਸ਼ੇਸ਼ ਗਯਾਨੀ ਸਰਵੱਗਆਤਮ ਪੁਰਖ ਹੀ ਹੋਣ ਕਰਕੇ ਕੋਈ ਭੀ ਪੂਰਨ ਗਿਆਨਵਾਨ ਨਹੀਂ ਸਿੱਧ ਹੁੰਦਾ। ਦੂਜੇ ਆਪਣੇ ਉਸਤਾਦ ਨਾਲੋਂ ਕਿਸੇ ਦਾ ਵਿਸ਼ੇਸ਼ ਗਿਆਨਵਾਨ ਹੋਣਾ ਉਸਦੇ ਉਸਤਾਦ ਦੇ ਸਿੱਖਿਆ ਕਲਾਪ ਆਦਿ ਦਾ ਹੀ ਫਲ ਹੋਣ ਕਰਕੇ, ਕੋਈ ਵਿਦ੍ਵਾਨ ਆਪੋਂ ਗਿਆਨੀ ਨਹੀਂ ਹੋ ਸਕਦਾ, ਇਸ ਲਈ ਸਭ ਸੰਸਾਰ ਸੁਭਾਵ ਤੋਂ ਅੰਨ੍ਹਾ ਹੈ ।

(੨) ਸਭ ਸੰਸਾਰ ਸਿੱਖ ਹੈ ।

Digitized by Panjab Digital Library | www.panjabdigilib.org

ਸੰਸਾਰ ਭਰ ਦੇ ਮਨੁੱਖਾਂ ਵਿਚੋਂ ਕੋਈ ਭੀ ਮਨੁੱਖ ਆਤਮਾ ਐਸੀ ਨਹੀਂ ਹੋਈ ਜਿਸ ਨੂੰ ਬ੍ਰਿਧਾਂ ਦੀ ਸਹਾਇਤਾ ਤੋਂ ਬਿਨਾਂ ਆਪ ਹੁਦਰੋਂ ਕੋਈ ਗਿਆਨ ਹੋਇਆ ਹੋਵੇ ਯਾ ਹੋ ਸਕਦਾ ਹੋਵੇ, ਅਤੇ ਜਿਸ ਨੂੰ ਕਦੇ ਸਿੱਖਿਆ ਲੈਣ ਦੀ ਲੋੜ ਨਾ ਪਈ ਹੋਵੇ, ਅਥਵਾ ਜਿਸ ਨੂੰ ਸਿੱਖਿਆ ਦਾ ਅਧਿਕਾਰ ਸਦੀਵੀ ਪ੍ਰਾਪਤ ਨਾ ਹੋਵੇ। ਭਾਵ ਇਹ ਹੈ ਕਿ ਜਿਵੇਂ ਕਿਸੇ ਜਗ੍ਹਾ ਘੜਾ ਨਾ ਹੋਣ ਤੇ ਭੀ ਓਥੇ ਉਸਦਾ ਅਧਿਕਾਰ ਬਣਿਆ ਰਹਿੰਦਾ ਹੈ ਜਿਥੇ ਕਿ ਉਸਦੇ ਹੋਣ ਦੀ ਸੰਭਾਵਨਾ ਹੋਵੇ, ਤਿਵੇਂ ਹੀ ਜਿਸ ਅੰਤਹ ਕਰਣ ਵਿਚ ਕਦੇ ਭੀ ਸਿੱਖਿਆ ਲੈਣ ਦੀ ਸੰਭਾਵਨਾ ਹੋਈ ਹੈ ਉਸ ਵਿਚ ਸਿੱਖਿਆ ਦਾ ਅਧਿਕਾਰ ਸਦੀਵੀ ਹੀ ਮੰਨਣਾ ਪਵੇਗਾ। ਇਸ ਨਿਆਇ ਅਨੁਸਾਰ ਸਾਰਾ ਮਨੁੱਖ ਸੰਸਾਰ ਹੀ 'ਸਿੱਖ' ਹੈ।

(੩) ਗੁਰੂ ਬਿਨਾਂ ਗਿਆਨ ਅਤੇ ਮੁਕਤੀ ਨਹੀਂ।

ਉਪ੍ਰੋਕਤ ਵਿਚਾਰ ਤੋਂ ਤਾਂ ਜਾਣਿਆ ਜਾਂਦਾ ਹੈ ਕਿ ਜਦੋਂ ਲੌਕਿਕ ਗਿਆਨ ਸਰਬਥਾ ਮਾਨਵੀ ਸਮਰਥਾ ਅਤੇ ਅਧਿਕਾਰ ਤੋਂ ਪਰੇ ਹੈ ਤਾਂ ਸੱਚ ਖੰਡ ਵਾਸੀ ਸਤ ਪੁਰਖ ਦਾ ਸਤ ਗਿਆਨ "ਏਵਡ ਊਚਾ ਹੋਵੈ ਕੋਇ ॥ ਤਿਸ ਊਚੇ ਕੋ ਜਾਣੈ ਸੋਇ" ਅਨੁਸਾਰ ਸਤਿ ਪੁਰਖ ਬਿਨਾਂ ਕੌਣ ਜਾਣ ਸਕੇ। ਅਥਵਾ "ਸਾਧ ਰੂਪ ਅਪਨਾ ਤਨ ਧਾਰਿਆ ॥ ਮਹਾਂ ਅਗਨਿ ਤੇ ਆਪਿ ਉਬਾਰਿਆ" ਅਨੁਸਾਰ ਪ੍ਰਮਾਰਥ ਤੋਂ ਬਿਲਕੁਲ ਅੰਨ੍ਹੇ ਅਗਿਆਤ ਅਤੇ ਜਨਮਾਂਧ ਸੰਸਾਰ ਨੂੰ ਸਤਿਗੁਰੂ ਰੂਪ ਧਾਰਨ ਤੋਂ ਬਿਨਾਂ ਅਗਮ ਅਗੋਚਰ ਗਿਆਨ ਇੰਨ ਬਿੰਨ ਯਥਾਰਥ ਰੂਪ ਤੇ ਕੌਣ ਜਣਾਵੇ ?

Digitized by Panjab Digital Library | www.panjabdigilib.org

ਸੋ "ਅਗਮ ਅਗੋਚਰ ਗੁਰੂ ਦਿਖਾਇਆ ॥ ਭੂਲਾ ਜਾਂਦਾ ਮਾਰਗਿ ਪਾਇਆ" ਅਤੇ "ਗੁਰ ਗਮ ਗਿਆਨ ਬਤਾਵੈ ਭੇਦੁ ॥ ਉਲਟਾ ਰਹੇ ਅਭੰਗ ਅਛੇਦ" ਅਨੁਸਾਰ ਪੂਰਨ ਪੁਰਖ ਅਤੇ ਤਿਸ ਸੰਬੰਧੀ ਪੂਰਨ ਗਿਆਨ ਪ੍ਰਾਪਤ ਕਰਨ ਲਈ ਪੂਰੇ ਗੁਰੂ ਦੀ ਲੋੜ ਪ੍ਰਾਣੀ ਮਾਤ੍ਰ ਨੂੰ ਅਵੱਸ਼ ਹੈ। ਏਸੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ:–

"ਗੁਰੁ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵੈ ॥ ਗੁਰੂ ਬਿਨ ਸੁਰਤ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ ॥ ਗੁਰੁ ਕਰ ਸਚੁ ਬੀਚਾਰ ਗੁਰੂ ਕਰ ਰੇ ਮਨ ਮੇਰੇ। ਗੁਰੁ ਕਰੁ ਸਪੁੰਨ ਅਘਨ ਕਟੇ ਸਭ ਤੇਰੇ। ਗੁਰ ਨਯਣਿ ਬਯਣਿ ਗੁਰੁ ਗੁਰੁ ਕਰੋ ਗੁਰੁ ਸਤਿ ਕਵਿ ਨਲ੍ਯ ਕਹਿ ॥ ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥ (ਮ: ੪: ਸ੍ਵ: ੮)

ਭਾਵ–ਗੁਰੂ ਜੋਤਿ ਬਿਨਾਂ ਅੰਧੇਰਾ ਘੁਪ ਹੈ। ਗੁਰੂ ਬਿਨਾਂ ਗਿਆਨ, ਸਿਧਿ ਅਤੇ ਮੁਕਤੀ ਨਹੀਂ ਮਿਲਦੀ। ਤਾਂਤੇ ਭਾਈ! ਗੁਰੂ ਧਾਰਨ ਕਰੋ ਜਿਸ ਕਰ ਕੇ ਤੁਹਾਡੇ ਸਮੂਹ ਪਾਪ ਕੱਟੇ ਜਾਣ। ਮੁਕਦੀ ਗੱਲ ਇਹ ਕਿ ਜਿਨ੍ਹਾਂ ਨੇ ਗੁਰੂ ਧਾਰਨ ਨਹੀਂ ਕੀਤਾ ਉਨ੍ਹਾਂ ਦਾ ਸੰਸਾਰ ਵਿਚ ਜਨਮ ਹੀ ਨਿਸਫਲ ਹੈ।

(੪) ਸਤਿਗੁਰ ਧਰਮ ਦੀ ਪੌੜੀ ਹੈ।

ਇਸ ਲਈ ਕਿ ਮਨੁਖ ਚਿੰਤਨ ਕਰਨ ਵਾਲਾ ਜੀਵ ਹੈ। ਉਸ ਨੇ ਆਪਣੇ ਛੁਟਕਾਰੇ ਲਈ ਪਰਮ ਸੁਖ ਦੇ ਸਾਧਨਾਂ ਨੂੰ ਯਥਾ ਸ਼ਕਤੀ ਸਮਝਣ ਵਿਚ ਬਹੁਤ ਕਮਾਲ ਦਿਖਾਏ। ਮਗਰ ਉਹ ਸਭ ਕਮਾਲ ਪਰਮ ਸੁਖ ਰੂਪ ਪਦਾਰਥ ਦੀ

Digitized by Panjab Digital Library / www.panjabdigilib.org

ਪ੍ਰਾਪਤੀ ਲਈ ਕੇਵਲ ਟੋਹਾਂ ਦਾ ਹੀ ਕੰਮ ਦਿੰਦੇ ਰਹੇ। ਜਿਨ੍ਹਾਂ ਵਿਚ ਸਭ ਸਾਧਿਕ ਪੁਰਸ਼ ਸੁਖ ਬੁਧੀ ਮੰਨਕੇ ਮੁਕਤੀ ਦੀ ਪ੍ਰਾਪਤੀ ਹੋਣੀ ਸਮਝਦੇ ਰਹੇ। ਵਾਸਤਵ ਵਿਚ "ਦਰੋਗ ਪੜ੍ਹਿ ਪੜ੍ਹਿ ਖੁਸ਼ੀ ਹੋਇ ਬੇ ਖਬਰ ਬਾਦੁ ਬਕਾਹਿ"

ਤਥਾ:—"ਜੋਗੀ ਕਹਹਿ ਜੋਗ ਭਲ ਮੀਠਾ ਅਵਰ ਨ ਦੂਜਾ ਭਾਈ॥ ਰੁੰਡਤ ਮੁੰਡਤ ਏਕੈ ਸਬਦੀ ਏਹ ਕਹਹਿ ਸਿਧ ਪਾਈ॥ ਹਰ ਬਿਨ ਭਰਮ ਭੁਲਾਨੇ ਅੰਧਾ ਜਾ ਪਹਿ ਜਾਉ ਆਪ ਛੁਟਕਾਵਨ ਤੇ ਬਾਧੇ ਬਹੁ ਫੰਧਾ॥"

ਇਤਿਆਦਿਕ ਬਚਨਾਂ ਅਨੁਸਾਰ ਉਹ ਪਰਮਾਰਥ ਵਲੋਂ ਬਿਲਕੁਲ ਅੰਨ੍ਹੇ ਅਤੇ ਆਪਣੇ ਪੁਰਖਾਰਥ ਤੋਂ ਉਕੇ ਹੀ ਕੋਰੇ ਰਹਿ ਗਏ।

ਇਸ ਦਾ ਇਹ ਕਾਰਣ ਸੀ ਕਿ ਕਈਆਂ ਨੂੰ ਤਾਂ ਗੁਰੂ ਹਸਤੀ ਦੀ ਸੂਝ ਨਾ ਹੋਈ, ਅਤੇ ਕਈ ਆਪਣੇ ਵਰਗੀਆਂ ਅਲਪੱਗ ਆਤਮਾਵਾਂ ਨੂੰ ਹੀ ਗੁਰੂ ਤਥਾ ਪੂਰਨ ਪੁਰਖ ਸਮਝਕੇ ਆਪਣਾ ਸਰਬਸੁ ਉਨ੍ਹਾਂ ਅੱਗੇ ਅਰਪਣ ਕਰਦੇ ਰਹੇ। ਕਿੰਤੂ ਪੂਰੇ ਗੁਰੂ ਦੀ ਪ੍ਰਾਪਤੀ ਉਨ੍ਹਾਂ ਨੂੰ ਨਾ ਹੋਈ। ਜਿਸ ਕਰਕੇ "ਅਤਿ ਊਚਾ ਤਾਕਾ ਦਰਬਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ॥" ਅਜਿਹੇ "ਅਤਿ ਊਚੇ" "ਪਾਰਾਵਾਰ ਤੋਂ ਰਹਿਤ" ਬੇਅੰਤ ਮੰਡਲ ਨੂੰ ਉਨ੍ਹਾਂ ਦਾ ਗਿਣਤੀ ਮਿਣਤੀ ਵਿਚ ਰਹਿਣ ਵਾਲਾ ਗਿਆਨ, ਅਨਿਤ ਕਰਮ-ਕਾਂਡ ਅਤੇ ਧਾਤ ਦਾ (ਮਾਇਆਵੀ) ਰੋਗ ਅਪੜ ਨਾ ਸਕਿਆ। ਤਾਂਤੇ ਉਨ੍ਹਾਂ ਦੇ ਮੰਨੇ ਹੋਏ ਸਭ ਧਰਮ ਅਥਵਾ ਧਰਮ ਸਾਧਨ ਬੇਹਦ ਉਚੇ ਅਤੇ ਅਗੰਮ ਅਗੋਚਰ ਅਸਥਾਨ ਦੀ ਚੜ੍ਹਾਈ ਲਈ ਪਉੜੀ ਰੂਪ

Digitized by Panjab Digital Library | www.panjabdigilib.org

ਨਾ ਸਾਬਤ ਹੋਏ । ਪਰੰਤੂ ਇਸ ਦੇ ਦੂਜੇ ਪਾਸੇ–'ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥" ਇਤਿ-ਆਦੀ ਮਹਾਂ ਵਾਕਾਂ ਤੋਂ ਸੋਝੀ ਪੈਂਦੀ ਹੈ ਕਿ ਕੇਵਲ ਸਤ ਪੁਰਖ ਪਰਾਇਣ ਜੋ ਹਰਿ ਨਾਮ ਨੂੰ "ਮਨ-ਮੰਤ" ਬਨਾਉਣ ਵਾਲੇ ਅਤੇ ਸਾਸ ਗਿਰਾਸ ਨਾ ਵਿਸਰਨ ਵਾਲੇ, ਪੂਰਨ ਸੰਤ ਹਨ । ਬਲਕਿ "ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾਂ ਅਗਨਿ ਤੇ ਆਪ ਉਭਾਰਿਆ ॥" ਅਨੁਸਾਰ ਗੁਰੂ ਸਾਧ ਦਾ ਰੂਪ ਧਾਰਨ ਕਰਕੇ ਆਪਣੇ ਨਾਲ ਮਿਲਾਵਣ ਵਾਲੇ ਆਪੇ ਆਪ ਜੋਤਿ ਸਰੂਪੀ ਹਨ, ਉਨ੍ਹਾਂ ਸੰਤਾਂ (ਸਤਿਗੁਰਾਂ) ਦਾ ਦਸਿਆ ਮਾਰਗ ਸਭ ਤੋਂ ਉਚੇ ਧਰਮ ਦੀ ਪਉੜੀ ਹੈ, ਜਿਸ ਤੇ ਚੜ੍ਹ ਕੇ 'ਗੁਰਗਮ ਗਿਆਨ ਬਤਾਵੈ ਭੇਦੁ । ਉਲਟਾ ਰਹੈ ਅਭੰਗ ਅਛੇਦ ।' ਦੁਆਰਾ ਅਦ੍ਰਿਸ਼ਟ, ਅਗੋਚਰ, ਅਲੱਖ, ਨਿਰੰ-ਜਨ ਨੂੰ 'ਗੁਰਮੁਖਿ ਪੇਖਿਆ ਆਖੀ' ਅਨੁਸਾਰ (ਹੱਥ ਤੇ ਰਖੇ ਔਉਲੇ ਦੀ ਤਰਾਂ) ਸਾਖਿਆਤ ਕਰ ਸਕੀਦਾ ਹੈ। ਇਸ ਲਈ ਬੇਅੰਤ ਮੰਡਲ ਵਿਚ ਪ੍ਰਵੇਸ਼ ਕਰਨ ਲਈ ਬੇਹੱਦ (ਨਿਰਤਿਸੈ) ਗਿਆਨ ਰੂਪ ਅਨੁਭਵੀ ਜੋਤਿ ਅਰਥਾਤ 'ਗੁਰੂ-ਸਾਧਿ' ਦੇ ਕਾਇਮ ਕੀਤੇ ਮਾਰਗ ਦੀ ਹੀ ਸਰਨ ਲੈਣੀ ਯੋਗ ਹੈ। ਇਹੋ ਧਰਮ ਦੀ ਪਉੜੀ ਹੈ ਅਤੇ 'ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ ।' ਅਨੁਸਾਰ ਇਹੋ ਧੁਰ ਸਚ ਖੰਡ ਵਿਚ ਪਹੁੰਚਣ ਦਾ ਸਾਧਨ ਹੈ । ਇਥੇ ਹੀ ਬਸ ਨਹੀਂ ਬਲਕਿ ਗੁਰੂ ਜੋਤਿ ਪੂਰਨ ਪੁਰਖ ਅਤੇ ਸਤਿਗੁਰੂ ਹੋਣ ਕਰ ਕੇ ਸੰਸਾਰ ਸਾਗਰ ਵਿਚੋਂ ਡੁਬਦੇ ਨੂੰ ਕੱਢਣ ਲਈ ਭੀ ਅਦੁਤੀ ਹੈ । ਜੈਸੇ,

Digitized by Panjab Digital Library / www.panjabdigilib.org

'ਗੁਰ ਦਾਤਾ ਸਮਤਰ ਗੁਰ ਗੁਰ ਸਭ ਮੈ ਰਿਹਾ ਸਮਾਇ। ਗੁਰ ਪਰਮੇਸਰ ਪਾਰਬ੍ਰਹਮੁ ਗੁਰ ਡੁਬਦਾ ਲਏ ਛਡਾਇ ।' (ਸ੍ਰੀ ਰਾਗ ਮ: ੫)

ਕਿਉਂਕਿ 'ਗੁਰ ਸਰ ਸਾਗਰ ਬੋਹਿਥੋ ਗੁਰ ਤੀਰਥ ਦਰਿਆਉ' ਅਨੁਸਾਰ ਗੁਰੂ ਆਪ ਹੀ ਸਮੁੰਦਰ ਹੈ ਅਤੇ ਉਸ ਤੋਂ ਲੰਘਾਉਣ ਲਈ ਉਸ ਨੇ ਆਪ ਹੀ ਜਹਾਜ਼ ਦਾ ਰੂਪ ਧਾਰਿਆ ਹੈ। ਅਤੇ ਮੁਕਤੀ ਕਰਨ ਵਾਲਾ ਸਚਾ ਤੀਰਥ ਭੀ ਆਪ ਹੀ ਹੈ।

ਫਿਰ ਵੇਖੋ ਗੁਰੂ ਦਾ ਸਿਧਾਂਤ ਹੀ ਸੰਸਾਰ ਤੋਂ ਮੁਕਤ ਕਰਨ ਵਾਲ਼ਾ ਹੈ। ਕਿਉਂਕਿ 'ਖਟ ਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨ ਅਗਮ ਅਪਾਰਾ' ਅਨੁਸਾਰ ਛੇ ਸ਼ਾਸਤ੍ਰਾਂ ਵਿਚ ਸੰਸਾਰੀ ਕਰਮ ਅਤੇ ਗਿਆਨ ਦੇ ਸਿਧਾਂਤ ਹੀ ਹੋਣ ਕਰ ਕੇ ਉਨ੍ਹਾਂ ਦਾ ਫਲ ਸੰਸਾਰੀ ਹੈ। ਉਹ ਪਾਰ ਨਹੀਂ ਕਰ ਸਕਦੇ। ਪਰ ਗੁਰਮਤਿ ਸਿਧਾਂਤ ਦਰਸ਼ਨ ਆਪ ਅਗਮ ਅਪਾਰ ਹੋਣ ਕਰ ਕੇ 'ਗੁਰ ਕੇ ਦਰਸਨ ਮੁਕਤਿ ਗਤਿ ਹੋਇ। ਸਾਚਾ ਆਪੁ ਵਸੈ ਮਨਿ ਸੋਇ।" ਦੁਆਰਾ ਅਗਮ ਅਗੋਚਰ ਸਚੇ ਅਕਾਲ ਪੁਰਖ ਨੂੰ ਮਨ ਵਿਚ ਵਸਾ ਦਿੰਦਾ ਹੈ।

(੫) ਸਤਿਗੁਰ ਬੇਹਦ ਖੁਸ਼ੀ ਦੇ ਘਰ ਵਿਚ ਪ੍ਰਵੇਸ਼ ਕਰਾਂਵਦਾ ਹੈ।

ਸਭ ਸਾਧਕ ਪੁਰਸ਼ ਪਰਮ ਪੁਰਖ, ਪਰਮ ਪਦ ਅਥਵ ਪਰਮ-ਸੁਖ ਦੀ ਪ੍ਰਾਪਤੀ ਲਈ ਯਤਨ ਕਰਦੇ ਆਏ ਹਨ। ਪਰੰਤੂ ਪੂਰੇ ਗੁਰੂ ਬਿਨਾਂ ਉਨ੍ਹਾਂ ਨੂੰ ਪੂਰਨ ਪੁਰਖ ਦਾ ਪੂਰਨ ਪਦ ਅਥਵਾ ਸਚ ਮੰਡਲ ਨਾ ਲਭਾ। ਕਈਆਂ ਨੇ ਕੇਵਲ

Digitized by Panjab Digital Library | www.panjabdigilib.org

'ਸਰਬ ਦੇਸ਼ ਕਾਲ ਅਤੇ ਵਸਤੂ ਵਿਚ ਵਿਆਪਕ ਹੈ' ਇਤਨਾਂ ਮੰਨ ਕੇ ਹੀ ਕੰਮ ਸਾਰ ਲਿਆ । ਮਗਰ ਪੂਰਨ ਗੁਰਾਂ ਨੇ ਦਸਿਆ ਕਿ ਉਹ ਵਿਆਪਕ ਭੀ ਇਸ ਤਰਾਂ ਨਹੀਂ ਕਿ ਜਿਸ ਨੂੰ ਮੂਰਤਿ (ਪਰਛਿੰਨ) **ਦੂਵਜਾ** ਦਾ ਸੰਜੋਗੀ ਆਖਿਆ ਜਾਵੇ ਅਤੇ ਇਸ ਤਰਾਂ ਦੀ ਵਿਆਪਕਤਾ ਸੂੰਨ ਵਾਦ ਨੂੰ ਹੀ ਦ੍ਰਿੜ੍ਹਾ ਜਾਵੇ । ਤੁੰਤੇ ਆਪ ਨੇ ਫੁਰਮਾਇਆ ਕਿ 'ਊਚ ਨੀਚ ਮੈ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ' ਅਰਥਾਤ ਮਾਧਉ ਦੀ ਜੋਤਿ ਊਚ ਨੀਚ ਵਿਚ ਉਨ੍ਹਾਂ ਦੇ ਘਟਾਂ ਦੀ ਜਾਨ ਰੂਪ ਹੋ ਕੇ ਸਮਾਈ ਹੋਈ ਹੈ । ਭਾਵ ਜੀਵਾਂ ਦਾ ਜੀਉ ਅਥਵਾ ਓਨ੍ਹਾਂ ਦੀ ਜਾਨ ਰੂਪ ਹੋ ਕਰਕੇ ਘਟ ਘਟ ਵਿਚ ਰਵਿਆ ਹੋਇਆ ਹੈ। ਉਹ ਇਸ ਤਰ੍ਹਾਂ ਦਾ ਵਿਆਪਕ ਹੈ। ਇਸ ਤੇ ਭੀ ਜਗਿਆਸੂ ਪੁਛਦਾ ਹੈ ਕਿ ਘਟ ਘਟ ਦੀ ਜਾਨ ਰੂਪ ਵਿਆਪਕ ਪਦਾਰਥ ਦੀ ਭੀ ਪ੍ਰਾਪਤੀ ਕਠਿਨ ਹੈ। ਉਸਦਾ ਕਿਰਪਾ ਕਰਕੇ ਉਹ ਥਾਉਂ ਦਸੋ ਜੋ ਨੇੜੇ ਹੋਵੇ। ਤਾਂ ਇਸ ਦੇ ਉੱਤ੍ਰ ਵਿਚ ਦਸਿਆ ਹੈ। "ਸਚ ਖੰਡ ਵਸੈ ਨਿਰੰਕਾਰ" ਭਾਵ ਸੱਚ ਮੰਡਲ ਵਿਚ ਆਪ ਵਸਦਾ ਹੈ, ਮਗਰ ਫੇਰ ਪ੍ਰਸ਼ਨ ਹੋਇਆ ਕਿ ਭਾਵੇਂ ਵਿਆਪਕਤਾ ਨਾਲੋਂ ਸਚ ਖੰਡ ਦਾ ਬਾਸ ਨੇੜੇ ਕਰਕੇ ਆਖਿਆ ਹੈ, ਮਗਰ ਫੇਰ ਭੀ "ਸਚ" ਦੀ ਸੂਝ ਜਗਿਆਸੂ ਨੂੰ ਪੂਰੀ ਤਰ੍ਹਾਂ ਨਾ ਹੋਣ ਕਰਕੇ ਇਸ ਤੋਂ ਭੀ ਸੌਖਾ ਥਾਉਂ ਦਸਣ ਦੀ ਕ੍ਰਿਪਾ ਕਰੋ, ਤਾਂ ਉੱਤ੍ਰ ਦੇਂਦੇ ਹਨ– "ਪਾਰਬ੍ਰਹਮੁ ਸਾਧ ਰਿਦ ਵਸੈ" ਅਰਥਾਤ ਅਕਾਲ ਪੁਰਖ ਦਾ ਅਸਥਾਨ "ਗੁਰੂ ਸਾਧ" ਦੇ ਹਿਰਦੇ ਵਿੱਚ ਹੈ, ਪ੍ਰੰਤੂ ਫੇਰ ਭੀ

Digitized by Panjab Digital Library / www.panjabdigilib.org

ਪ੍ਰਸ਼ਣ ਬਣਿਆ ਰਿਹਾ ਕਿ ਗੁਰੂ ਸਾਧ ਦੇ ਹਿਰਦੇ ਵਿਚੋਂ ਕਿਵੇਂ ਲੱਭੇ ? ਤਾਂ ਇਸ ਨੂੰ ਸੌਖਾ ਦਸਣ ਲਈ ਆਗਿਆ ਕਰਦੇ ਹਨ—"ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰਪ੍ਰਸਾਦਿ ਕਿਨੈ ਵਿਰਲੈ ਜਾਨਾ ॥" ਅਰਥਾਤ ਅਗਮ ਅਗੋਚਰ ਪੁਰਖ ਦਾ ਸਭਨਾਂ ਦੇ ਮਨ ਵਿਚ ਬਿਸ੍ਰਾਮ ਹੈ। ਮਗਰ ਜਿਸ ਤੇ ਗੁਰਾਂ ਦੀ ਕ੍ਰਿਪਾ ਹੁੰਦੀ ਹੈ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ। ਤਾਂ ਜਗਿਆਸੂ ਕ੍ਰਿਤ ਕ੍ਰਿਤ ਹੋ ਕੇ ਪੁਛਦਾ ਹੈ ਕਿ ਮਹਾਰਾਜ ਉਹ ਅਸਥਾਨ ਕੇਹਾ ਜੇਹਾ ਹੈ ? ਅਤੇ ਉਹ ਘਰ ਜਗਿਆਸੂ ਨੂੰ ਕਿਸ ਪ੍ਰਕਾਰ ਪ੍ਰਾਪਤ ਹੁੰਦਾ ਹੈ। ਤਾਂ ਉੱਤ੍ਰ ਦਿੰਦੇ ਹਨ ਕਿ ਉਹ ਸਭ ਦੇ ਘਟਿ ਵਿਚ ਗੁਪਤ ਹੋ ਕੇ ਬੀਜ ਮੰਤ੍ਰ ਦੇ ਰੂਪ ਵਿਚ ਅਜੇਹੇ ਥਾਉਂ ਵਿਚ ਰਹਿੰਦਾ ਹੈ, ਜਿਥੇ "ਅਨਹਤ ਬਾਣੀ ਥਾਨ ਨਿਰਾਲਾ ॥ ਤਾਂ ਕੀ ਧੁਨ ਮੋਹੈ ਗੋਪਾਲਾ ॥" ਅਰਥਾਤ ਉਹਦਾ ਨਿਰਾਲਮ ਥਾਉਂ ਹੈ। ਅਬਿਨਾਸ਼ੀ ਕਲਾ ਦੀ **ਅਗੋਚਰੀ** ਬਾਣੀ ਦੀ ਧੁਨੀ ਦੁਆਰਾ ਉਹ ਸਭ ਨੂੰ ਮੋਹ ਰਿਹਾ ਹੈ ਅਤੇ:—

"ਤਹਿ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥" "ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥"

ਭਾਵ—ਉਥੇ ਬੇਅੰਤ ਹੀ ਅਨੁਭਵੀ ਅਖਾੜੇ ਹਨ ਜਿਥੇ ਕਰਮ ਖੰਡ ਵਾਸੀ ਸੰਤ ਜਨ ਰਹਿੰਦੇ ਹਨ। ਉਥੇ ਬੇਹੱਦ ਖੁਸ਼ੀ ਹੈ, ਅਤੇ ਸੋਗ ਅਰ ਦੂਜਾ ਭਾਉ ਹੈ ਨਹੀਂ। ਐਸਾ ਅਸਥਾਨ ਗੁਰੂ ਜਗਿਆਸੂ ਨੂੰ ਬਖਸ਼ਦੇ ਹਨ। ਅਰਥਾਤ—

"ਸਗਲ ਸਮਗ੍ਰੀ ਏਕਸੁ ਘਟਿ ਮਾਹਿ ॥ ਅਨਿਕ ਰੰਗ

Digitized by Panjab Digital Library | www.panjabdigilib.org

ਨਾਨਾ ਦ੍ਰਿਸਟਾਹਿ ॥" "ਸੁੰਨੁ ਸਮਾਧਿ ਅਨਹਤ ਤਹਿ ਨਾਦ॥ ਕਹਿਣ ਨ ਜਾਈ ਅਚਰਜ ਬਿਸਮਾਦ ॥"

ਇਤਿਆਦਿ ਬਚਨਾਨੁਸਾਰ ਘਟਿ ਘਟਿ ਵਿਚ ਉਸਦਾ ਅਜੇਹਾ ਅਸਥਾਨ ਹੈ। ਅਤੇ ਉਹ ਅਸਥਾਨ ਅਤੇ ਉਸਦਾ ਮਾਲਿਕ "ਸੰਤ ਸੰਗ ਅੰਤਰਿ ਪ੍ਰਭੁ ਡੀਠਾ" ਦੁਆਰਾ ਜਾਣਿਆ ਜਾਂਦਾ ਹੈ ਕਿ ਉਹ ਸੰਤ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜਿਸਦਾ "ਨਾਮ ਪ੍ਰਭੂ ਕਾ ਲਾਗਾ ਮੀਠਾ ॥" ਅਨੁਸਾਰ ਨਾਮ ਦਾ ਰਸੀਆ ਹੋਣਾ ਹੈ। ਸੋ ਉਪਰੋਕਤ ਕਥਨ ਦਾ ਸਾਰ ਇਹ ਹੈ ਕਿ ਜਗਿਆਸੂ ਦੇ ਹਿਰਦੇ ਵਿਚ ਪੂਰਨ ਗੁਰੂ ਨਾਮ ਪ੍ਰਵੇਸ਼ ਕਰਕੇ ਉਸਦੀ ਦ੍ਰਿੜ੍ਹਤਾ ਦੁਆਰਾ ਅਕਾਲ ਪੁਰਖ ਅਤੇ ਉਸਦਾ ਅਗਮ ਅਗੋਚਰ ਰੂਪ, ਰੋਗ ਸੋਗ ਤੋਂ ਰਹਿਤ ਅਤੇ ਅਨੰਤ ਖੁਸ਼ੀ ਦਾ ਧਾਮ ਪ੍ਰਾਪਤ ਕਰਾ ਦੇਂਦੇ ਹਨ। ਏਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਘਟ ਘਟ ਬਾਸੀ ਪਰਮ ਜੋਤਿ ਨੂੰ ਗੁਰਾਂ ਦੁਆਰਾ ਕੋਈ ਕੋਈ ਭਾਗਾਂ ਵਾਲਾ ਹੀ ਪ੍ਰਾਪਤ ਕਰਦਾ ਹੈ ਤਾਂ ਜਦੋਂ ਗੁਰੂ ਸਮਰਥ ਭੀ ਹਨ ਅਤੇ ਜੋਤਿ ਭੀ ਸਭ ਦੇ ਅੰਦਰ ਹੈ ਤਾਂ ਸਾਰੇ ਉਸ ਨੂੰ ਕਿਉਂ ਪ੍ਰਾਪਤ ਨਹੀਂ ਕਰ ਸਕਦੇ ? ਤਾਂ ਉੱਤਰ ਇਹ ਹੈ ਕਿ ਭਾਵੇਂ ਸਭ ਨੂੰ ਪ੍ਰਾਪਤੀ ਦਾ ਅਧਿਕਾਰ ਹੈ ਅਤੇ ਸਤਿ-ਗੁਰੂ ਸਮਰਥ ਭੀ ਹਨ ਪਰ੍ਤੂ ਜੋ ਉਨ੍ਹਾਂ ਤੇ ਸ਼ਰਧਾ ਨਾ ਕਰੇ ਉਸ ਨੂੰ ਪ੍ਰਾਪਤੀ ਨਹੀਂ ਹੁੰਦੀ। ਏਸੇ ਭਾਵ ਨੂੰ ਹਜ਼ੂਰ ਨੇ

"ਸਤਿਗੁਰ ਪੁਰਖ ਦਇਆਲ ਹੈ ਜਿਸ ਨੋ ਸਮਤੁ ਸਭ ਕੋਇ॥ ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥" (ਵਾਰ ਗੂਜਰੀ ਮ: ੧)

ਇਸ ਵਾਕ ਦੁਆਰਾ ਫੁਰਮਾਇਆ ਹੈ ਕਿ ਸਤਿਗੁਰੂ ਤਾਂ

Digitized by Panjab Digital Library | www.panjabdigilib.org

ਸਭਨਾਂ ਤੇ ਇਕੋ ਜਿਹੇ ਕ੍ਰਿਪਾਲੂ ਹਨ ਮਗਰ ਉਹ ਮਨ ਦੀ ਭਾਵਨਾ ਦੁਆਰਾ ਹੀ ਸਿੱਧੀ ਦੇਂਦੇ ਹਨ। ਭਾਵ ਜੋ ਉਹਨਾਂ ਤੇ ਸ਼ਰਧਾ ਕਰਦੇ ਹਨ ਉਨ੍ਹਾਂ ਨੂੰ ਪ੍ਰਾਪਤੀ ਹੁੰਦੀ ਹੈ ਅਤੇ ਜੋ ਸ਼ਰਧਾ ਨਹੀਂ ਕਰਦੇ ਉਨ੍ਹਾਂ ਨੂੰ ਕੁਝ ਨਹੀਂ ਲਭਦਾ। ਏਸੇ ਗੱਲ ਨੂੰ ਹੋਰ ਪ੍ਰਮਾਣ ਨਾਲ ਭੀ ਪੁਸ਼ਟ ਕੀਤਾ ਹੈ:–

"ਸਤਿਗੁਰ ਧਰਤੀ ਧਰਮੁ ਤਿਸ ਵਿਚ ਜੇਹਾ ਕੋ ਬੀਜੈ ਤੇਹਾ ਫਲ ਪਾਏ ॥ ਗੁਰਸਿਖੀ ਅੰਮ੍ਰਿਤ ਬੀਜਿਆ ਤਿਨਿ ਅੰਮ੍ਰਿਤ ਫਲ ਹਰਿ ਪਾਇ ॥"

ਅਰਥਾਤ ਸਤਿਗੁਰੂ ਖੇਤ ਦੀ ਤਰਾਂ ਧਰਮ ਬੀਜਣ ਯੋਗ ਹਨ, ਉਨ੍ਹਾਂ ਵਿਚ ਜੇਹਾ ਕੋਈ ਬੀਉ ਪਾਇਗਾ ਓਸਾ ਹੀ ਫਲ ਲਵੇਗਾ। ਸੋ ਗੁਰਸਿਖਾਂ ਨੇ ਸਤਿਗੁਰਾਂ ਦੇ ਰਾਹੀਂ ਅੰਮ੍ਰਿਤ ਨਾਮ ਬੀਜਿਆ ਹੈ। ਭਾਵ ਸਰਧਾ ਕਰਕੇ 'ਗੁਰ ਦੇ ਵਿਚ ਤੁਝੈ ਧਿਆਈ" ਅਨੁਸਾਰ ਗੁਰ ਉਪਦੇਸ ਦੁਆਰਾ ਉਨ੍ਹਾਂ ਦੀ ਜੋਤਿ ਵਿਚ ਲੀਨ ਹੋ ਕੇ ਨਾਮ ਜਪਿਆ ਹੈ ਅਤੇ ਪਰਮ ਪੁਰਖ ਨੂੰ ਪ੍ਰਾਪਤ ਕੀਤਾ ਹੈ ਅਤੇ (ਵਿਅੰਗ ਦੁਆਰਾ ਇਸ ਤੋਂ ਇਹ ਜਾਣਿਆ ਗਿਆ ਕਿ) ਜਿਨ੍ਹਾਂ ਨੇ ਗੁਰਾਂ ਨੂੰ ਧਰਮ ਦੀ ਧਰਤੀ ਨਾ ਮੰਨਿਆ, ਭਾਵ, ਨਿਗੁਰੇ ਰਹੇ, ਅਥਵਾ ਸਰਧਾ ਹੀਨ ਰਹੇ, ਉਨ੍ਹਾਂ ਨੂੰ ਫਲ ਪ੍ਰਾਪਤ ਨਹੀਂ ਹੋਇਆ। ਸੋ 'ਗੁਰ ਪ੍ਰਮੇਸਰੁ ਏਕੋ ਜਾਣ ॥ ਜੋ ਤਿਸ ਭਾਵੈ ਸੋ ਪਰਵਾਣ ॥' ਅਨੁਸਾਰ ਗੁਰੂ ਵਿਚ ਪ੍ਰਮੇਸਰ ਸਮਝ ਕੇ ਸਰਧਾ ਕਰੇ। ਤਾਂ

"ਗੁਰ ਗੁਰ ਕਰਤ ਸਰਣਿ ਜੇ ਆਵੈ ॥
ਪ੍ਰਭੁ ਆਇ ਮਿਲੈ ਖਿਨ ਢੀਲ ਨਾ ਪਈਐ ॥"

(ਬਿ: ਮ: ੫ ਅਸਟਪਦੀ)

Digitized by Panjab Digital Library | www.panjabdigilib.org

ਅਰਥਾਤ ਗੁਰਾਂ ਦਾ ਸਿਮਰਨ ਕੀਤਿਆਂ ਅਕਾਲ ਪੁਰਖ ਦੀ ਪ੍ਰਾਪਤੀ ਵਿਚ ਦੇਰ ਨਹੀਂ ਹੁੰਦੀ।

ਤੱਤ ਖਾਲਸਾ ਦੇ ਮਗਰੋਂ ਅਕਸਮਾਤ ਹੀ ਇਕ ਨਾਸ-ਤਿਕ ਦਾ ਵਿਆਖ੍ਯਾਨ ਹੋਇਆ ਜਿਸਦੇ ਮੋਟੇ ਮੋਟੇ ਭਾਵ ਇਹ ਸਨ:-

(੧) ਮਨੁੱਖ ਨੂੰ ਗਿਆਨ ਲੈਣ ਲਈ ਕਿਸੇ ਦੀ ਸ਼ਰਣ ਲੈਣ ਦੀ ਲੋੜ ਨਹੀਂ। ਉਹ ਆਪਣੇ ਤਜਰਬੇ ਅਤੇ ਖੋਜ ਦੇ ਆਸਰੇ ਹੀ ਆਪਣਾ ਨਿਰਵਾਹ ਕਰ ਸਕਦਾ ਹੈ।

(੨) ਇਨਸਾਨ ਸ਼ੁਭ ਕਰਮ ਕਰੇ ਪਾਪ ਕਰਮ ਕਦਾ-ਚਿਤ ਨਾ ਕਰੇ।

(੩) ਸੱਚ ਬੋਲੇ। ਯੋਗ ਕਾਰ ਕਰੇ ਅਤੇ ਭਾਈਚਾਰਕ ਤੌਰ ਤੇ ਨੇਕ ਬਣਕੇ ਰਹੇ।

(੪) ਕਿਸੇ ਧਰਮ ਦੀ ਉੱਕੀ ਹੀ ਲੋੜ ਨਹੀਂ ਕਿਉਂਕਿ ਧਰਮ ਝਗੜਿਆਂ ਦੀ ਖਾਣ ਹੈ। ਅਜ ਤਾਈਂ ਧਰਮ ਨੇ ਕਿਸੇ ਨੂੰ ਕੁਝ ਨਹੀਂ ਦਿੱਤਾ।

(੫) ਧਰਮ ਦਾ ਸਾਧਯ ਅਦ੍ਰਿਸ਼ਟ ਪਦਾਰਥ 'ਈਸ਼੍ਵਰ' ਪਰਮ ਪੁਰਖ ਅਤੇ ਉਸਦਾ ਪਰਮ ਪਦ ਤਾਂ ਕਲਪਤ ਪਦਾਰਥ ਹਨ ਅਤੇ ਧਰਮ ਦੇ ਭੀਰੂ (ਡਰਾਕਲ) ਆਗੂਆਂ ਦੀ ਘਾੜਤ ਹਨ, ਕਿਉਂਕਿ ਜੋ ਵਸਤੂ ਅੱਖ, ਕੰਨ ਆਦਿ ਕਿਸੇ ਪ੍ਰਤੱਖ ਪ੍ਰਮਾਣ ਦੁਆਰਾ ਸਿੱਧ ਨਹੀਂ ਹੁੰਦੀ, ਉਹਨੂੰ ਮੰਨਣਾ ਨਿਰਾ ਅਗਿਆਨ ਹੈ। ਇਸ ਲਈ ਧਰਮ ਦੇ ਉਪਦੇਸ਼ਕ ਅਥਵਾ ਪ੍ਰਵਰਤਿਕ ਹਸਤੀ ਦੀ ਆਸ਼ਾ ਕਰਨੀ ਉੱਕੀ ਹੀ ਬਿਅਰਥ ਹੈ।

ਨਾਸਤਿਕ ਮਹਾਸ਼ੇ ਦਾ ਉਕਤ ਪ੍ਰਕਾਰ ਤੇ ਬੇ-ਧਰਮੀ ਦੀ

Digitized by Panjab Digital Library | www.panjabdigilib.org

ਰੌ ਚਲਾਉਣ ਵਾਲਾ ਵਿਆਖਿਆਨ ਲੋਕ ਅਤੇ ਪ੍ਰਲੋਕ ਤੋਂ ਭ੍ਰਿਸ਼ਟ ਕਰ ਦੇਣ ਵਾਲਾ ਹੋਣ ਕਰਕੇ ਤੱਤ੍ਵ ਖਾਲਸਾ ਲਈ ਇਸਦਾ ਜਵਾਬ ਦੇਣਾ ਅਤੀ ਜ਼ਰੂਰੀ ਸੀ। ਭਾਵੇਂ ਹੋਰ ਭੀ ਕਈਆਂ ਸੰਪਰਦਾਈਆਂ ਨੇ ਇਸਦਾ ਜਵਾਬ ਦੇਣਾ ਚਾਹਿਆ ਮਗਰ ਤੱਤ੍ਵ ਖਾਲਸਾ ਸੇਵਕ ਨੇ ਇਸਦਾ ਸੰਬੰਧ ਬਹੁਤਾ ਗੁਰਮਤਿ ਨਾਲ ਮੰਨ ਕੇ ਉਸਦਾ ਮੂੰਹ ਤੋੜਵਾਂ ਉੱਤ੍ਰ ਵਿਚਾਰ ਦੁਆਰਾ ਇਸ ਪ੍ਰਕਾਰ ਦਿੱਤਾ—

(੧) ਮਨੁੱਖ ਨੂੰ ਆਪਣੇ ਆਪ ਤੋਂ ਕੋਈ ਤਜਰਬਾ ਨਹੀਂ ਹੋ ਸਕਦਾ ਕਿਉਂਕਿ ਜਦੋਂ ਅਸੀਂ ਦੇਖਦੇ ਹਾਂ ਕਿ ਬੱਚਾ ਉਹ ਕੰਮ ਸਿਖਦਾ ਹੈ ਜੋ ਉਹ ਆਪਣੇ ਬ੍ਰਿਧਾਂ ਨੂੰ ਕਰਦੇ ਵੇਖਦਾ ਅਤੇ ਕਹਿੰਦੇ ਸੁਣਦਾ ਹੈ। ਦੇਖੋ ਜੇਹੜੇ ਬੱਚੇ ਗੂੰਗੇ ਹੁੰਦੇ ਹਨ, ਉਸਦਾ ਕਾਰਣ ਉਹਨਾਂ ਦਾ ਬੋਲਾ ਹੋਣਾ ਹੈ, ਅਰਥਾਤ ਜਦੋਂ ਉਹ ਬੋਲੇ ਹੋਣ ਕਰਕੇ ਆਪਣੇ ਸੰਬੰਧੀਆਂ ਦੀ ਬੋਲੀ ਭੀ ਨਹੀਂ ਸੁਣ ਸਕਦੇ, ਤਾਂ ਉਹ ਬੋਲਣ ਕਿਸ ਤਰਾਂ ? ਅਤੇ ਜਿਤਨਾ ਗਿਆਨ ਆਪਣੇ ਸੰਬੰਧੀਆਂ ਕੋਲੋਂ ਪ੍ਰਾਪਤ ਕਰਦੇ ਜਾਂਦੇ ਹਨ, ਉਸਦੇ ਅਨੁਸਾਰ ਹੀ ਆਪਣਾ ਆਚਰਣ ਬਣਾਉਂਦੇ ਜਾਂਦੇ ਹਨ ਬਲਕਿ ਖਾਸ ਖਾਸ ਵਿੱਦਿਆ ਯਾ ਕੰਮਾਂ ਨੂੰ ਉਹ ਆਪਣੇ ਉਸਤਾਦਾਂ ਕੋਲੋਂ ਬਾਰ ਬਾਰ ਪੁਛਕੇ ਬੜੀ ਮੇਹਨਤ ਨਾਲ ਸਿਖਦੇ ਹਨ। ਕਈਆਂ ਨੂੰ ਤਾਂ ਆਪਣੇ ਆਪ ਕੋਈ ਕੋਈ ਕੰਮ ਉਸਤਾਦ ਨੂੰ ਖੇਚਲ ਦੇਣ ਤੇ ਭੀ ਨਹੀਂ ਆ ਸਕਦਾ। ਇਸ ਲਈ ਸ਼ਰਤੀਆ ਤੌਰ ਤੇ ਬੱਚਾ ਆਪਣੇ ਬ੍ਰਿਧਾਂ ਦੇ ਆਸਰੇ ਗਿਆਨ ਪ੍ਰਾਪਤ ਕਰਦਾ ਹੈ। ਬੜੀ ਉਮਰ ਵਿਚ ਭੀ ਹਰੇਕ ਆਦਮੀ ਆਪਣੇ ਤੋਂ ਵਡਿਆਂ ਦੇ ਤਜਰਬੇ ਤੋਂ ਹੀ ਲਾਭ ਉਠਾਉਂਦਾ ਹੈ।

Digitized by Panjab Digital Library | www.panjabdigilib.org

ਜੋ ਕੋਈ ਨਵੀਂ ਕਾਢ ਕਿਸੇ ਆਦਮੀ ਦੇ ਸਿਰ ਲਗ ਜਾਂਦੀ ਹੈ ਉਹ ਭੀ ਪਹਿਲੇ ਕਾਢੂਆਂ ਦੀਆਂ ਕਾਢਾਂ ਦਾ ਹੀ ਫਲ ਹੁੰਦਾ ਹੈ। ਇਸ ਲਈ ਹਰ ਕੰਮ ਸਿਖਣ ਲਈ ਹਰੇਕ ਆਦਮੀ ਨੂੰ ਉਸਤਾਦ ਦੀ ਲੋੜ ਹੈ।

ਨਾਸਤਿਕ ਸ਼ੰਕਾ—ਆਦਮੀ ਦੇ ਦਿਮਾਗ ਵਿਚ ਯੋਗਤਾ (ਲਿਆਕਤ) ਅਤੇ ਗਿਆਤਤਾ (ਵਾਕਫੀਅਤ) ਦੋ ਗਿਆਨ ਸ਼ਕਤੀਆਂ ਮੁਖ ਹੁੰਦੀਆਂ ਹਨ। ਯੋਗਤਾ ਕੁਦਰਤੀ ਹੁੰਦੀ ਹੈ। ਉਹ ਕਿਸੇ ਸਿਖਛਕ ਤੋਂ ਪ੍ਰਾਪਤੀ ਨਹੀਂ ਹੁੰਦੀ ਅਤੇ ਗਿਆਤਤਾ ਸੰਸਾਰੀ ਪਦਾਰਥਾਂ ਦੇ ਸੰਬੰਧ ਤੋਂ ਪੈਦਾ ਹੁੰਦੀ ਰਹਿੰਦੀ ਹੈ। ਜਿਸ ੨ ਪਦਾਰਥ ਵਿਚ ਜੋ ਸੁਭਾਵਕ ਗੁਣ ਹਨ ਉਹਨਾਂ ਦਾ ਗਿਆਨ ਸੁਤੇ ਹੁੰਦਾ ਜਾਂਦਾ ਹੈ। ਉਸੇ ਨੂੰ ਵਾਕਫੀਅਤ ਕਹਿੰਦੇ ਹਨ। ਉਸ ਦੇ ਪ੍ਰਾਪਤ ਕਰਨ ਲਈ ਤਾਂ ਆਪਣੀ ਮੇਹਨਤ ਦੀ ਲੋੜ ਹੈ। ਕਿਉਂਕਿ ਸਾਰੀ ਦੁਨੀਆਂ ਦੇ ਆਦਮੀਆਂ ਨਾਲੋਂ ਤਾਂ ਕੋਈ ਕਿਸੇ ਕੰਮ ਦਾ ਬਾਹਲਾ ਵਾਕਫ ਹੈ ਹੀ ਨਹੀਂ, ਜਿਸ ਨੂੰ ਗੁਰੂ ਬਣਾਇਆ ਜਾਵੇ।

ਦੂਜੇ ਜਿਸ ਜੀਵ ਨੂੰ ਜੋ ਜੋ ਕੁਦਰਤੀ ਲੋੜਾਂ ਹੁੰਦੀਆਂ ਹਨ, ਉਹਨਾਂ ਦੇ ਗਿਆਨ ਦੀ ਯੋਗਤਾ ਕੁਦਰਤ ਨੇ ਉਨ੍ਹਾਂ ਨੂੰ ਆਪ ਹੀ ਦਿੱਤੀ ਹੋਈ ਹੈ। ਦੇਖੋ ਬਈਏ ਨੂੰ ਅਤਿ ਸੁੰਦਰ ਘਰ ਬਨਾਉਣ ਅਤੇ ਸ਼ਹਿਤ ਦੀ ਮਖੀ ਨੂੰ ਸ਼ਹਿਤ ਕਮਾਉਣ ਦੀ ਵਿਦਿਆ ਕਿਸੇ ਗੁਰੂ ਕੋਲੋਂ ਪ੍ਰਾਪਤ ਨਹੀਂ ਹੋਈ। ਕਿੰਤੂ ਇਹ ਸਭ ਕੁਝ ਉਨ੍ਹਾਂ ਦੀ ਪ੍ਰਕ੍ਰਿਤੀ ਵਿਚ ਹੀ ਹੈ। ਅਤੇ ਵਾਕਫੀਅਤ ਤਾਂ ਅਭਿਆਸ ਦਾ ਹੀ ਫਲ ਹੈ। ਉਸ ਦੇ ਸਿੱਖਣ ਲਈ ਕਿਸੇ ਨੂੰ ਗੁਰੂ ਧਾਰਨ ਕਰਨਾ ਬਿਲ-

Digitized by Panjab Digital Library | www.panjabdigilib.org

ਕੁਲ ਬਿਅਰਥ ਹੈ।

ਤ: ਖਾ:—ਜਾਨਵਰਾਂ ਦੀ ਕੁਦਰਤੀ ਯੋਗਤਾ ਨਾਲੋਂ ਇਨਸਾਨੀ ਦਿਮਾਗ ਦੀ ਯੋਗਤਾ ਬਿਲਕੁਲ ਵਿਲੱਛਣ ਹੈ। ਅਰਥਾਤ ਹੋਰ ਜੋਨੀਆਂ ਨੂੰ ਤਾਂ ਕੇਵਲ ਆਪਣੀ ਜੋਨੀ ਦੇ ਨਿਰਵਾਹ ਕਰਨ ਦੀ ਯੋਗਤਾ ਕੁਦਰਤੀ ਹੈ ਮਗਰ ਮਨੁਖ ਦੀ ਕੁਦਰਤ ਵਿਚ ਅਪ੍ਰਾਕ੍ਰਿਤਕ (ਸੁਭਾਵਿਕ) ਯੋਗਤਾ ਭੀ ਹੈ, ਜਿਸ ਨਾਲ ਉਹ ਦੂਜੇ ਜੀਵਾਂ ਦੀ ਪ੍ਰਕ੍ਰਿਤੀਆਂ ਤੇ ਭੀ ਅਧਿਕਾਰ ਜਮਾ ਸਕਦਾ ਹੈ। ਅਤੇ ਉਨ੍ਹਾਂ ਦਾ ਨਿਰਵਾਹ ਭੀ ਕਰ ਸਕਦਾ ਹੈ। ਦੂਜੀ ਕੋਈ ਜਾਤੀ ਐਸੀ ਨਹੀਂ। ਜੇ ਮਨੁਖ ਜਾਤੀ ਦੀ ਯੋਗਤਾ ਨੂੰ ਹੋਰਨਾਂ ਜੀਵਾਂ ਦੀ ਯੋਗਤਾ ਦੇ ਤੁੱਲ ਹੀ (ਖਾਣ ਪੀਣ ਆਦਿ ਪੇਟ ਪਾਲਣ ਜੋਗੀ) ਮੰਨਿਆ ਜਾਵੇ ਤਾਂ ਉਸ ਵਿਚ ਹੋਰਨਾਂ ਨਾਲੋਂ ਕੀ ਫਰਕ ਹੋਵੇਗਾ? ਇਸ ਲਈ ਅਪ੍ਰਾਕ੍ਰਿਤਕ ਯੋਗਤਾ ਬਿਨਾਂ ਸਿਖਕ ਦੇ ਕਦੇ ਭੀ ਮਨੁਖ ਨੂੰ ਨਹੀਂ ਆ ਸਕਦੀ। ਕਲਪਣਾ ਕਰੋ। ਕਿਸੇ ਆਦਮੀ ਨੇ ਦੁਕਾਨ ਪਾਉਣੀ ਹੋਵੇ ਤਾਂ ਜੇ ਉਹ ਕਿਸੇ ਕੋਲੋਂ ਬਿਉਪਾਰ ਕਰਨ ਨਾ ਸਿਖੇ ਤਾਂ 'ਕੁਦਰਤੀ ਯੋਗਤਾ' ਦੇ ਹੁੰਦਿਆਂ ਭੀ ਕਾਮਯਾਬ ਨਹੀਂ ਹੋ ਸਕੇਗਾ। ਇਸ ਲਈ ਉਸ ਨੂੰ ਲਾਭ ਉਠਾਉਣ ਲਈ ਜ਼ਰੂਰ ਹੀ ਕੋਈ ਸਿਖਕ ਤੋਂ ਵਿਦਿਆ ਲੈਣੀ ਪਵੇਗੀ। ਹੋਰ ਦੇਖੋ ਕਿਸੇ ਨੇ ਇਹ ਸੁਣਿਆ ਹੋਵੇ ਕਿ 'ਪਾਰਾ' ਦੇਹ ਨੂੰ ਦਿਵਯ ਬਣਾ ਦਿੰਦਾ ਹੈ ਤਾਂ ਉਹ ਬਿਨਾਂ ਹਕੀਮ ਦੇ ਪੁੱਛਿਆਂ ਕੁਦਰਤੀ ਯੋਗਤਾ ਦੇ ਸਹਾਰੇ ਆਪ ਹੀ ਪਾਰੇ ਨੂੰ ਖਾ ਕੇ ਮਰਨ ਦਾ "ਤਜਰਬਾ" ਹੀ ਕਰੇਗਾ ਨਾ। ਤਾਂਤੇ ਇਨਸਾਨੀ ਯੋਗਤਾ ਹਾਸਿਲ ਕਰਨ

Digitized by Panjab Digital Library | www.panjabdigilib.org

ਲਈ ਅਵੱਸ਼ ਹੀ ਗੁਰੂ ਧਾਰਨ ਕਰਨਾ ਯੋਗ ਹੈ । ਵਾਕ-ਫੀਅਤ ਭੀ ਬਹੁਤ ਕਰਕੇ ਯੋਗਤਾ ਦਾ ਨਤੀਜਾ ਹੋਇਆ ਕਰਦੀ ਹੈ । ਜੇ ਯੋਗਤਾ ਤੋਂ ਵਾਕਫੀਅਤ ਦਾ ਹੋਣਾ ਨ ਮੰਨੀਏ ਤਾਂ ਪਸ਼ੂ ਦੀ ਖੁਰਲੀ ਵਿਚ ਪਈ ਹੋਈ ਸੋਨੇ ਦੀ ਡਲੀ ਨੂੰ ਪਸ਼ੂ ਬਾਰ ੨ ਦੇਖਦਾ ਹੋਇਆ ਭੀ ਕੁਝ ਵਾਕ-ਫੀਅਤ ਹਾਸਿਲ ਨਹੀਂ ਕਰਿ ਸਕਦਾ । ਅਤੇ ਮਨੁਖ ਭੀ ਜਿਨ੍ਹਾਂ ੨ ਚੀਜ਼ਾਂ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਯੋਗਤਾ ਰਖਦਾ ਹੈ, ਉਤਨੀ ਵਾਕਫੀਅਤ ਭੀ ਸਹੀ ਹੁੰਦੀ ਹੈ । ਬਿਨਾਂ ਵਿਦਿਆ ਯਾ ਖਾਸ ਗਿਆਨ ਨਾਲੋਂ ਵਧ ਕੀਮਤ ਨਹੀਂ ਰਖਦੀ । ਕਲਪ ਲਓ ਕਿ ਇਕ ਆਦਮੀ ਨੂੰ ਕੇਵਲ ਇਤਨਾ ਹੀ ਪਤਾ ਹੈ ਕਿ ਏਸ ਪੁਸਤਕ ਨੂੰ 'ਵਿਆਕਰਣ' ਆਖਦੇ ਹਨ ਤਾਂ ਉਸਦੀ ਇਹ ਵਾਕਫੀਅਤ ਬਾਰ ਬਾਰ ਅਭਿਆਸ ਕਰਨ ਤੇ ਭੀ ਕੇਵਲ "ਕਾਗਜ਼ਾਂ ਪਰ ਸਿਆਹੀ ਲਗੀ ਹੋਈ" ਤੋਂ ਵਧਕੇ ਨਹੀਂ ਕਹੀ ਜਾ ਸਕਦੀ। ਦੂਜਾ ਸਜਣ 'ਵਿਆਕਰਣ' ਦਾ ਵਿਦ੍ਵਾਨ ਹੈ। ਜੋ ਵਾਕਫੀਅਤ ਵਿਆਕਰਣ ਅਵਿਸ਼ਕ ਉਸਦੀ ਹੈ ਉਹ ਕਿਸੇ ਯੋਗ ਵਿਦ੍ਵਾਨ ਤੋਂ ਪ੍ਰਾਪਤ ਹੋਈ ਯੋਗਤਾ ਰੂਪ ਹੋਣ ਕਰਕੇ 'ਯੋਗ ਵਾਕਫੀਅਤ' ਹੈ। ਜੇ ਕੋਈ ਕਹੇ ਕਿ ਕਈ ਪਦਾਰਥਾਂ ਦੀ ਵਾਕਫੀਅਤ ਕਿਸੇ ਉਸਤਾਦ ਤੋਂ ਸਿਖੇ ਬਿਨਾਂ ਹੀ ਦੂਜਿਆਂ ਦੇ ਬਿਉਹਾਰ ਨੂੰ ਦੇਖਕੇ ਭੀ ਆ ਜਾਂਦੀ ਹੈ ਤਾਂ ਇਹ ਠੀਕ ਹੈ। ਮਗਰ ਕਿਸੇ ਦੂਏ ਦੇ ਦਸੇ ਅਥਵਾ ਸੁਣੇ ਤੋਂ ਹੀ ਹੋਣ ਕਰਕੇ ਆਪਣੇ ਆਪ ਗਿਆਨ ਪ੍ਰਾਪਤੀ ਦਾ ਨਿਯਮ ਖੰਡਿਤ ਹੋ ਜਾਂਦਾ ਹੈ। ਹੋਰ ਦੇਖੋ:—ਇਕ ਜਨਮ ਦਾ ਅੰਨ੍ਹਾ ਹੈ, ਉਹ ਆਪਣੇ ਆਪ ਰੂਪ ਰੰਗ ਵਾ ਚੀਜ਼ਾਂ ਦੀ ਪਰਖ ਕਰਨਾ

Digitized by Panjab Digital Library | www.panjabdigilib.org

ਚਾਹੁੰਦਾ ਹੈ, ਤਾਂ ਉਹ ਕੇਹੜੇ ਤਜਰਬੇ ਤੋਂ ਕੰਮ ਲਏਗਾ ? ਬੋਲਾ ਹੈ, ਬੋਲਣ ਕਿਵੇਂ ਸਿੱਖੇਗਾ ? ਪਿੰਗਲਾ ਹੈ—ਪਹਾੜੀ ਰਸਤਾ ਕਿਵੇਂ ਤਹਿ ਕਰੇਗਾ ? ਫੇਰ ਜੇ ਕੋਈ ਅਦ੍ਰਿਸ਼ਟ ਫਲ ਦੀ ਇੱਛਾ ਕਰਦਾ ਹੋਵੇ ਤਾਂ ਉਹ ਮਨੁੱਖ ਹੀ ਉਸਦੇ ਕਰਨ ਵਿੱਚ ਪ੍ਰਵਿਰਤ ਹੋ ਸਕਦਾ ਹੈ, ਜਿਸ ਨੂੰ ਕਿਸੇ ਉੱਚੀ ਹਸਤੀ ਤੇ ਵਿਸ਼੍ਵਾਸ ਹੋਵੇ। ਯਾ ਕਿਸੇ ਪਰ ਵਿਸ਼੍ਵਾਸ ਰਖ ਕੇ ਅੱਗੇ ਕੋਈ ਅਜੇਹਾ ਕਰਮ ਕੀਤਾ ਹੋਵੇ। ਕੇਵਲ ਆਪਣੇ ਹੀ ਤਜਰਬੇ ਉਤੇ ਬੈਠਣ ਵਾਲਾ ਕੋਈ ਭੀ ਕਾਰਯ ਆਰੰਭ ਨਹੀਂ ਕਰ ਸਕਦਾ। ਜੇ ਕਹੋ ਕਿ ਅਦ੍ਰਿਸ਼ਟ ਕੰਮ ਅਸੀਂ ਨਹੀਂ ਮੰਨਦੇ, ਸੰਸਾਰੀ ਕੰਮ ਸਾਰੇ ਦੇ ਸਾਰੇ ਪ੍ਰਤੱਖ (ਦ੍ਰਿਸ਼ਟ) ਹੋਣ ਕਰਕੇ ਉਹਨਾਂ ਦੀ ਫਲ ਮੁਖਤਾ ਪਰ ਵਿਸ਼੍ਵਾਸ ਹੈ, ਇਸ ਲਈ ਉਨ੍ਹਾਂ ਦਾ ਆਰੰਭ ਆਪਣੇ ਆਪ ਤੋਂ ਹੋ ਸਕਦਾ ਹੈ। ਤਾਂ ਉੱਤ੍ਰ ਇਹ ਹੈ ਕਿ ਕਾਰਯ ਦਾ ਫਲ ਤੋਂ ਨਾਲ ਲਗਦੇ ਪਹਿਲੇ ਛਿਣ ਵਿਚ ਜੋ ਸ਼ਰਤੀਆ ਤੌਰ ਤੇ ਫਲ ਤੋਂ ਨਾਲ ਰਹਿਣ ਵਾਲਾ ਪਦਾਰਥ ਹੈ, ਉਸ ਫਲ ਦਾ ਕਾਰਯ ਦਾ ਬੀਜ ਅਥਵਾ ਕਾਰਣ ਕਹਾਉਂਦਾ ਹੈ ਅਤੇ ਕਾਰਣ ਤੋਂ ਅਖੰਡਾਕਾਰ 'ਨਾਲ ਲਗਦੇ ਸਮੇਂ' ਵਿਚ ਜੋ ਉਸੇ ਦਾ ਰੂਪਾਂਤਰ ਹੋਵੇ ਉਹ ਕਾਰਣ ਅਥਵਾ ਫਲ ਹੈ। ਉਹ ਭਾਵੇਂ ਕਿਤਨੇ ਚਿਰ ਪਿੱਛੋਂ ਹੋਵੇ ਅਰਥਾਤ ਜਦੋਂ ਮਿੱਟੀ ਤੋਂ ਘੁਮਾਰ ਘੜਾ ਬਣਾਉਣਾ ਚਾਹੁੰਦਾ ਹੈ ਤਾਂ ਭਾਵੇਂ ਕਈਆਂ ਦਿਨਾਂ ਵਿਚ ਬਣਾਉਂਦਾ ਹੈ, ਮਗਰ ਗੁੰਨ੍ਹਣ ਤੋਂ ਲੈ ਕੇ ਘੜਾ ਬਣਾਵਣ ਤਕ ਲਗਾਤਾਰ ਸਮੇਂ ਵਿਚ ਸ਼ਰਤੀਆ ਤੌਰ ਤੇ ਘੜੇ ਦੇ ਰੂਪ ਵਿਚ ਬਦਲਨ ਵਾਲੀ ਮਿਟੀ ਉਸਦਾ ਉਪਾਦਾਨ ਕਾਰਨ ਕਹੀ ਜਾਵੇਗੀ ਅਤੇ ਉਸਦੀ ਬਣਾਉਟ ਕਰਨ ਵਾਲੇ ਅਤੇ ਸੁਰਤੀਆਂ

Digitized by Panjab Digital Library | www.panjabdigilib.org

ਸਹਾਇਕ ਪਦਾਰਥ (ਘੁਮਾਰ, ਡੰਡਾ ਅਤੇ ਚੱਕ) ਉਸਦੇ ਨਿਮਿਤ ਕਾਰਣ ਕਹਾਉਣਗੇ। ਸੋ ਭਾਵੇਂ ਘੜਾ ਬਣਨ ਦੀ ਸਾਰੀ ਕ੍ਰਿਆ ਅਸੀਂ ਅੱਖਾਂ ਸੌਂਹੇਂ ਹੁੰਦੀ ਦੇਖਦੇ ਹਾਂ ਪ੍ਰੰਤੂ ਜਦੋਂ ਮਿੱਟੀ ਕਮਾਈ ਜਾਣ ਲਗੀ ਸੀ ਓਦੋਂ ਘੜਾ ਬਣਨ ਦਾ ਪ੍ਰਤੱਖ ਗਿਆਨ ਤਾਂ ਨਹੀਂ ਸੀ। ਕਿੰਤੂ ਵਿਸ਼੍ਵਾਸ ਰੂਪ ਅਨੁਮਿਤੀ (ਕਿਆਸ) ਗਿਆਨ ਸੀ। ਏਸੇ ਤਰਾਂ ਛੇ ਮਹੀਨੇ ਪਹਿਲਾਂ ਬੀਉ ਬੀਜਣ ਤੋਂ ਖੇਤੀ ਦਾ ਫਲ ਪ੍ਰਾਪਤ ਹੋਣ ਦਾ ਗਿਆਨ ਪ੍ਰਤੱਛ ਤਾਂ ਨਹੀਂ ਹੁੰਦਾ, ਕਿੰਤੂ ਭਰੋਸਾ ਹੀ ਹੈ। ਜੋ ਭੀ ਸੰਸਾਰੀ ਬਿਹੁਹਾਰ ਕੀਤੇ ਜਾਂਦੇ ਹਨ ਓਹਨਾਂ ਦਾ ਫਲ ਪਹਿਲਾਂ ਕਦੇ ਭੀ ਪ੍ਰਤੱਛ ਨਹੀਂ ਹੁੰਦਾ। ਜੇ ਲੰਬੀ ਵਿਚਾਰ ਕਰੀਏ ਤਾਂ ਸਾਧਨਾਂ ਵਿਚ ਪ੍ਰਵਿਰਤੀ ਭੀ ਕਿਸੇ ਤਜਰਬੇਕਾਰ ਉਪਰ ਵਿਸ਼੍ਵਾਸ ਕੀਤੇ ਬਿਨਾਂ ਨਹੀਂ ਹੋ ਸਕਦੀ। ਤਾਂਤੇ 'ਦ੍ਰਿਸ਼ਟ ਪਦਾਰਥ ਵਾਦੀ, ਨੂੰ ਤਾਂ ਸਗੋਂ ਕਿਸੇ ਆਪਤ (ਸੱਚੇ) ਪੁਰਖ ਤੇ ਵਧੇਰੇ ਵਿਸ਼੍ਵਾਸ ਕਰਨਾ ਚਾਹੀਦਾ ਹੈ ਕਿਉਂਕਿ 'ਅਦ੍ਰਿਸ਼ਟ ਵਾਦੀ' ਤਾਂ ਅਗਲੇ ਲੋਕ ਤੇ ਭਰੋਸਾ ਕਰਕੇ ਸਾਧਨ ਕਰਨ ਲਗ ਜਾਵੇਗਾ, ਪਰ 'ਪ੍ਰਤਛਵਾਦੀ' ਨੂੰ ਕਿਸੇ ਤੇ ਭਰੋਸਾ ਕੀਤੇ ਬਿਨਾਂ ਇਕ ਪੈਰ ਭੀ ਪੁਟਣਾ ਨਹੀਂ ਮਿਲੇਗਾ। ਉਸਦਾ ਖਾਣਾ ਪੀਣਾ ਭੀ ਸ਼ੱਕ ਵਿਚ ਹੋਵੇਗਾ। ਜੇ ਇਉਂ ਨਾਂ ਮੰਨੀਏ ਤਾਂ ਖੂਹ ਵਿੱਚ ਡਿਗ ਮਰਨ ਤੋਂ ਬਿਨਾਂ ਕਿਸੇ ਨੂੰ ਭੀ ਖੂਹ ਵਿਚ ਪੈਣੋਂ ਹਟਣਾ ਨਹੀਂ ਚਾਹੀਦਾ। ਇਸ ਤੋਂ ਸਾਫ ਸਿੱਧ ਹੈ ਕਿ ਆਦਮੀ ਦਾ ਤਜਰਬਾ ਬਿਲਕੁਲ ਤੁਛ ਵਸਤੂ ਹੈ। ਹਰੇਕ ਪ੍ਰਾਣੀ ਹਰ ਕੰਮ ਕਰਨ ਲਈ ਕਿਸੇ ਨਾ ਕਿਸੇ ਸਿਆਣੇ ਕੋਲੋਂ ਸਿਖਿਆ ਦਾ ਮੁਥਾਜ ਹੈ।

Digitized by Panjab Digital Library | www.panjabdigilib.org

ਨਾਸਤਿਕ--

ਗਿਆਨ ਤਾਂ ਸਾਰੀ ਦੁਨੀਆਂ ਦੀ ਸਾਂਝੀ ਸੰਪਤੀ ਹੈ। ਅਰਥਾਤ ਇਕ ਦੂਜੇ ਦੇ ਤਜਰਬੇ ਅਤੇ ਉਪਦੇਸ਼ ਤੋਂ ਹਰੇਕ ਆਦਮੀ ਲਾਭ ਉਠਾ ਸਕਦਾ ਹੈ। ਸਾਡਾ ਮਤਲਬ ਇਹ ਹੈ ਕਿ ਆਦਮੀ ਨੂੰ ਪਰਲੋਕ ਦੀਆਂ ਕਲਪਤ ਗਲਾਂ ਤੇ ਕਿਸੇ ਵਹਿਮੀ ਕੋਲੋਂ ਕਪੋਲ ਕਲਪਣਾਂ ਦਾ ਗਿਆਨ ਲੈਣ ਦੀ ਲੋੜ ਨਹੀਂ। ਬਲਕਿ ਪਰਸਪਰ ਦੇ ਤਜਰਬੇ ਤੋਂ ਜੋ ਭੀ ਗਿਆਨ ਪ੍ਰਾਪਤ ਹੋਵੇ ਉਸ ਦੁਆਰਾ ਸ਼ੁਭ ਕਰਮ ਕਰਨੇ ਅਤੇ ਅਸ਼ੁਭ ਕਰਮਾਂ ਦਾ ਤਿਆਗ ਕਰਨਾ ਇਹੋ ਇਕ ਸੁਖ ਦਾ ਮਾਰਗ ਹੈ।

ਤ: ਖਾ:--ਕਿਸੇ ਜਗਾ ਕੋਈ ਕੰਮ ਪੁੰਨ ਸਮਝਿਆ ਜਾਂਦਾ ਹੈ, ਕਿਸੇ ਜਗਾ ਓਹੀ ਪਾਪ ਸਮਝਿਆ ਜਾਂਦਾ ਹੈ। ਜੈਸੇ 'ਗਊ-ਬੱਧ' ਕਰਨਾ ਮੁਸਲਮਾਨਾਂ ਦੇ ਮੱਤ ਵਿਚ ਧਰਮ ਸਮਝਿਆ ਜਾਂਦਾ ਹੈ, ਮਗਰ ਹਿੰਦੂ ਮਤ ਵਿਚ ਮਹਾਂ ਪਾਪ ਮੰਨਿਆ ਜਾਂਦਾ ਹੈ। ਤਾਂ ਦਸੋ ਉਸ ਨੂੰ ਜਗਿਆਸੂ ਕਰੇ ਜਾਂ ਛਡੇ? ਏਸੇ ਤਰਾਂ ਸੈਂਕੜੇ ਹੀ ਹੋਰ ਕੰਮ ਦਸੇ ਜਾ ਸਕਦੇ ਹਨ, ਜਿਨਾਂ ਦੇ ਪਾਪ ਪੁੰਨ ਹੋਣ ਦਾ ਕੋਈ ਥੌਹ ਪਤਾ ਨਹੀਂ ਲਗਦਾ। ਜੇ ਕਹੋ ਕਿ ਜੋ ਕਰਮ ਇਨਸਾਨ ਦੇ ਉਦੇਸ਼ ਤੋਂ ਉਲਟ ਲੈ ਜਾਵੇ, ਯਾ ਵਿਘਨ ਕਾਰੀ ਹੋਵੇ ਉਸ ਨੂੰ 'ਪਾਪ' ਅਤੇ ਸਹਾਇਕ ਨੂੰ 'ਪੁੰਨ' ਮੰਨਣਾ ਚਾਹੀਏ। ਤਾਂ ਇਸ ਤੇ ਭੀ ਪ੍ਰਸ਼ਨ ਹੁੰਦਾ ਹੈ ਕਿ ਇਨਸਾਨ ਅਤੇ ਉਸ ਦੇ ਉਦੇਸ਼ ਦਾ ਕੀ ਲੱਛਣ ਹੈ? ਕਿਉਂਕਿ ਪੁੰਨ ਪਾਪ ਦੀ ਤਰਾਂ 'ਉਦੇਸ਼' ਦਾ ਲੱਛਣ ਵੀ ਹਰ ਇਕ ਦਾ ਅੱਡੋ ਅੱਡੀ ਹੈ। ਤਾਂਤੇ ਸ਼ੁਭ ਅਥਵਾ ਅਸ਼ੁਭ ਕਰਮ

Digitized by Panjab Digital Library | www.panjabdigilib.org

ਦੀ ਵਿਚਾਰ ਅੰਧਾ ਧੁੰਦ ਮੰਨੀ ਜਾਣੀ ਬੇ ਸਮਝੀ ਹੈ।

ਫੇਰ ਹੋਰ ਵੇਖੋ, ਸਾਧਕ ਪੁਰਸ਼ ਕਿਉਂ ਸ਼ੁਭ ਕਰਮ ਕਰੇ? ਅਤੇ ਕਿਉਂ ਅਸ਼ੁਭ ਛਡੇ? ਅਰਥਾਤ ਜਿਸ ਨੇ ਦ੍ਰਿਸ਼ਟ ਫਲ ਤੇ ਨਿਸਚਾ ਕਰਨਾ ਹੈ, ਉਸ ਨੂੰ ਛੇ ਮਹੀਨੇ ਦੁਖ ਕਟਣ ਦੀ ਕੀ ਲੋੜ ਹੈ? ਅਤੇ ਜਿਸ ਦਾ ਪਰਲੋਕ ਤੇ ਨਿਸਚਾ ਨਹੀਂ ਉਹ ਤਤ ਕਾਲਕ ਸੁਖਦਾਈ ਪਾਪ ਕਰਮ ਤੋਂ ਕਿਉਂ ਡਰੇਗਾ? ਅਜੇਹਾ ਪ੍ਰਤੱਛ ਵਾਦੀ ਤਾਂ ਆਪਣੇ ਪੈਰਾਂ ਵਿਚ ਹੀ ਦੇਖੇਗਾ। ਅਤੇ ਛਿਨ ਵਿਚ ਹੋ ਜਾਣ ਵਾਲੇ ਸੁਖ ਨੂੰ ਹੀ ਭੋਗੇਗਾ ਉਸ ਨੂੰ ਦੂਜਾ ਦਿਨ ਕਦੋਂ ਆਇਆ? ਇਸ ਲਈ ਉਹ ਆਪਣੀ ਹੀ ਮੰਨੀ ਹੋਈ ਯੋਗਤਾ ਨਾਲ ਪੁੰਨ ਪਾਪ ਦੀ ਪਰਖ ਕਰੇਗਾ। ਅਤੇ ਉਸ ਦੇ ਅਨੁਸਾਰ ਹੀ ਕਰਮ ਕਰੇਗਾ ਜੋ ਠੀਕ ਨਹੀਂ।

ਨਾਸਤਿਕ—

ਆਦਮੀ ਨੂੰ ਚਾਹੀਦਾ ਹੈ ਕਿ ਨੇਕੀ ਦਾ ਵਰਤਾਰ ਰਖੇ, ਆਪਣੀ ਕਿਰਤ ਕਮਾਈ ਕਰ ਕੇ ਖਾਵੇ ਅਤੇ ਸਚ ਬੋਲੇ। ਇਹ ਸਭ ਤੋਂ ਸ਼ੁਭ ਕਰਮ ਹੈ।

ਤ: ਖਾ:—ਉਪਰ ਕਰੀ ਵਿਚਾਰ ਮੂਜਬ 'ਨੇਕ ਵਰਤਾਓ' ਦੀ ਭੀ ਕੀ ਸੂਝ ਹੈ? ਅਤੇ ਕਰੇ ਭੀ ਕਿਉਂ? ਜਦੋਂ ਉਸ ਨੂੰ ਅਗਾਹਾਂ ਦਾ ਡਰ ਭਉ ਨਹੀਂ ਤਾਂ ਆਪਣੀ ਕਰਕੇ ਖਾਣ ਦੇ ਥਾਂ ਦੂਜੇ ਦੀ ਕੀਤੀ ਕਿਉਂ ਨਾ ਖਾਵੇ? ਅਰਥਾਤ ਜੇ ਉਸ ਨੂੰ ਬੈਠੇ ਬਠਾਏ ਨੂੰ ਕੁਝ ਮਿਲ ਜਾਵੇ ਯਾ ਚੋਰੀ ਧਾੜੇ ਨਾਲ ਕਿਸੇ ਦਾ ਮਾਲ ਮਿਲ ਜਾਵੇ ਤਾਂ ਉਹ ਕਾਰ ਕਿਉਂ ਕਰੇ? ਫੇਰ ਜਦ ਤਕ ਇਹ ਪਤਾ ਨਹੀਂ ਕਿ ਸਚ ਕੀ ਹੈ? ਅਥਵਾ ਸਚ ਦੀ ਕਸਵੱਟੀ ਕੀ ਹੈ? ਓਦੋਂ ਤਕ ਕੀ ਸਚ ਬੋਲੇਗਾ? ਹੋਰ ਭੀ ਹੈ 'ਸਚ ਬੋਲਣ'

Digitized by Panjab Digital Library | www.panjabdigilib.org

ਆਦਿ ਕਈ ਕੁ ਧਰਮਾਂ ਨੂੰ ਭਾਵੇਂ ਆਮ ਤੌਰ ਤੇ ਸਭ ਲੋਕ ਸਧਾ-ਰਣ (ਸਾਂਝਾ) ਧਰਮ ਆਖ ਦਿੰਦੇ ਹਨ। ਮਗਰ ਜਦੋਂ ਉਸ ਦਾ ਸਰੂਪ ਪੁਛਿਆ ਜਾਵੇ ਤਾਂ ਹਰੇਕ ਦਾ ਸੱਚ ਅੱਡੋ-ਅਡੀ ਬਣ ਜਾਂਦਾ ਹੈ। (੧) ਕੋਈ ਕਹਿੰਦਾ ਹੈ ਕਿ ਸੱਚ ਤਾਂ ਸੂਨ੍ਹ ਹੈ। ਮਗਰ ਇਹ ਸੰਸਾਰ ਅਸਮਾਨ ਦੇ ਨੀਲੇ ਦਿਸਣ ਵਾਂਗ ਐਵੇਂ ਹੀ ਭਾਸਦਾ ਹੈ। (੨) ਕੋਈ ਕਹਿੰਦਾ ਹੈ ਬੁਧੀ ਰੂਪ ਆਤਮਾਂ ਦਾ ਪਸਾਰਾ ਹੀ ਜਗਤ ਹੈ। (੩) ਕੋਈ ਕਹਿੰਦਾ ਹੈ ਕਿ ਆਤਮਾਂ ਨੂੰ ਪ੍ਰਕ੍ਰਿਤੀ ਤੋਂ ਅਸੰਗ ਜਾਨਣ ਦਾ ਨਿਸਚਾ ਹੀ ਸੱਚ ਹੈ। (੪) ਕੋਈ ਕਹਿੰਦਾ ਹੈ ਜਗਤ ਅਨਿੱਤ ਹੈ ਮਗਰ ਸੱਚੀਂ ਮਿੱਚੀਂ ਕਰਤਾ ਨੇ ਬਣਾਇਆ ਹੈ। ਉਸ ਦਾ ਤਤ੍ਵ ਗਿਆਨ ਪਦਾਰਥਾਂ ਦੇ ਬਿਬੇਕ ਤੋਂ ਹੋ ਜਾਂਦਾ ਹੈ। (੫) ਕੋਈ ਕਹਿੰਦਾ ਹੈ ਸ਼ੁਭ ਕਰਮ ਕਰਨੇ ਹੀ ਸੱਚ ਹੈ। (੬) ਕੋਈ ਕਹਿੰਦਾ ਹੈ ਕਿ ਜਗਤ ਰੱਸੀ ਦੇ ਸੱਪ ਦੀ ਤਰਾਂ "ਅਨਿਰਵਚ-ਨੀਯ" ਭਾਸਦਾ ਹੈ। ਪਾਰਮਾਰਥਿਕ ਸੱਤਾ ਵਾਲੇ ਬ੍ਰਹਮ ਦਾ ਅਖੰਡਾਕਾਰ ਬੋਧ ਮਹਾਂ ਵਾਕਾਂ ਦ੍ਵਾਰਾ ਪ੍ਰਾਪਤ ਕਰੋ। ਉਸ ਤੋਂ ਸਤ ਵਸਤੂ ਦਾ ਸਾਖਿਆਤ ਹੋਵੇਗਾ। ਏਸੇ ਤਰਾਂ ਹੋਰ ਵੀ ਸਚ ਦੇ ਅੱਡੋ ਅੱਡੀ ਨਿਰਵਚਨ ਹਨ ਜਿਨ੍ਹਾਂ ਨੂੰ ਸੁਣਕੇ ਆਦਮੀ ਭਮੱਤ੍ਰ ਜਾਂਦਾ ਹੈ। ਇਸ ਲਈ "ਸਚ ਬੋਲੋ" ਕਹਿ ਛਡਣਾ ਯੁਕਤੀ ਯੁਕਤ ਨਹੀਂ। ਨਾਲੇ ਜੇ ਕੋਈ 'ਸੱਚ' ਨੁਕਸਾਨ ਦਿੰਦਾ ਹੋਵੇ ਉਸ ਨੂੰ ਪ੍ਰਤੱਖ ਕਾਰਨ ਵਾਦੀ ਕਿਉਂ ਬੋਲੇਗਾ। ਤਾਂਤੇ ਅਦ੍ਰਿਸ਼ਟ ਫਲ ਦੇ ਅੰਗੀਕਾਰ ਬਿਨਾਂ ਸੱਚ ਝੂਠ ਦੀ ਵਿਧੀ ਨਿਖੇਧੀ ਰੂਪ ਕਰਮ ਦੀ ਸੂਝ ਨਾ ਹੋਣ ਕਰਕੇ ਉਕਤ ਮੱਤ ਧੋਖੇ ਦੀ ਟੱਟੀ ਹੀ ਹੈ। ਜੋ ਧਰਮ ਦੀ ਬੇਲੋੜੀ ਆਖੀ ਹੈ, ਉਹ ਭੀ ਅਗਿਆਨ ਹੈ, ਕਿਉਂਕਿ 'ਧਰਮ' ਦੇ ਅਰਥ 'ਅਵਸਥਾ' ਅਤੇ 'ਧਾਰਨਾ' ਆਦਿ

Digitized by Panjab Digital Library | www.panjabdigilib.org

ਹਨ। ਬਿਨਾਂ 'ਧਰਮ' ਦੇ ਕਿਸੇ ਧਰਮੀ ਦੀ ਕੋਈ ਹਸਤੀ ਨਹੀਂ ਸਿੱਧ ਹੁੰਦੀ। ਦੇਖੋ ਜਲ ਦਾ ਧਰਮ ਸੀਤਲਤਾ ਅਤੇ ਅਗਨੀ ਦਾ ਧਰਮ ਦਾਹ ਹੈ। ਇਨ੍ਹਾਂ ਧਰਮਾਂ ਕਰਕੇ ਹੀ ਜਲ ਅਤੇ ਅਗਨੀ ਹੋਰ ਪਦਾਰਥਾਂ ਤੋਂ ਅੱਡ ਹਨ ਅਤੇ ਸੀਤਲਤਾ ਧਰਮ ਤੋਂ ਰਹਿਤ ਨਾ ਕੋਈ ਜਲ ਹੀ ਹੈ ਅਤੇ ਨਾ ਗਰਮਾਈ ਤੋਂ ਰਹਿਤ ਅਗਨੀ ਹੀ ਹੈ। ਇਸੇ ਕਰਕੇ ਕਿਹਾ ਹੈ—'ਧਰਮ' ਅਤੇ 'ਸੰਬੰਧ' ਕਰਕੇ ਹੀ ਕੋਈ ਵਸਤੂ 'ਵਸਤੂ' ਹੈ। ਇਨ੍ਹਾਂ ਤੋਂ ਬਿਨਾਂ ਵਸਤੂ 'ਅਵਸਤੂ' ਭੀ ਹੋ ਸਕਦੀ ਹੈ। ਇਸ ਲਈ ਜਿਸ ਭੀ ਧਰਮੀ ਦਾ ਨਾਉਂ ਲਵੋਗੇ ਉਸ ਵਿਚ ਤੱਧਰਵੱਤਾ ਭੀ ਜ਼ਰੂਰ ਹੋਵੇਗੀ। ਏਸੇ ਤਰਾਂ ਮਨੁੱਖ ਜਾਤੀ ਨੂੰ ਹੋਰਨਾਂ ਤੋਂ ਅੱਡ ਕਰਨ ਵਾਲਾ 'ਮਨੁੱਖਤਾ' ਧਰਮ ਜਰੂਰ ਹੋਵੇਗਾ, ਜਿਸ ਕਰਕੇ ਮਨੁੱਖ 'ਮਨੁਖ' ਹੈ। ਉਹ ਧਰਮ ਹਰੇਕ ਸ਼੍ਰੇਣੀ ਦੇ ਅੱਡੋ ਅੱਡ ਸਮਝਣ ਕਰਕੇ ਉਨ੍ਹਾਂ ਸ਼੍ਰੇਣੀਆਂ ਦੇ ਧਰਮ ਇਕ ਦੂਜੇ ਨਾਲੋਂ ਵਿਲੱਖਣ ਸਮਝੇ ਜਾਂਦੇ ਹਨ। ਹਰ ਸੂਰਤ ਸਭ ਨੂੰ ਕੋਈ ਨਾ ਕੋਈ ਧਾਰਨਾ ਬਣਾਕੇ ਹੀ ਰਹਿਣਾ ਪੈਂਦਾ ਹੈ। ਜਦੋਂ ਬਹੁਤੇ ਸਾਰੇ ਆਦਮੀ ਇਕੋ ਧਾਰਨਾ ਵਾਲੇ ਬਣ ਜਾਂਦੇ ਹਨ ਤਾਂ "ਧਰਮ" ਸ਼ਬਦ ਦੀ ਰੂਢੀ ਓਸ ਸ਼੍ਰੇਣੀ ਵਿਚ ਸਮਝੀ ਜਾਂਦੀ ਹੈ। ਏਸੇ ਤਰਾਂ ਜੇਹੜੀ ਸ਼੍ਰੇਣੀ ਕਿਸੇ ਭੀ ਧਰਮ ਦੇ ਨਾ ਮੰਨਣ ਵਾਲੀ ਬਣ ਜਾਵੇ ਉਹ ਭੀ ਕਿਸੇ ਖਾਸ ਧਰਮ ਕਰਕੇ ਹੀ ਉਨ੍ਹਾਂ ਧਰਮਾਂ ਤੋਂ ਅੱਡ ਹੁੰਦੀ ਹੈ, ਜਿਸ ਕਰਕੇ ਉਨ੍ਹਾਂ ਨੂੰ 'ਨਾਸਤਿਕ' ਯਾ ਬੇਧਰਮੇ ਕਰਕੇ ਆਖਿਆ ਜਾਂਦਾ ਹੈ, ਏਹੋ ਉਪਾਧੀਆਂ ਉਸਦਾ ਧਰਮ ਬਣ ਜਾਂਦੀਆਂ ਹਨ। ਇਸ ਲਈ 'ਧਰਮ' ਤੋਂ ਤਾਂ ਕੋਈ ਭੀ ਨਹੀਂ ਬਚ ਸਕਦਾ। ਨਾਲੇ ਜਦੋਂ ਤੁਸੀਂ ਆਖਦੇ ਹੋ ਕਿ 'ਸ਼ੁਭ ਕਰਮ ਕਰੋ। ਸੱਚ ਬੋਲੋ' ਤਾਂ 'ਸ਼ੁਭ

Digitized by Panjab Digital Library | www.panjabdigilib.org

ਕਰਮੀ' ਅਤੇ 'ਸੱਤ ਬੋਲੇ' ਹੀ ਤੁਹਾਡਾ ਧਰਮ ਬਣ ਜਾਵੇਗਾ। ਜੋ ਧਰਮ ਨੂੰ ਝਗੜਿਆਂ ਦੀ ਖਾਣ ਦਸਿਆ ਹੈ, ਸੋ ਭੀ ਕੋਰਾ ਅਗਿ-ਆਨ ਹੈ, ਕਿਉਂਕਿ ਝਗੜਾ ਤਾਂ ਪੈਂਦਾ ਹੈ ਜਦੋਂ ਆਦਮੀ ਆਪਣੇ ਨਾਲੋਂ ਕਿਸੇ ਨੂੰ ਦੂਜਾ ਸਮਝਕੇ ਆਪਣੇ ਹੱਕਾਂ ਦੀ ਰਾਖੀ ਕਰਦਾ ਹੈ, ਯਾ ਦੂਜੇ ਦਾ ਹੱਕ ਮਾਰਨਾ ਚਾਹੁੰਦਾ ਹੈ। ਜੈਸੇ ਕੋਈ ਆਪ ਨੂੰ 'ਹਿੰਦੁਸਤਾਨੀ' ਮੰਨਕੇ 'ਅਰਬੀ' ਤੋਂ ਆਪਣਾ ਬਚਾਉ ਕਰਦਾ ਹੈ ਯਾ ਉਸਦਾ ਹੱਕ ਮਾਰਨ ਨੂੰ ਤਿਆਰ ਹੁੰਦਾ ਹੈ ਤਾਂ ਝਗੜਾ ਵਧਦਾ ਹੈ। ਜਿਉਂ ਜਿਉਂ ਕੋਈ ਆਦਮੀ ਦੂਜੇ ਨੂੰ ਦੂਜਾ ਸਮਝਕੇ ਉਸ ਤੋਂ ਦੂਰ ਹੁੰਦਾ ਜਾਂਦਾ ਹੈ ਉਤਨਾਂ ਹੀ ਉਸ ਨੂੰ ਝਗੜਾ ਕਰਨਾਂ ਪੈਂਦਾ ਹੈ। ਜੈਸੇ ਦੀਪਾਂ ਦੇ ਸੰਬੰਧ ਕਰਕੇ 'ਏਸ਼ੀਆ' ਦਾ ਆਦਮੀ ਦੂਜੇ ਦੀਪਾਂ ਨਾਲ ਝਗੜੇਗਾ। ਦੇਸ ਦੇ ਸੰਬੰਧ ਕਰਕੇ ਹਿੰਦੁ-ਸਤਾਨੀ,--ਚੀਨੀਆਂ ਨਾਲ ਝਗੜੇਗਾ। ਫੇਰ ਪੰਜਾਬੀ ਆਦਮੀ ਯੂ. ਪੀ. ਦੇ ਨਾਲ ਦ੍ਵੈਸ਼ ਕਰੇਗਾ। ਪੰਜਾਬ ਦੇ ਅੱਡੋ ਅੱਡੀ ਮਾਝਾ, ਮਾਲਵਾ, ਆਦਿ ਹਿੱਸਿਆਂ ਦੇ ਆਦਮੀ ਇਕ ਦੂਜੇ ਨੂੰ ਦੁਸ਼ਮਣ ਸਮਝਣਗੇ। ਫੇਰ ਜ਼ਿਲਾ, ਫੇਰ ਪਿੰਡ, ਅਗੇ ਪੱਤੀ, ਠੁਲੇ ਦੇ ਆਦਮੀ ਦੂਜਿਆਂ ਨੂੰ ਗੈਰ ਸਮਝ ਕੇ ਧੜੇਬੰਦੀਆਂ ਕਰਨਗੇ। ਬਹੁਤ ਕੀ ਕਹਿਣਾ ਹੈ ਏਸ ਗੰਦੀ ਮਾਇਆ ਦੇ ਗੁਲਾਮ ਬਣਕੇ ਇਕ ਟੱਬਰ ਵਿਚ ਰਹਿਣ ਵਾਲੇ ਬੰਦੇ ਇਕ ਦੂਜੇ ਦੇ ਜਾਨੀ ਦੁਸ਼ਮਣ ਬਣਦੇ ਦੇਖੇ ਗਏ ਹਨ, ਮਗਰ ਇਸ ਤੋਂ ਉਲਟ 'ਧਰਮ' ਹੀ ਇਕ ਅਦੁਤੀਯ ਪਦਾਰਥ ਹੈ, ਜਿਸਦੇ ਧਾਰਨ ਵਾਲੇ 'ਏਕ ਪਿਤਾ ਏਕਸ ਕੇ ਹਮ ਬਾਰਕ' 'ਤੂ ਮੇਰਾ ਗੁਰ ਹਾਈ' ਅਤੇ 'ਸਭੇ ਸਾਂਝੀਵਾਲ ਸਦਾਇਅਨ ਤੂੰ ਕਿਸੈ ਨਾ ਦਿਸੈ ਬਾਹਰਾ ਜੀਉ' ਦੇ ਪਵਿੱਤ੍ਰ ਆਸ਼ੇ ਅਨੁਸਾਰ ਦੇਸ਼ ਵਰਨ ਕੀ ਬਲਕਿ ਸੰਸਾਰ ਭਰ

Digitized by Panjab Digital Library | www.panjabdigilib.org

ਦੇ ਪ੍ਰਾਣੀ ਮਾਤ੍ਰ ਨੂੰ ਸਹੋਦਰ ਸਮਝਕੇ ਉਨ੍ਹਾਂ ਦੀ ਸੇਵਾ ਲਈ ਆਪਣਾ ਤਨ, ਮਨ, ਧਨ, ਸਰਬੰਸ ਅਰਪਣ ਕਰਕੇ ਭੀ ਪਰਮ ਸੁਖ ਭੋਗਣਗੇ ਅਤੇ ਹੋਰਨਾਂ ਨੂੰ ਭੀ ਪੂਰਨ ਸ਼ਾਂਤੀ ਬਖਸ਼ਣਗੇ।

ਜੋ ਇਹ ਕਿਹਾ ਹੈ ਕਿ ਧਰਮ ਨੇ ਕਦੇ ਸੁਖ ਨਹੀਂ ਦਿਤਾ ਇਹ ਨਿਰਾ ਪਸ਼ੂਪਣ ਹੈ ਅਰਥਾਤ ਇਹ ਗੱਲ ਉਹ ਲੋਕ ਆਖਦੇ ਹਨ ਜਿਨ੍ਹਾਂ ਨੇ ਧਰਮ ਨੂੰ ਜਾਣਿਆ ਹੀ ਨਹੀਂ ਅਥਵਾ ਮਥ ਕੇ ਅਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਹਨ ਯਾ ਧਰਮ ਦੇ ਨਾਉਂ ਤੇ ਅਤਿਆਚਾਰ ਕਰਨ ਵਾਲੇ 'ਨਰ-ਪਸ਼ੂਆਂ' ਦੇ ਕਰਤੱਵਾਂ ਨੂੰ ਦਖਕੇ ਧਰਮ ਦੇ ਵਿਸ਼ੇ ਵਿਚ ਗਲਤੀ ਖਾਂਦੇ ਹਨ। ਦੇਖੋ ਜੇ ਕਿਸੇ ਮੋਤੀਆਂ ਦੇ ਖਰੀਦਾਰ ਨੂੰ ਕੋਈ ਠੱਗ ਕੱਚ ਦੇ ਮਣਕੇ ਦੇ ਦੇਵੇ ਤਾਂ ਉਸ ਗਾਹਿਕ ਨੂੰ ਮੋਤੀਆਂ ਦੇ ਉੱਕਾ ਉਲਟ ਹੋ ਜਾਣ ਤੇ ਸਿਆਣਾ ਕੌਣ ਆਖੇਗਾ। ਇਸ ਲਈ ਧਰਮ ਹੀ ਸੁਖਦਾਈ ਪਦਾਰਥ ਹੈ। ਇਸ ਨੂੰ ਧਾਰਨ ਕਰਨ ਨਾਲ ਹੀ ਆਦਮੀ 'ਆਦਮੀ' ਕਹਾ ਸਕਦਾ ਹੈ। ਇਸ ਤੋਂ ਬਿਨਾਂ ਮ੍ਰਿਤਕ ਦੀ ਲੋਥ ਹੀ ਸਮਝੋ। ਜੋ ਧਰਮ ਦੁਆਰਾ ਸਾਧਨ 'ਈਸ਼੍ਵਰ' ਦੀ ਅਣਹੋਂਦ ਦਸੀ ਹੈ ਅਤੇ ਉਸਦੀ ਸਿੱਧੀ ਵਿਚ ਪ੍ਰਤੱਛ ਪ੍ਰਮਾਣ ਦੀ ਅਗੋਚਰਤਾ 'ਦਲੀਲ' ਦੇ ਤੌਰ ਤੇ ਕਥਨ ਕੀਤੀ ਹੈ, ਇਹ ਬਿਲਕੁਲ ਗਲਤ ਹੈ ਕਿਉਂਕਿ ਇਹ ਨਿਯਮ ਨਹੀਂ ਕਿ ਪ੍ਰਤੱਛ ਪ੍ਰਮਾਣ ਦੇ ਵਿਸ਼ੇ ਨਾ ਹੋਣ ਵਾਲਾ ਪਦਾਰਥ ਹੁੰਦਾ ਹੀ ਨਹੀਂ। ਦੇਖੋ ਜਦ ਤਕ ਕੋਈ ਪਦਾਰਥ ਰੂਪ-ਵਾਨ ਨਾ ਹੋਵੇ ਤਾਂ ਉਸਦਾ ਪ੍ਰਤੱਛ ਨਹੀਂ ਹੁੰਦਾ ਮਗਰ ਉਹ ਅਸਲ ਵਿਚ ਹੁੰਦਾ ਹੈ। ਜੈਸੇ ਮਨ ਦੇ ਭਾਵ ਅੱਖਾਂ ਨਾਲ ਨਾ ਦਿਸਦੇ ਹੋਏ ਭੀ ਹੁੰਦੇ ਹਨ। (੨) ਕੋਈ ਪਦਾਰਥ ਚਾਨਣ ਵਿਚ ਰਖੇ ਬਿਨਾਂ ਦਿਖਾਈ ਨਹੀਂ ਦਿੰਦਾ। (੩) ਕੋਈ ਚੀਜ਼ ਅਤਿ ਦੂਰ ਹੋਕੇ

Digitized by Panjab Digital Library | www.panjabdigilib.org

ਭੀ ਦਿਖਾਈ ਨਹੀਂ ਦਿਆ ਕਰਦੀ। (੪) ਬਾਹਲੀ ਨੇੜੇ ਦੀ ਵਸਤੂ ਭੀ ਅੱਖਾਂ ਕਰਕੇ ਨਹੀਂ ਦਿਸਦੀ। ਜੈਸੇ ਨੇਤ੍ਰਾਂ ਦਾ ਸੁਰਮਾਂ। (੫) ਕੋਈ ਵਸਤੂ ਕੰਧ ਦੇ ਓਝਲ ਵਿਚ ਹੋਣ ਕਰਕੇ ਭੀ ਨਹੀਂ ਦਿਖਾਈ ਦਿੰਦੀ। ਇਸ ਤਰਾਂ ਇਹ ਨਿਯਮ ਨਹੀਂ ਕਿ ਈਸ਼੍ਵਰ ਪ੍ਰਤੱਛ ਪ੍ਰਮਾਣ ਦੇ ਵਿਸ਼ੇ ਨਾ ਹੋਣ ਕਰਕੇ ਹੋਂਦ ਵਾਲਾ ਨਹੀਂ ਬਲਕਿ ਕਿਸੇ ਭੀ ਸੰਸਾਰੀ ਪ੍ਰਮਾਣ ਤੋਂ ਅਗੋਚਰ ਹੋਣਾ ਉਸ ਦੇ ਅਬਿਨਾਸ਼ੀ ਹੋਣ ਵਿਚ ਦਲੀਲ ਹੈ। ਦੂਜੇ ਜੋ ਨਾਸਤਿਕ ਹਨ ਉਹ ਪਰਮ ਸੁਖ ਨੂੰ ਚਾਹੁੰਦੇ ਹੋਣ ਕਰਕੇ ਧਰਮ ਤੋਂ ਅਸਾਧ ਸਮਝਕੇ ਭੀ ਸਭ ਈਸ਼੍ਵਰ ਨੂੰ ਹੀ ਚਾਹੁੰਦੇ ਸਿੱਧ ਹੁਦੇ ਹਨ। ਤੀਜੇ ਈਸ਼੍ਵਰ ਨੂੰ ਨਾ ਚਾਹੁਣ ਵਾਲੇ ਭੀ ਆਪਣਾ ਕੋਈ ਧਰਮ ਜ਼ਰੂਰ ਅੰਗੀਕਾਰ ਕਰਦੇ ਆਏ ਹਨ। ਭਾਵ ਕਿਸੇ ਦੇ ਮਤਿ ਵਿਚ ਧਰਮ ਦਾ ਸਾਧਨਾ 'ਈਸ਼੍ਵਰ' ਹੈ। ਅਤੇ ਕਿਸੇ ਵਿਚ 'ਪਰਮ ਸੁਖ' ਹੈ। ਹਰ ਸੂਰਤ ਪਰਮ ਸੁਖ ਦੇ ਸਾਧਨ ਧਰਮ ਵਿਚ ਸਿਆਣੇ ਦੀ ਪ੍ਰਵਿਰਤੀ ਹੋਣੀ ਆਵੱਸ਼ਕ ਹੈ।

ਈਸ਼੍ਵਰ ਪਰਮ ਸੁਖ ਸੱਤਾ ਰੂਪ ਹੋਣ ਕਰਕੇ 'ਉਸ ਸੰਬੰਧੀ ਨਿਸਚਾ' ਵਹਿਮੀ ਆਗੂਆਂ ਦੀ ਕਲਪਣਾ ਭੀ ਨਹੀਂ। ਕਿੰਤੂ ਪਰਮ ਸੁਖ ਨੂੰ ਪ੍ਰਾਪਤ ਹੋਏ ਮਹਾਂ ਪੁਰਖਾਂ ਦੇ ਅਨੁਭਵ ਦਾ ਪ੍ਰਕਾਸ਼ ਹੈ। ਜਿਸ ਨੂੰ ਸਹੀ ਨਾ ਸਮਝਕੇ ਅਗਿਆਨੀ ਲੋਕਾਂ ਨੇ ਬਦਨਾਮ ਕਰ ਛਡਿਆ ਹੈ। ਸੋ ਪੂਰਬੋਕਤ ਵਿਚਾਰ ਤੋਂ ਸਿੱਧ ਹੈ ਕਿ ਸੱਚਾ ਧਰਮ ਕਿਸੇ ਇਨਸਾਨੀ ਤਜਰਬੇ ਜਾ ਕਲਪਣਾ ਦੀ ਕਾਢ ਨਹੀਂ। ਬਲਕਿ ਧੁਰ ਤੋਂ ਆਈ ਮਹਾਂ ਜੋਤਿ ਨ "ਮਹਾਂ ਅਗਨਿ ਤੇ ਆਪ ਉਬਾਰਿਆ" ਅਨੁ-ਸਾਰ ਆਪਣੀ ਪ੍ਰਜਾ ਨੂੰ ਬਚਾਉਣ ਖਾਤਰ ਉਪਦੇਸ਼ ਦਿਤਾ

Digitized by Panjab Digital Library | www.panjabdigilib.org

ਹੈ। ਉਸ ਦੇ ਪ੍ਰਗਟ ਕਰਨ ਵਾਲੀ ਅਬਚਲ ਅਤੇ ਅਵਿ-ਨਾਸ਼ੀ ਜੋਤਿ ਦਾ ਨਾਉਂ "ਗੁਰੂ" ਹੈ। ਉਹ ਗੁਰੂ ਜੋਤਿ "ਗੁਰ ਨਾਨਕੁ ਨਾਨਕੁ ਹਰਿ ਸੋਇ" ਦੁਆਰਾ "ਗੁਰੂ ਨਾਨਕ ਦੇਵ" ਨਾਮਧਾਰੀ ਵਿਅਕਤੀ ਦੇ ਰਾਹੀਂ ਪ੍ਰਗਟੀ ਅਤੇ ਉਨ੍ਹਾਂ ਦੇ ਦਸਵੇਂ ਰੂਪ ਦੇ ਰਾਹੀਂ 'ਜਗਮਗ ਜੋਤਿ ਬਿਰਾਜ ਰਹੀ ਅਬਚਲ ਨਗਰ ਮਝਾਰ' ਕਰਕੇ 'ਗੁਰੂ ਗ੍ਰੰਥ ਪੰਥ' ਵਿਚ ਪ੍ਰਕਾਸ਼ਵਾਨ ਹੈ। ਤ੍ਰਿਨ੍ਹਾਂ ਦੀ ਮੌਜੂਦਗੀ ਵਿਚ ਕਿਸੇ ਸਾੜ੍ਹ ਸਤੀ ਹਥੇ ਅਤੇ ਨਿਗੁਰੇ ਦੇਹਧਾਰੀ ਨੂੰ ਗੁਰੂ ਬਣਨ ਦਾ ਹੱਕ ਅਤੇ ਮਜਾਲ ਨਹੀਂ। ਏਸੇ ਹਸਤੀ ਦੀ ਸਿੱਧੀ ਅਤੇ ਮਹਿਮਾ ਵਿਚ ਹੋਰ ਪ੍ਰਮਾਣ ਭੀ ਹਨ:-

"ਗੁਰ ਸਰ ਸਾਗਰ ਬੋਹਿਥੋ ਗੁਰ ਤੀਰਥ ਦਰਿਆਉ"।

ਪੁਨਾ-"ਤੁਧ ਆਪੇ ਆਪਿ ਰਖਿਆ ਸਤਿਗੁਰ ਵਿਚ ਗੁਰੁ ਆਪੇ ਤੁਧ ਸਵਾਰਿਆ।" (ਗਉੜੀ ਵਾਰ ਪਉੜੀ ੨੦)

ਇਹਨਾਂ ਪਰਮਾਣਾਂ ਦਾ ਭਾਵ ਇਹ ਹੈ ਕਿ ਅਕਾਲ ਪੁਰਖ ਆਪ ਹੀ ਸੰਸਾਰ ਸਾਗਰ ਰੂਪ ਅਤੇ ਤੀਰਥ ਰੂਪ ਹੈ। ਆਪ ਹੀ ਗੁਰੂ ਦੇ ਰੂਪ ਵਿਚ ਬੋਹਿਥ ਹੈ। ਤਥਾ ਆਪ ਹੀ ਗੁਰੂ ਜੋਤਿ ਵਿਚ ਆਪਣਾ ਆਪ ਰਖਕੇ ਗੁਰੂ ਰੂਪ ਤੇ ਪ੍ਰਗਟ ਹੋਇਆ। "ਗੁਰੂ ਗੁਰੁ ਜਪੀ ਗੁਰੁ ਗੁਰੁ ਧਿਆਈ। ਜੀਆ ਦੀ ਅਰਦਾਸਿ, ਗੁਰ ਪਹਿ ਜਾਈ" ਆਸਾ ਮ: ੫, ਸ: ੧੦੨, ਪੁਨਾ "ਗੁਰ ਪ੍ਰਮੇਸ਼ਰ ਕਰਨੇ ਹਾਰ।"

(ਸੂ: ਮ: ੫ ਸ਼ਬਦ ੨੨੨)

"ਸਤਿ ਗੁਰੁ ਬਾਝੋਂ ਵੈਦ ਨ ਕੋਈ
ਆਪੇ ਆਪਿ ਨਿਰੰਜਨ ਸੋਈ।" (ਮਾਰੂ ਮ: ੩)

Digitized by Panjab Digital Library | www.panjabdigilib.org

ਪੁਨਾ—"ਅਗਮ ਅਗੋਚਰ ਗੁਰੂ ਦਿਖਾਇਆ । ਭੂਲਾ ਮਾਰਗਿ ਸਤਿਗੁਰ ਪਾਇਆ ।" (ਮਾਰੂ ਮ: ੫ ਸ: ੪)

ਤਥਾ—"ਗੁਰ ਕੁੰਜੀ ਪਾਹੂ ਨਿਵਲ ਮਨ ਕੋਠਾ ਤਨ ਛਤ ॥ ਨਾਨਕ ਗੁਰ ਬਨ ਮਨ ਕਾ ਤਾਕੁ ਨ ਉਘੜੈਅਵਰ ਨ ਕੁੰਜੀ ਹਥ॥"
(ਵਾਰ ਸਾ: ਸ: ੧)

ਇਤਆਦਿਕ ਪ੍ਰਮਾਣਾਂ ਤੋਂ ਜਾਣਿਆ ਜਾਂਦਾ ਹੈ ਕਿ ਸਤਿਗੁਰੂ ਵੈਦ ਹੈ । ਗੁਰੂ ਬਿਨਾਂ ਅੰਦਰਲੇ ਕਿਵਾੜ ਨਹੀਂ ਖੁਲ੍ਹਦੇ। ਗੁਰੂ ਹੀ ਅਗਮ ਅਗੋਚਰ ਅਕਾਲ ਪੁਰਖ ਨੂੰ ਦਿਖਾ-ਉਣ ਵਾਲਾ ਅਤੇ ਪ੍ਰਮੇਸ਼ੁਰ ਸ੍ਰੂਪ ਹੋਣ ਕਰਕੇ ਧਾਰਨ ਯੋਗ ਹੈ ।

"ਗੁਰਮੁਖ ਹਰਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ। ਗੁਰਮੁਖਿ-ਜਨਕ ਹਰਿ ਨਾਮ ਲਿਵਲਾਈ। ਗੁਰਮੁਖਿ ਵਿਸ਼ਿਸਟ ਹਰਿ ਉਪਦੇਸ਼ ਸੁਣਾਈ । ਬਿਨ ਗੁਰ ਕਿਨੇ ਨਾਮੁ ਨ ਪਾਇਆ ਮੇਰੇ ਭਾਈ ॥"
(ਵਾਰ ਵਡਹੰਸ ਪਉੜੀ ੧੩)

ਭਾਵ—ਚਹੁ ਜੁਗਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੈ ।

ਪੁਨਾ—"ਗੁਰ ਕੇ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪ੍ਰਸਾਦੀ ਪਾਰਿ ਪਰੇ ॥"(ਭੈਰਉ ਮ:੧ ਅਸਟਪਦੀ ੨

ਤਥਾ—"ਗੁਰ ਸਤਿਗੁਰੁ ਗੁਰੁ ਗੋਬਿੰਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀ ਰਾਮ ਕਰਿ ਗੁਰ ਗੋਬਿੰਦੁ ਧਿਆਇਆ ॥" ਛੰ: ਤੁਖਾਰੀ ਮ: ੪)

Digitized by Panjab Digital Library | www.panjabdigilib.org

ਇਹਨਾਂ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨੂੰ ਅਕਾਲ ਪੁਰਖ ਮੰਨ ਕੇ ਸਭ ਜੁਗਾਂ ਵਿਚ ਰਿਖੀਆਂ ਦੇਵਤਿਆਂ ਨੇ ਸਲਾਹਿਆ ਹੈ ਅਤੇ ਸ਼ਾਸਤ੍ਰਾਂ ਨੂੰ ਭੀ ਮੰਨਣਾ ਪਿਆ ਹੈ।

"ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝਿ ਨਾ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨਾ ਪਾਵੈ ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰ ਰੇ ਮਨ ਮੇਰੇ ॥
ਗੁਰ ਕਰੁ ਸਬਦੁ ਸਪੁੰਨ ਅਘਨ ਕਟਹਿ ਸਭਿ ਤੇਰੇ ॥
ਗੁਰ ਨਯਣਿ ਬਯਣਿ ਗੁਰੁਗੁਰੁ ਕਰੋ ਗੁਰੂਮਤਿ ਕਵੀ ਨਲ੍ਯ ਕਹਿ॥
ਜਿਨੀ ਗੁਰੂ ਨ ਦੇਖਿਓ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥"

(ਮ: ੪ ਸਵੈਯੇ)

ਭਾਵ–ਗੁਰੂ ਬਿਨਾਂ ਅਗਿਆਨ ਅੰਧੇਰਾ ਹੀ ਰਹਿੰਦਾ ਹੈ। ਜਿਨ੍ਹਾਂ ਨੇ ਸਚਾ ਗੁਰੂ ਧਾਰਨ ਨਹੀਂ ਕੀਤਾ ਉਹਨਾਂ ਦਾ ਸੰਸਾਰ ਤੇ ਆਉਣਾ ਨਿਸਫਲ ਹੈ। ਇਸ ਲਈ ਗੁਰੂ ਧਾਰਨ ਕਰਨਾ ਅਤਿ ਜਰੂਰੀ ਹੈ। ਮੁਕਦੀ ਗਲ "ਮੇਰੇ ਮਨ ਗੁਰ ਗੁਰ ਕਰਤ ਸਦਾ ਸੁਖਿ ਪਾਈਐ। ਗੁਰ ਉਪਦੇਸਿ ਹਰਿ ਹਿਰਦੇ ਬਸਿਓ ਸਾਸਿ ਗਿਰਾਸ ਆਪਣਾ ਖਸਮੁ ਧਿਆਈਐ॥"

ਇਤਿ ਆਦਕ ਮਹਾਂ ਵਾਕਾਂ ਦੇ ਅਨੁਸਾਰ ਗੁਰੂ ਦੀ ਸਰਣ ਲੈਣੀ ਜਗਿਆਸੂ ਲਈ ਮੁਖ ਸਾਧਨ ਹੈ ਪਰੰਤੂ ਉਹ ਗੁਰੂ–ਪੂਰਨ ਗੁਰੂ ਗੁਰੂ ਨਾਨਕ ਦੇਵ ਜੀ ਹੀ ਸਨ। ਹੁਣ ਉਨ੍ਹਾਂ ਦੇ ਥਾਂ ਉਨ੍ਹਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਮੰਨਣ ਯੋਗ ਹਨ, ਭਾਵ ਉਨ੍ਹਾਂ ਦਾ ਸ਼ਬਦ ਹੀ ਗੁਰੂ ਹੈ। ਹੋਰ ਕਿਸੇ ਨੂੰ ਦੇਹਧਾਰੀ ਗੁਰੂ ਮੰਨਣ ਦੀ ਲੋੜ ਨਹੀਂ।

Digitized by Panjab Digital Library | www.panjabdigilib.org

## (ਦੂਜਾ ਪ੍ਰਕਰਣ)

ਏਸ ਕਥਨ ਤੋਂ ਪਿਛੋਂ ਸਭਾ ਵਿਚ ਬੈਹਸ ਦਾ ਰੰਗ ਬੱਝ ਗਿਆ । ਸਭ ਤੋਂ ਪਹਿਲਾਂ ਦੇਹ ਧਾਰੀ ਨੂੰ ਗੁਰੂ ਮੰਨਣ ਵਾਲਾ ਇਕ ਸੱਜਣ ਜੋਸ਼ ਵਿਚ ਆਕੇ "ਸ਼ਬਦ ਹੀ ਗੁਰੂ ਹੈ" ਅਤੇ "ਦੇਹ ਧਾਰੀ ਦੀ ਹੁਣ ਕੋਈ ਲੋੜ ਨਹੀਂ ਰਹੀ" ਇਸ ਗਲ ਦੇ ਵਿਰੁਧ ਇਉਂ ਬੋਲਣ ਲਗਾ। ਯਥਾ:–

ਆਪ ਨੇ ਆਪਣੇ ਵਿਆਖਯਾਨ ਵਿਚ ਬੜੇ ਵਿਸਥਾਰ ਨਾਲ ਕਥਨ ਕੀਤਾ ਹੈ ਕਿ ਹਰ ਇਕ ਇਨਸਾਨ ਸਿਖਿਆ ਦਾ ਮੁਹਤਾਜ ਹੈ । ਏਸ ਲਈ ਜਦੋਂ ਤਾਈਂ ਉਹ ਦੂਜੇ ਤੋਂ ਗਿਆਨ ਨ ਹਾਸਲ ਕਰੇ ਉਦੋਂ ਤਕ ਉਸਦੇ ਸੰਸੇ ਅਤੇ ਭਰਮ ਦੂਰ ਨਹੀਂ ਹੁੰਦੇ । ਸੰਸੇ ਅਤੇ ਭਰਮ ਦੇ ਨਾਸ ਬਿਨਾਂ ਯਥਾਰਥ ਗਿਆਨ ਨਹੀਂ ਹੁੰਦਾ । ਸੋ ਯਥਾਰਥ ਗਿਆਨ ਆਪਣੇ ਆਪ ਤੋਂ ਨਹੀਂ ਹੋ ਸਕਦਾ । ਉਸ ਦੀ ਪ੍ਰਾਪਤੀ ਲਈ ਕਿਸੇ ਪੂਰਨ ਮਹਾਤਮਾ ਦੀ ਲੋੜ ਹੈ । ਏਸ ਲਈ ਉਹ ਗਿਆਨ ਦਾਤਾ ਗੁਰੂ ਦੇਹ ਵਿਚ ਹੋ ਕੇ ਹੀ ਉਪਦੇਸ਼ ਕਰ ਸਕਦਾ ਹੈ । ਤੁਸੀਂ ਭੀ ਮੰਨਦੇ ਹੋ ਕਿ ਅਕਾਲ ਪੁਰਖ ਆਪਣਾ ਗਿਆਨ ਪ੍ਰਕਾਸ਼ ਕਰਣ ਲਈ "ਗੁਰੂ ਨਾਨਕ ਦੇਵ" ਰੂਪ ਤੇ ਪ੍ਰਗਟ ਹੋਯਾ । ਉਨ੍ਹਾਂ ਤੋਂ ਪਹਿਲਾਂ ਭੀ ਹਰ ਇਕ ਮਨੁਖ ਨੂੰ ਆਪਣੇ ਆਪਣੇ ਦੇਹ ਧਾਰੀ ਗੁਰੂ ਪਾਸੋਂ ਹੀ ਗਿਆਨ ਲੈਣਾ ਪੈਂਦਾ ਸੀ ਅਤੇ ਹੁਣ ਭੀ ਕੋਈ ਵਕਤ ਦਾ ਗੁਰੂ ਦੇਹ ਧਾਰੀ ਮੰਨਣਾ ਪਵੇਗਾ ।

Digitized by Panjab Digital Library | www.panjabdigilib.org

ਤੱਤ ਖਾਲਸਾ ਉੱਤਰ:-

ਆਪ ਦਾ ਕਥਨ ਬਿਲਕੁਲ ਯੁਕਤੀ ਹੀਣ ਹੈ ਕਿਉਂਕਿ ਜਦੋਂ ਸਭ ਮਨੁਖ ਪਰਮਾਰਥ ਵਲੋਂ ਅੰਧੇ ਅਤੇ ਸਿਖਿਆ ਦੇ ਮੁਹਤਾਜ ਹਨ ਤਾਂ ਉਨ੍ਹਾਂ ਵਿਚੋਂ ਤਾਂ ਕੋਈ ਭੀ ਗੁਰੂ ਨਹੀਂ ਹੋ ਸਕਦਾ, ਜੋ ਜਗਯਾਸੂ ਦੇ ਸੰਸੇ ਭਰਮ, ਨਿਵਿਰਤ ਕਰੇ। ਜੇ ਕਿਸੇ 'ਆਦਿ ਗੁਰੂ' ਨੂੰ ਬਿਨਾਂ ਗੁਰੂ ਦੇ ਗਿਆਨ ਹੋਣਾ ਮੰਨੋਗੇ ਤਾਂ ਆਪ ਦੇ ਮੂਲ ਸਿਧਾਂਤ ਦੀ ਹਾਨੀ ਹੋਵੇਗੀ। ਜੇ ਉਸਦਾ ਭੀ ਗੁਰੂ ਹੋਣਾ ਮੰਨੋਗੇ ਤਾਂ ਉਸ ਦਾ ਕੋਈ ਹੋਰ ਮੰਨਣਾ ਪਵੇਗਾ। ਏਸੇ ਤਰ੍ਹਾਂ ਅਗਾਹਾਂ ਤੋਂ ਅਗਾਹਾਂ ਅੰਨ੍ਹਿਆਂ ਦੀ ਹੀ ਪਰੰਪਰਾ ਬਣਦੀ ਜਾਵੇਗੀ। ਕਿਉਂਕਿ ਉਨ੍ਹਾਂ ਵਿਚੋਂ ਕੋਈ ਭੀ ਅਜੇਹਾ ਨਹੀਂ ਜਿਸ ਨੇ ਕਿ ਯਥਾਰਥ ਗਿਆਨ ਵਾਦੀ (ਆਪਤ ਪੁਰਖ) ਤੋਂ ਗਿਆਨ ਲਿਆ ਹੋਵੇ ਅਰਥਾਤ ਕਹਿਣ ਨੂੰ ਤਾਂ ਗੁਰੂ ਚੇਲੇ ਦੀ ਸੰਪ੍ਰਦਾਇ ਮਾਲੂਮ ਹੁੰਦੀ ਹੈ ਮਗਰ "ਕਾਚੇ ਗੁਰ ਤੇ ਮੁਕਤ ਨਾ ਹੋਆ ॥ ਕੇਤੇ ਗੁਰ ਚੇਲੇ ਫੁਨ ਹੋਆ ॥" ਅਨੁਸਾਰ ਉਨ੍ਹਾਂ ਮਾਨੁਖਾਂ ਵਿਚੋਂ ਕੋਈ ਭੀ ਗੁਰੂ ਪਦ ਦਾ ਅਧਿਕਾਰੀ ਸਿੱਧ ਨਹੀਂ ਹੁੰਦਾ ਅਤੇ ਗੁਰੂ ਨਾਨਕ ਦੇਵ ਦਾ ਆਪਣੇ ਆਪ ਤੋਂ ਹੀ ਪ੍ਰਕਾਸ਼ ਰੂਪ ਹੋਣਾ ਸਿੱਧ ਕਰਦਾ ਹੈ ਕਿ ਉਹ ਮਨੁੱਖ ਸਰੀਰ ਅੰਦਰ ਅਕਾਲ ਪੁਰਖ ਦੀ ਖਾਸ ਜੋਤਿ ਸਨ ਅਤੇ ਉਨ੍ਹਾਂ ਤੋਂ ਪਹਿਲਾਂ ਭੀ ਕੋਈ ਮਨੁਖ ਗੁਰੂ ਨਹੀਂ ਹੋਇਆ। ਕੇਵਲ ਆਪਣੇ ਤੋਂ ਅਧਿਕ ਗਿਆਨ ਵਾਨ ਮਨੁੱਖਾਂ ਵਿਚ ਜਗਯਾਸੂ "ਗੁਰੂ ਭਾਵਨਾ" ਕਰਦੇ ਰਹੇ। ਅਸਲ ਵਿਚ ਮਨੁਖ ਸ੍ਰੇਣੀ ਸਾਰੀ ਦੀ ਸਾਰੀ ਅੰਧੀ ਅਤੇ

Digitized by Panjab Digital Library | www.panjabdigilib.org

ਵਿਕਾਰੀ ਆਤਮਾ ਹੋਣ ਕਰਕੇ ਤਿਸ ਵਿਚੋਂ ਕੋਈ ਵਿਅਕਤੀ ਭੀ ਗੁਰੂ ਸਿੱਧ ਨਹੀਂ ਹੁੰਦੀ।

ਸ਼ੰਕਾ:-ਹਰ ਇਕ ਪਹਿਲਾ ਮਨੁਖ ਆਪਣੇ ਤੋਂ ਪਿਛਲੇ ਮਨੁਖ ਦਾ ਗੁਰੂ ਹੋਣ ਕਰਕੇ ਸਭ ਮਨੁੱਖ ਸ਼੍ਰੇਣੀ ਦਾ ਗੁਰੂ ਹੋਣਾ ਸਾਬਤ ਹੁੰਦਾ ਹੈ।

ਉੱਤਰ:-ਆਪ ਦੇ ਕਥਨ ਅਨੁਸਾਰ ਹਰ ਇਕ ਪੁਰਖ ਆਪਣੇ ਪਹਿਲੇ ਪੁਰਖ ਦਾ ਚੇਲਾ ਹੋਣ ਕਰਕੇ ਸਭ ਸ਼੍ਰੇਣੀ ਦਾ ਚੇਲਾ ਹੋਣਾ ਭੀ ਸਿੱਧ ਹੋ ਗਿਆ। ਇਸ ਲਈ ਆਪ ਦਾ ਹੇਤੂ ਗਲਤ ਹੈ ਅਤੇ ਦੋਹਾਂ ਪੱਖਾਂ ਦੀ ਸਾਧਿਕਤਾ ਅਰ ਬਾਧਿਕਤਾ ਸਮ ਹੋਂਣ ਕਰਕੇ ਆਪ ਦੇ ਪੱਖ ਨੂੰ ਸਿੱਧ ਕਰਨ ਵਾਲੀ ਯੁਕਤੀ ਨਹੀਂ।

ਹੋਰ ਭੀ ਹੈ। ਆਪ ਦੇ ਉਕਤ ਕਥਨ ਤੇ ਇਹ ਵਿਕਲਪ ਹੁਦਾ ਹੈ ਕਿ ਆਪਣੇ ਸਮੇਂ ਦੇ ਸਾਰੇ ਮਨੁਖ ਗੁਰੂ ਹੁੰਦੇ ਹਨ ਕਿ ਕੋਈ ਇਕ ਅੱਧਾ ? ਜੇ ਸਾਰੇ ਹੀ ਗੁਰੂ ਕਹੋ ਤਾਂ ਕਿਸੇ ਤੋਂ ਕੁਝ ਸਿਖਣ ਦੀ ਲੋੜ ਨਹੀਂ ਰਹਿਣੀ ਚਾਹੀਦੀ। ਪਰ ਐਸਾ ਨਹੀਂ ਦੇਖਿਆ ਜਾਂਦਾ। ਜੇ ਕੋਈ ਇਕ ਅੱਧ ਗੁਰੂ ਹੁੰਦਾ ਹੈ ਤਾਂ ਦੂਜੇ ਕਿਉਂ ਗੁਰੂ ਨਹੀਂ ਬਣ ਸਕਦੇ ਜਦ ਕਿ ਉਹ ਭੀ ਕਈਆਂ ਨੂੰ ਆਪਣੇ ਚੇਲੇ ਬਣਾਈ ਫਿਰਦੇ ਹੋਣ।

ਸ਼ੰਕਾ:-ਸਾਡਾ ਮਤਲਬ ਇਹ ਹੈ ਕਿ ਕੋਈ ਕੋਈ ਸ਼ੁਧ ਆਤਮਾ ਗੁਰੂ ਹੁੰਦਾ ਹੈ। ਸਾਰੇ ਨਹੀਂ।

ਉੱਤਰ–ਤਿਨ੍ਹਾਂ ਦੀ ਆਤਮਾ ਸੁਧ ਹੋਣ ਦਾ ਕਾਰਣ ਕਿਸੇ ਗੁਰੂ ਤੋਂ ਗਿਆਨ ਲੈਣਾ ਹੈ ਯਾ ਅਚਾਨਕ ਉਨ੍ਹਾਂ

Digitized by Panjab Digital Library | www.panjabdigilib.org

ਨੂੰ ਗਿਆਨ ਦਾ ਫੁਰਨਾ ਹੈ ? ਜੇ ਪਹਿਲਾ ਪੱਖ ਕਹੋ ਤਾਂ ਉਨ੍ਹਾਂ ਦੇ ਗੁਰੂਆਂ ਦਾ ਭੀ ਕੋਈ ਹੋਰ ਗੁਰੂ ਕਲਪਨਾ ਪਵੇਗਾ । ਜਿਸ ਕਰ ਕੇ ਉਪਰ ਕਿਹਾ ਹੋਇਆ ਅਨਵਸਥਾ ਦੋਸ਼ ਫੇਰ ਆ ਜਾਵੇਗਾ । ਜੇ ਕੇਵਲ ਉਨ੍ਹਾਂ ਦਾ ਗਿਆਨ ਦਾ ਫੁਰਨਾਂ ਹੀ ਗੁਰੂ ਹੋਣ ਦਾ ਕਾਰਣ ਮੰਨੋਗੇ ਤਾਂ ਨਿਯਮ ਕਰਕੇ ਸਭ ਦੇ ਗੁਰੂ ਹੋਣ ਦਾ ਪੱਖ ਖੰਡਿਤ ਹੋਵੇਗਾ ।

ਸ਼ੰਕਾ—ਹਰ ਇਕ ਮਨੁਖ ਆਪਣੇ ਆਪਣੇ ਚੇਲੇ ਦਾ ਗੁਰੂ ਹੋਣ ਕਰਕੇ ਮਨੁਖ ਸ਼੍ਰੇਣੀ ਨੂੰ ਗੁਰੂ ਹੋਣ ਦਾ ਅਧਿਕਾਰ ਜ਼ਰੂਰ ਹੈ ।

ਉੱਤਰ—ਆਪ ਨੇ ਹੀ ਪਹਿਲਾਂ ਆਖਿਆ ਹੈ ਕਿ ਮਨੁਖ ਸ਼੍ਰੇਣੀ ਸਾਰੀ ਅੰਧੀ ਹੈ । ਉਸ ਨੂੰ ਗਿਆਨ ਕਰਨ ਵਾਲਾ ਕੋਈ ਦੂਜਾ "ਗੁਰੂ" ਚਾਹੀਏ । ਕੀ ਉਹ ਦੂਜਾ ਮਨੁਖ ਗਿਆਨ ਲਈ ਦੂਜੇ ਦਾ ਮੁਹਤਾਜ ਹੋਵੇਗਾ ਕਿ ਨਹੀਂ ? ਜੇ ਹੋਵੇਗਾ ਤਾਂ ਫੇਰ ਉਸਦੇ ਭੀ ਗੁਰੂ ਕਲਪਨ ਦੀ ਸੰਕਾ ਪੈਦਾ ਹੋਵੇਗੀ । ਜਿਸ ਤੋਂ ਉਹੋ ਅਨਵਸਥਾ ਫੇਰ ਆਵੇਗੀ । ਜੇ ਉਸਦਾ ਕੋਈ ਗੁਰੂ ਨਹੀਂ ਮੰਨੋਗੇ ਤਾਂ ਤੁਹਾਡੇ ਮੂਲ ਪੱਖ ਦਾ ਖੰਡਨ ਹੋ ਜਾਵੇਗਾ । ਜੇ ਉਸ ਨੂੰ ਮਨੁਖ ਸ਼੍ਰੇਣੀ ਤੋਂ ਬਾਹਰ ਵਖ ਮੰਨੋਗੇ ਤਾਂ ਇਸ ਦਾ ਭਾਵ ਇਹ ਹੋਵੇਗਾ ਕਿ ਮਨੁਖ ਸ਼੍ਰੇਣੀ ਨੂੰ ਗੁਰਤਾ ਦਾ ਅਧਿਕਾਰ ਹੀ ਨਹੀਂ ।

ਸ਼ੰਕਾ—ਆਪਣੇ ਤੋਂ ਪਹਿਲੇ ੨ ਪੁਰਖਾਂ ਦੇ ਗੁਰੂ ਹੋਣ ਦੀ ਲੜੀ ਨੂੰ ਮੁਕਾਉਣ ਲਈ "ਸਭ ਤੋਂ ਪਹਿਲੇ" ਕਿਸੇ ਪੁਰਖ ਨੂੰ ਹੀ ਗੁਰੂ ਮੰਨ ਲਵਾਂਗੇ ਤਾਂ ਉਸ ਦੀ ਦੇਹ

Digitized by Panjab Digital Library | www.panjabdigilib.org

ਜ਼ਰੂਰ ਹੋਣ ਕਰਕੇ ਗੁਰੂ ਦੇਹਧਾਰੀ ਮੰਨਣਾ ਪਵੇਗਾ।

ਉੱਤਰ–ਇਸ ਤੇ ਭੀ ਵਿਕਲਪ ਹੁੰਦਾ ਹੈ ਕਿ ਉਸ ਆਦਿ ਪੁਰਖ ਨੇ ਭੀ ਆਪਣੇ ਸ਼ੰਕੇ ਕਿਸੇ ਤੋਂ ਨਿਵਿਰਤ ਕਰਾਏ ਸਨ ਤਾਂ ਪ੍ਰਸ਼ਨ ਹੁੰਦਾ ਹੈ ਕਿ ਦੇਹਧਾਰੀ ਗੁਰੂ ਤੋਂ ਜਾਂ ਦੇਹ ਰਹਿਤ ਤੋਂ ? ਜੇ ਦੇਹਧਾਰੀ ਤੋਂ ਕਹੋ ਤਾਂ ਉਹ ਆਦ ਪੁਰਖ ਨਾ ਰਿਹਾ। ਜੇ ਕਹੋ ਦੇਹ ਰਹਿਤ ਤੋਂ ਤਾਂ ਆਪ ਦਾ ਮੂਲ ਸਿਧਾਂਤ ਉਡ ਗਿਆ। ਜੇ ਉਸ ਨੇ ਆਪਣੇ ਸੰਸੇ ਨਿਵਿਰਤ ਨਹੀਂ ਕਰਾਏ ਤਾਂ ਦੂਜਿਆਂ ਨੂੰ ਕਿਸਤਰਾਂ ਉਪਦੇਸ਼ ਦੇ ਸਕਿਆ ਹੋਵੇਗਾ।

ਸ਼ੰਕਾ–ਉਸ ਨੂੰ ਪਰਮਾਤਮ ਪੁਰਖ ਨੇ ਕਿਰਪਾ ਕਰਕੇ ਸੰਸੇ ਤੋਂ ਰਹਿਤ ਕੀਤਾ ਸੀ।

ਉੱਤਰ–ਇਸ ਤਰਾਂ ਆਪ ਦੇ ਦੇਹਧਾਰੀ ਹੋਣ ਵਾਲੇ ਗੁਰੂ ਦੇ ਸਿਧਾਂਤ ਦਾ ਖੰਡਨ ਹੋ ਗਿਆ। ਕਿਉਂਕਿ ਪਰ-ਮਾਤਮ ਪੁਰਖ ਤਾਂ ਦੇਹ ਤੋਂ ਰਹਿਤ ਹੈ, ਨਾਲੇ ਉਸ ਆਦਿ ਪੁਰਖ ਦਾ ਕਿਸੇ ਨੂੰ ਅਜ ਤਕ ਨਾਉਂ ਮਾਲੂਮ ਨਹੀਂ ਹੋਇਆ, ਇਹ ਤਾਂ ਖੂਹ ਵਿਚ ਇੱਟ ਭਾਲਣ ਦੀ ਤਰਾਂ ਕਪੋਲ ਕਲਪਣਾ ਹੀ ਹੈ।

ਸ਼ੰਕਾ–ਹੱਛਾ ਅਸੀਂ ਕਿਸੇ ਭੀ ਆਦਿ ਪੁਰਖ ਦੇ ਹੋਣ ਦੀ ਲੋੜ ਨਹੀਂ ਸਮਝਦੇ ਚਲੋ, ਹਰ ਇਕ ਮਨੁਖ ਗੁਰੂ ਭੀ ਹੈ, ਚੇਲਾ ਭੀ ਹੈ, ਪਰ ਹੈ ਤਾਂ ਦੇਹਧਾਰੀ।

ਉੱਤਰ–ਹਾਂ ਜੀ ! ਇਕ ਆਦਮੀ ਸੱਚਾ ਭੀ ਹੈ ਅਤੇ ਝੂਠਾ ਭੀ ਹੈ, ਲਾਇਕ ਭੀ ਹੈ, ਨਾਲਾਇਕ ਭੀ ਹੈ, ਇਸ ਕਥਨ ਦੀ ਤਰਾਂ ਆਪ ਦੇ ਪੱਖ ਵਿਚ ਵਿਰੁਧ ਧਰਮਾਂ ਦਾ

Digitized by Panjab Digital Library | www.panjabdigilib.org

ਆਰੋਪ ਹੋਣ-ਕਰਕੇ ਆਪ ਦਾ ਕਥਨ ਖੰਡਿਤ ਹੋ ਗਿਆ।

ਸ਼ੰਕਾ—ਜਿਸ ਪਦਾਰਥ ਵਿਚ ਅਪੇਖਿਆ ਤੋਂ ਰਹਿਤ ਹੋਕੇ ਅਨੇਕ ਵਿਰੁਧ ਧਰਮਾਂ ਦਾ ਆਰੋਪ ਕੀਤਾ ਜਾਵੇ ਉਸ ਵਿਚ ਉਕਤ ਦੋਸ਼ ਆਉਂਦਾ ਹੈ। ਮਗਰ ਅਸੀਂ ਤਾਂ ਇਕ ਪਦਾਰਥ ਦੀ ਨਿਸਬਤ ਦੂਜੇ ਵਿਚ ਵਿਰੁੱਧ ਅਨੇਕ ਧਰਮ ਮੰਨਦੇ ਹਾਂ ਜੈਸੇ:—ਪਿਤਾ ਦੀ ਅਪੇਖਿਆ ਇਕੋ ਆਦਮੀ ਪੁਤ੍ਰ ਹੈ, ਅਤੇ ਪੁਤ੍ਰ ਦੀ ਅਪੇਖਿਆ ਤੇ ਪਿਤਾ ਭੀ ਹੈ। ਵਾਸਤਵ ਵਿਚ ਮਨੁੱਖ 'ਮਨੁੱਖ' ਹੀ ਹੈ। ਇਸ ਤਰਾਂ ਦੇ ਪਿਤਾ ਪਣ ਤੇ ਪੁਤ੍ਰ ਪਣ ਰੂਪ 'ਵਿਰੁੱਧਧਰਮ' ਹਾਨੀ ਕਾਰਕ ਨਹੀਂ ਹੋ ਸਕਦੇ।

ਉੱਤਰ—ਇਹ ਆਪ ਦਾ ਸਿਧਾਂਤ ਸੰਭਾਵਨਾ ਰੂਪ ਹੋਣ ਕਰਕੇ 'ਅਨੈਕਾਂਤਿਕ' ਹੈ। ਸੋ ਮਨੁੱਖ ਵਿਚ 'ਪੁਤ੍ਰ ਪਣ' ਅਤੇ 'ਪਿਤਾ ਪਣ' ਆਦਿ ਧਰਮ ਵਿਰੁਧ ਭੀ ਹਨ। ਤੇ ਸੱਚ ਭੀ ਹਨ। ਜਿਸ ਕਰਕੇ ਇਹ ਸਿਧਾਂਤ ਨਿਕਲਿਆ ਕਿ ਸੰਭਵ ਹੈ ਕਿ 'ਮਨੁੱਖ ਗੁਰੂ ਹੋਵੇ। ਸੰਭਵ ਹੈ, ਮਨੁੱਖ ਚੇਲਾ ਹੋਵੇ। ਸੋ ਇਹ ਆਪ ਦੀ ਸੰਭਾਵਨਾ ਯਾ "ਸਿਆਦ ਵਾਦ"—ਹੈ ਤਤਗਿਆਨ ਨਹੀਂ ਇਸ ਤੋਂ ਇਹ ਸਿੱਧ ਹੋਇਆ ਕਿ ਮਨੁਖ ਕਤਈ ਰੀਤੀ ਤੇ ਨਾ ਚੇਲਾ ਹੈ ਨਾ ਗੁਰੂ ਹੈ।।

ਸ਼ੰਕਾ:—ਅਸੀਂ ਅਪੇਖਿਆ ਤੋਂ ਬਿਨਾਂ ਭੀ ਇਕ ਪਦਾਰਥ ਵਿਚ ਅਨੇਕ ਧਰਮਾਂ ਦਾ ਹੋਣਾ ਸਿੱਧ ਕਰ ਸਕਦੇ ਹਾਂ। ਜੈਸੇ:—ਇਕ ਮਨੁੱਖ ਵਿਚ ਮਨੁੱਖਤਾ, ਜੀਵਤਾ ਅਤੇ ਚੇਤਨਤਾ ਆਦਿਕ ਅਨੇਕਾਂ ਹੀ ਸਚੇ ਧਰਮ ਹਨ। ਇਕ ਦੂਜੇ ਤੋਂ ਵਿਰੁਧ ਭੀ ਹਨ। ਇਸੇਤਰ੍ਹਾਂ ਇਕ ਮਨੁੱਖ ਵਿਚ

Digitized by Panjab Digital Library | www.panjabdigilib.org

ਸੁਭਾਵ ਤੋਂ ਗੁਰੂ ਪਣਾ ਤੇ ਚੇਲਾ ਪਣਾ, ਸਚੇ ਤੇ ਵਿਰੁਧ ਧਰਮ ਰਹਿ ਸਕਦੇ ਹਨ।

ਉੱਤਰ–ਮਨੁੱਖ ਵਿਚ ਜੀਵਤਾ ਆਦਿਕ ਭਾਵ ਅਪੇਖਿਆ ਨੂੰ ਲੈਕੇ ਅਰਥਾਤ ਨਿਰਜੀਵਤਾ ਆਦਿ ਦੇ ਮੁਕਾਬਲੇ ਉਤੇ ਹੀ ਹਨ। ਅਪੇਖਿਆ ਰਹਿਤ ਨਹੀਂ ਹਨ। ਅਤੇ ਇਕ ਦੂਜੇ ਤੋਂ ਵਿਰੁਧ ਨਹੀਂ ਹਨ। ਕਿੰਤੂ ਵਿਲੱਛਣ ਹਨ। ਵਿਰੁਧ ਤਾਂ ਹੋਣ ਜੇ ਇਕ ਮਨੁੱਖ ਵਿਚ ਮਨੁੱਖਤਾ ਹੋਵੇ ਤੇ ਮਨੁੱਖਤਾ ਨਾ ਭੀ ਹੋਵੇ ਅਤੇ ਇਕੋ ਆਦਮੀ ਕਿਸੇ ਦੀ ਅਪੇਖਿਆ ਤੋਂ ਬਿਨਾਂ 'ਪੁਤ੍ਰ' ਭੀ ਹੋਵੇ ਤੇ ਪਿਉ ਭੀ ਹੋਵੇ।

ਸੋ ਉਕਤ ਧਰਮ ਐਸੇ ਨਾ ਹੋਣ ਕਰਕੇ ਅਪੇਖਿਆ ਵਾਲੇ ਹੀ ਹਨ। ਜੇ ਮੰਨ ਭੀ ਲਈਏ ਤਾਂ ਜਿਸ ਪ੍ਰਕਾਰ ਰਾਤ ਨੂੰ ਇਕ ਚੀਜ਼ ਵਿਚ ਖੁੰਢ ਅਤੇ ਚੋਰ ਆਦਿਕ ਕਈ ਚੀਜ਼ਾਂ ਦੀ ਪ੍ਰਤੀਤੀ ਹੁੰਦੀ, ਹੈ ਉਸੇ ਤਰ੍ਹਾਂ ਇਕ ਪਦਾਰਥ ਵਿਚ ਵਿਰੁਧ ਯਾ ਵਿਲਖਣ ਪ੍ਰਤੀਤੀ ਦਾ ਹੋਣਾ ਸਚਾ ਗਿਆਨ ਨਹੀਂ। ਬਲਕਿ ਸੰਸੇ ਗਿਆਨ ਹੈ। ਏਸੇ ਤਰ੍ਹਾਂ ਮਨੁਖ ਵਿਚ 'ਚੇਲਾ-ਪਣ' ਤੇ 'ਗੁਰੂ-ਪਣਾ' ਦਾ ਗਿਆਨ ਸਚਾ ਨਹੀਂ ਕਿਹਾ ਜਾ ਸਕਦਾ। ਕਿਤੂ ਸੰਸਾ ਹੀ ਕਹਾਵੇਗਾ। ਸੋ ਆਪ ਦਾ ਮਨੁਖ ਨੂੰ ਗੁਰੂ ਮੰਨਣਾ ਬਿਲਕੁਲ ਅਗਿ-ਆਨ ਹੈ।

ਸ਼ੰਕਾ–"ਸਤਿਪੁਰਖ ਜਿਨ ਜਾਨਿਆ ਸਤਿਗੁਰ ਤਿਸਕਾ ਨਾਉ"। ਅਤੇ "ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ"। ਅਰਥਾਤ ਜੋ ਬ੍ਰਹਮ ਨੂੰ ਜਾਣ ਲਵੇ ਸੋ ਗੁਰੂ ਹੈ। ਤਾਂਤੇ ਬ੍ਰਹਮ ਨੂੰ ਜਾਨਣ ਵਾਲਾ ਅਥਵਾ ਬ੍ਰਹਮਸ੍ਰੋਤ੍ਰੀ ਅਤੇ ਬ੍ਰਹਮ ਨੇਸਟੀ

Digitized by Panjab Digital Library | www.panjabdigilib.org

ਗੁਰੂ ਹੁੰਦਾ ਹੈ। ਨਾਲੇ ਇਕ ਅੱਧਾ ਪੁਰਸ਼ ਜਾਂ ਖਾਸ ਹਸਤੀ ਹੀ ਗੁਰੂ ਨਹੀਂ। ਕਿੰਤੂ ਜੋ ਭੀ ਉਕਤ ਲੱਛਣਾ ਵਾਲਾ ਹੋਵੇ ਉਹ ਗੁਰੂ ਹੈ। ਅਤੇ ਉਕਤ ਲਛਣ ਦੇਹ ਵਾਲੇ ਵਿਚ ਹੀ ਘਟਦੇ ਹਨ।

ਉੱਤਰ–ਉਕਤ ਵਾਕ ਗੁਰੂ ਦੇ *ਲੱਛਣ ਪਰਾਇਣ ਨਹੀਂ। ਕਿੰਤੂ †ਗੁਣ ਵਿਸ਼ੇਸ਼ ਪਰਕ ਹਨ। ਅਰਥਾਤ ਇਨ੍ਹਾਂ ਦਾ ਭਾਵ ਇਹ ਹੈ ਕਿ ਸਤਿਗੁਰੂ ਵਿਚ ਗੁਰੂ ਨੂੰ ਜਾਨਣ ਦਾ ਗੁਣ ਹੁੰਦਾ ਹੈ। ਜੇ ਲੱਛਣ ਭੀ ਮੰਨੋ ਤਾਂ ਇਹ ਭਾਵ ਨਹੀਂ ਕਿ ਬ੍ਰਹਮ ਨੂੰ ਸਾਮਾਨਜ ਮਾਤ੍ਰ (ਸਤਿ, ਚਿਤ, ਆਨੰਦ ਰੂਪ ਤੇ) ਜਾਣ ਲੈਣ ਨਾਲ ਸਤਿਗੁਰੂ ਬਣ ਜਾਈਦਾ ਹੈ।

ਕਿੰਤੂ ਸਰਬ ਪ੍ਰਕਾਰ ਤੇ ਜਾਨਣ ਵਾਲਾ ਹੀ ਗੁਰੂ ਸਿਧ ਹੁੰਦਾ ਹੈ। ਅਰਥਾਤ ਜਿਸਤਰ੍ਹਾਂ ਚਾਂਦੀ ਨੂੰ 'ਚਾਂਦੀ ਪ੍ਰਕਾਰਕ' ਅਤੇ 'ਚਾਂਦੀ ਧਰਮ ਵਾਲਾ' ਜਾਨਣਾ ਉਸ ਦਾ ਸਰਬ ਪ੍ਰਕਾਰ ਤੇ ਅਥਵਾ ਇੰਨ ਬਿੰਨ ਗਿਆਨ ਹੈ। ਏਸੇ ਤਰ੍ਹਾਂ ਸਤਿ ਪੁਰਖ ਨੂੰ ਯਥਾਰਥ ਅਤੇ ਇੰਨ ਬਿੰਨ ਰੂਪ ਤੇ ਜਾਨਣਾ ਹੀ ਉਸ ਦਾ ਸਰਬ ਗਿਆਨ ਹੈ। ਹੁਣ ਵਿਚਾਰ ਲਉ ਕਿ ਅਕਾਲ ਪੁਰਖ ਦਾ 'ਯਥਾਰਥ' ਅਤੇ 'ਇੰਨ ਬਿੰਨ' ਗਿਆਨ ਕਿਵੇਂ ਅਤੇ ਕਿੰਨਿਆਂ ਕੁ ਨੂੰ ਹੋ

---

* ਲਛਤਾ ਦਾ ਵਿਆਪਕ ਧਰਮ "ਸ੍ਵਰੂਪ ਲਛਣ" ਹੁੰਦਾ ਹੈ। † ਲਛਿਤਾ ਦਾ ਸਾਮਾਨਾਧਿਕਰਣ ਧਰਮ ਤਟਸਥ ਲੱਛਣ ਹੁੰਦਾ ਹੈ।

Digitized by Panjab Digital Library | www.panjabdigilib.org

ਸਕਦਾ ਹੈ ? ਪਹਿਲਾਂ ਉਸ ਦੇ ਬਣਾਏ ਪਦਾਰਥਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ। ਇਸ ਦਾ ਕਾਰਣ ਇਹ ਹੈ ਕਿ ਅਨੰਤ ਸਤਿਪੁਰਖ ਦਾ ਗਿਆਨ ਭੀ ਅਨੰਤ ਹੀ ਹੋ ਸਕਦਾ ਹੈ । ਅਤੇ ਉਸ ਨੂੰ ਜਾਨਣ ਵਾਲੀ ਭੀ ਅਨੰਤ ਦੀ ਜੋਤਿ ਹੀ ਹੋ ਸਕਦੀ ਹੈ । ਸੋ "ਜੋ ਜਾਨੇ ਸੋ ਤਿਸ ਹੀ ਜੇਹਾ" ਅਤੇ "ਏਵਡ ਊਚਾ ਹੋਵੈ ਕੋਇ । ਤਿਸ ਊਚੇ ਕਉ ਜਾਣੈ ਸੋਇ।" ਇਤਿਆਦਿ ਵਾਕਾਂ ਦੁਆਰਾ ਜਾਣਿਆ ਜਾਂਦਾ ਹੈ ਕਿ "ਜੇਵਡ ਆਪ ਜਾਣੈ ਆਪ ਆਪਿ" ਅਰਥਾਤ ਸਤਿਪੁਰਖ ਆਪ ਹੀ ਆਪ ਨੂੰ ਜਾਣਦਾ ਹੈ। ਹੋਰ ਕੋਈ ਉਤਨਾ ਵੱਡਾ ਹੈ ਹੀ ਨਹੀਂ ਜੋ ਉਸ ਨੂੰ ਜਾਣ ਸਕੇ। ਤਾਂ ਤੇ ਆਪ ਨੂੰ ਜਾਨਣ ਵਾਲਾ ਅਤੇ ਜਨਾਉਣ ਵਾਲਾ ਸਤਿਪੁਰਖ ਆਪ ਹੀ ਸਤਿਗੁਰੂ ਹੈ। ਇਸੇ ਲਈ ਆਖਿਆ ਗਿਆ ਹੈ—"ਸਤਿਗੁਰ ਬਾਝਹੁ ਗੁਰੂ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ ।" ਅਰਥਾਤ "ਕਰਮਧਾਰਯ ਸਮਾਸ" ਦੁਆਰਾ ਸਤਿਗੁਰ ਸ਼ਬਦ ਦਾ ਅਰਥ ਸਤਿਪੁਰਖ ਰੂਪੀ ਗੁਰੂ ਹੋਣ ਕਰਕੇ ਅਕਾਲ ਪੁਰਖ ਦਾ ਹੀ ਗੁਰੂ ਹੋਣਾ ਸਿਧ ਹੁੰਦਾ ਹੈ। ਅਤੇ "ਸਤਿ-ਗੁਰੂ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ । ਓਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ" ਆਦੀ ਮਹਾਂ ਵਾਕ ਭੀ ਉਕਤ ਤਾਤਪ੍ਰਯ ਦੀ ਪੁਸ਼ਟੀ ਕਰਦੇ ਹੈਨ ਇਸ ਲਈ ਉਕਤ ਪ੍ਰਕਾਰ ਦਾ ਨਿਰਤਿਸ਼ਯ (ਸੁਤੰਤ੍ਰ—ਬੇਹਦ) ਗਿਆਨ ਵਾਲਾ ਸਿਵਾਇ ਅਕਾਲ ਪੁਰਖ ਦੇ ਕੋਈ ਭੀ ਨਾ ਹੋਣ ਕਰਕੇ ਜਣਾ ਕਣਾ ਗੁਰੂ ਲਛਣ ਤੋਂ ਲਛਤ ਨਹੀਂ ਹੋ ਸਕਦਾ । ਅਤੇ ਜਦੋਂ ਉਹੋ ਅਬਿਅਕਤ (ਸੂਖਮ) ਰੂਪ

Digitized by Panjab Digital Library | www.panjabdigilib.org

ਤੋਂ ਬਿਅਕਤ (ਪ੍ਰਗਟ) ਹੋਣ ਲਈ ਜਿਸ ਮਾਧਜ਼ਮ (ਮੀਡੀ-ਅਮ)* ਨੂੰ ਅੰਗੀ ਕਾਰ ਕਰਦਾ ਹੈ। ਤਾਂ ਉਪਚਾਰ (ਗਉਣ ਸੰਬੰਧ) ਦ੍ਰਿਸ਼ਟੀ ਨਾਲ ਉਸ ਜੋਤਿ ਦਾ ਬਿਹੁਹਾਰ ਉਸਦੇ ਸਾਧਨ (ਮਾਧਜ਼ਮ) ਵਿਚ ਹੁੰਦਾ ਹੈ। ਅਰਥਾਤ ਜਿਸ ਤਰਾਂ ਵਿਆਕਰਣ ਵਿਦਿਆ ਨੂੰ ਜ਼ਾਹਿਰ ਕਰਣ ਵਾਲਾ ਕਾਗਜ਼ਾਂ ਦਾ ਪੁੰਜ "ਵਿਆਕਰਣ' ਹੀ ਆਖਿਆ ਜਾਂਦਾ ਹੈ, ਉਸੇ ਤਰ੍ਹਾਂ ਗੁਰੂ ਤਾਂ ਖਾਸ ਜੋਤ ਦਾ ਨਾਮ ਹੈ। ਮਗਰ ਜਿਸ ਸਰੀਰ ਵਿਚ ਨਿਵਾਸ ਕਰਕੇ ਉਹ ਆਪ ਨੂੰ ਜ਼ਾਹਿਰ ਕਰਦੀ ਹੈ, ਉਸਨੂੰ ਭੀ ਜੋਤ ਵਾਲਾ ਮੰਨਕੇ "ਗੁਰੂ" ਹੀ ਆਖਿਆ ਜਾਂਦਾ ਹੈ। ਅਜਿਹਾ ਗੁਰੂ ਸਮੇਂ ੨ ਸਿਰ ਅਨੇਕ ਪ੍ਰਕਾਰ ਤੇ ਪ੍ਰਗਟ ਹੋਣ ਵਾਲਾ ਅਤੇ ਕੇਵਲ ਕਲਜੁਗ ਵਿਚ ਮਨੁਖ ਰੂਪ ਤੇ ਪ੍ਰਗਟ ਹੋਇਆ ੨ "ਕਲਿਜੁਗ ਪ੍ਰਮਾਣ ਗੁਰੂ ਨਾਨਕ ਅੰਗਦ ਅਮਰੁ ਕਹਾਇਓ" ਅਨੁਸਾਰ ਕੇਵਲ ਇਕੋ ਇਕ ਹੀ ਗੁਰੂ ਲਛਣਾਂ ਵਾਲਾ 'ਗੁਰੂ ਨਾਨਕ' ਦੇਵ ਹੈ। ਜਿਸ ਦੇ ਸੰਗਿ ਸਿਖ ਦਾ ਉਧਾਰ ਹੁੰਦਾ ਹੈ।

ਸ਼ੰਕਾ–ਸ੍ਰੀ ਗੁਰੂ ਬਾਣੀ ਵਿਚ ਲਿਖਿਆ ਹੈ ਕਿ "ਜਾਕੈ ਅੰਤਰਿ ਵਸੈ ਨਿਰੰਕਾਰ। ਤਾਕੀ ਸੀਖ ਤਰੈ ਸੰਸਾਰ" ਅਰਥਾਤ ਜਿਸ ਦੇਹ ਧਾਰੀ ਪੁਰਖ ਦੇ ਹਿਰਦੇ ਵਿਚ ਵਾਹਿਗੁਰੂ ਵਸ ਜਾਵੇ ਉਸ ਦੇ ਹੀ ਉਪਦੇਸ਼ ਨਾਲ ਸੰਸਾਰ ਤਰ ਜਾਂਦਾ ਹੈ। ਸੋ ਇਸ ਤੋਂ ਜਾਣਿਆ ਜਾਂਦਾ ਹੈ–ਜੋ

---

* ਕਿਸੇ ਨਿਮਿਤ ਨੂੰ ਲੈਕੇ ਅਤਦਭਾਵ ਵਿਚ ਤਦ ਭਾਵ ਦੀ ਕਲਪਣਾ ਉਪਚਾਰ ਹੈ।

Digitized by Panjab Digital Library | www.panjabdigilib.org

ਸੰਸਾਰ ਨੂੰ ਤਾਰਨ ਵਾਲਾ ਹੈ ਉਹੋ ਗੁਰੂ ਹੈ ਅਤੇ ਉਹ ਦੇਹ ਧਾਰੀ ਹੈ ।

ਹੋਰ ਭੀ ਹੈ-ਗੁਰੂ, ਸੰਤ, ਸਾਧੂ, ਗਿਆਨੀ ਅਤੇ ਬ੍ਰਹਮ ਗਿਆਨੀ ਆਦੀ ਸ਼ਬਦ ਭੇਖਵਾਨੀਆਂ ਨੂੰ ਛਡਕੇ ਇਕੋ ਵਸਤੂ (ਸਿਧ ਅਵਸਥਾ ਵਾਲਿਆਂ) ਦੇ ਨਾਉਂ ਹੋਣ ਕਰਕੇ ਸਾਧਾਰਣ ਯੋਗਿਕ ਪਦ ਹਨ ਕਿਸੇ ਖਾਸ ਪੁਰਖ ਲਈ ਰੂਢ ਜਾਂ ਯੋਗ ਰੂਢ ਨ ਹੋਣ ਕਰਕੇ ਪੁਰਾਤਨ ਭਗਤ, ਸਾਧੂ, ਸੰਤ ਜੋ ਕਬੀਰ ਆਦਿ ਹੋਏ ਹਨ, ਉਹ ਭੀ ਵਕਤ ਦੇ ਗੁਰੂ ਸਨ । ਫੇਰ ਗੁਰੂ ਨਾਨਕ ਦੇਵ ਆਦਿਕ ਆਪਣੇ, ਸਮੇਂ ਦੇ ਗੁਰੂ ਹੋਏ । ਏਸੇ ਤਰਾਂ ਹੁਣ ਭੀ ਜੋ ਸਾਧੂ ਸੰਤ ਆਦਿ ਹੋਣ ਉਨ੍ਹਾਂ ਨੂੰ ਗੁਰੂ ਹੀ ਕਹਿਣਾ ਪਵੇਗਾ।

ਉਤਰ—"ਜਾਂਕੈ ਅੰਤਰਿ ਵਸੈ ਨਿਰੰਕਾਰ" ਦਾ ਭਾਵ ਇਹ ਹੈ ਕਿ ਜਿਸ ਵਿਚ ਅਪਣੇ ਆਪ ਨੂੰ ਪ੍ਰਗਟ ਕਰਨ ਲਈ ਉਸ ਨੇ ਗੁਰੂ ਜੋਤਿ ਰਖੀ ਹੋਵੇ । ਉਸ ਨਾਮ ਅਤੇ ਰੂਪ ਧਾਰੀ ਦੀ ਸਿਖਿਆ ਨਾਲ ਹੀ ਉਧਾਰ ਹੁੰਦਾ ਹੈ । ਅਰਥਾਤ "ਸਤਿਗੁਰ ਵਿਚ ਆਪ ਰਖਿਓਨ ਕਰਿ ਪਰਗਟ ਆਖਿ ਸੁਣਾਇਆ ।" ਅਤੇ "ਭਗਿਤ ਜਨਾ ਕੈ ਮਨਿ ਬਿਸ੍ਰਾਮ ।" ਤਥਾ "ਗੋਬਿੰਦ ਭਗਤਿ ਕੈ ਮਨਿ ਬਿਸ੍ਰਾਮ" ਆਦਿ ਵਾਕਾਂ ਦੁਆਰਾ ਪੂਰੇ ਸਤਿਗੁਰ ਅਥਵਾ ਸਚੇ ਭਗਤਾਂ ਦੇ ਮਨ ਵਿਚ ਹੀ ਅਕਾਲ ਪੁਰਖ ਦੀ ਜੋਤਿ ਦਾ ਠਿਕਾਣਾ ਦਸਿਆ ਹੈ । ਜਣੇ ਕਣੇ ਦੇ ਹਿਰਦੇ ਵਿਚ ਦੂਜੇ ਤੋਂ ਉਪ-ਦੇਸ਼ ਲੈਕੇ ਸਾਮਾਨ ਤੌਰ ਤੇ ਵਸ ਜਾਣ ਦਾ ਭਾਵ ਨਹੀਂ ।

ਜੇ ਕਹੋ ਕਿ ਉਸ ਨੂੰ ਆਪਣੀ ਕਲਾ ਦੇ ਪ੍ਰਗਟ

Inderjit Singh

Digitized by Panjab Digital Library | www.panjabdigilib.org

ਕਰਨ ਲਈ ਦੇਹੀ ਦੀ ਲੋੜ ਅਵੱਸ਼ ਹੈ ਤਾਂ ਉਤਰ ਹੈ ਕਿ ਇਹ ਜ਼ਰੂਰੀ ਨਹੀਂ। ਕਿਉਂਕਿ ਜਿਸਤਰਾਂ ਕਰਤਾ ਕਿਸੇ ਕਾਰਜ ਦੇ ਕਰਨ ਲਈ ਦੇਸ ਕਾਲ ਵਸਤੂ ਦੀ ਅਪੇਖਿਆ ਨਾਲ ਵਖੋ ਵਖ ਸਾਧਨ ਵਰਤ ਲੈਂਦਾ ਹੈ। ਅਤੇ ਉਸ ਦੀ ਕਲਾ ਨੂੰ ਸਾਧਨਾਂ ਵਲੋਂ ਕੋਈ ਬੰਧਨ ਨਹੀਂ। ਬਲਕਿ ਸਾਧਨਾਂ ਨੂੰ ਕਰਤਾ ਦੀ ਕਲਾ ਦਾ ਹਰ ਸਮੇਂ ਬੰਧਨ ਹੈ। ਓਸੇ ਤਰਾਂ ਸਤਿਗੁਰਾਂ ਦੀ ਜੋਤਿ ਨੂੰ ਉਨ੍ਹਾਂ ਦੀ ਦੇਹ ਦਾ ਕੋਈ ਬੰਧਨ ਯਾ ਛੋਹ ਨਹੀਂ। ਬਲਕਿ ਜਦੋਂ ਚਾਹੁੰਣ "ਬਾਬਾ ਬਕਾਲੇ" ਕਹਿਕੇ ਦਿੱਲੀਓਂ ਗੁਰੂ ਜੋਤਿ ਭੇਜਣ ਵਾਂਗ ਦੇਹ ਤੋਂ ਬਿਨਾਂ ਕੇਵਲ ਕਲਾ ਨਾਲ ਹੀ ਸਭ ਕਾਰਜ ਕਰ ਸਕਦੇ ਹਨ। ਸੋ ਦੇਹ ਦਾ ਹੋਣਾ ਉਨ੍ਹਾਂ ਦੇ ਸਰੂਪ ਵਿਚ ਬਗਾੜ ਭੀ ਪੈਦਾ ਨਹੀਂ ਕਰਦਾ।

ਦੂਜੇ "ਸੰਤ, ਸਾਧੂ" ਅਤੇ "ਬ੍ਰਹਮ ਗਿਆਨੀ" ਪਦ ਯੋਗਿਕ ਅਤੇ ਸਰਬ ਸਾਧਾਰਣ ਲਈ ਹਨ ਪਰ ਜੋ ਠੀਕ ਇਨ੍ਹਾਂ ਲੱਛਣਾਂ ਵਾਲੇ ਹੋਣ। ਅਤੇ "ਗੁਰੂ" ਸ਼ਬਦ ਯੌਗਿਕ ਹੁੰਦਾ ਹੋਇਆ ਭੀ ਖਾਸ ਇਕੋ ਹਸਤੀ ਲਈ ਰੂਢ ਹੋਣ ਕਰਕੇ ਯੋਗ ਰੂਢ ਹੈ। ਜਿਸ ਤਰਾਂ ਕਿ "ਆਕਾਸ਼" ਯੌਗਿਕ ਪਦ ਹੁੰਦਾ ਹੋਇਆ ਕੇਵਲ ਇਕੋ ਹਸਤੀ ਵਾਚਕ ਹੁੰਦਾ ਹੈ। ਏਸੇ ਤਰਾਂ ਗੁਰੂ ਪਦ ਵੀ ਇਕੋ ਹਸਤੀ ਲਈ ਰੂਢ ਹੈ। ਅਤੇ "ਸਾਧੂ" ਸੰਤ, ਸਿੱਧ ਅਵਸਥਾ ਵਾਲੇ ਭਾਵੇਂ ਮੁਕਤਿ ਹੀ ਕਿਉਂ ਨਾ ਕਹੇ ਜਾਣ, ਗੁਰੂ ਨਹੀਂ ਬਣ ਸਕਦੇ। ਕਿਉਂਕਿ ਉਹ ਜਨਮ ਮਰਨ ਧਰਮ ਵਾਲੇ ਹਨ। ਅਤੇ ਗੁਰੂ ਜੋਤਿ "ਜਨਮ ਮਰਨ ਦੋਹੂੰ ਮਹਿ ਨਾਹੀ ਜਨ

Digitized by Panjab Digital Library | www.panjabdigilib.org

ਪਰ ਉਪਕਾਰੀ ਆਏ" ਤਥਾ "ਗੁਰੁ ਕਰਿ ਪੁਰਖ ਅਜ-ਨਮਾ" ਦੇ ਅਨੁਸਾਰ ਅਬਿਨਾਸੀ ਹਸਤੀ ਹੈ। ਇਸ ਲਈ "ਸਾਧੁ ਸੰਤ" ਆਦਿ ਦੇ ਅਰਥਾਂ ਨਾਲੋਂ ਗੁਰੁ ਸ਼ਬਦ ਅਧਿਕ ਵਿਆਪਕ ਅਰਥਾਂ ਵਿਚ ਹੈ। ਭਾਵ ਜਿਸ ਤਰਾਂ ਇਕ ਸੋਨਾ ਆਪਣੇ ਵਿਆਪਿਯ ਮੁੰਦੀ ਅਤੇ ਕੜੇ ਆਦਿ ਵਿਚ ਮੁੰਦੀ ਅਤੇ ਕੜਾ ਆਦਿ ਹੁੰਦਾ ਹੋਇਆ ਭੀ ਸੋਨਾ ਹੈ। ਕਿਉਂਕਿ ਵਿਆਪਕ ਹੈ। ਅਤੇ ਮੁੰਦੀ ਅਰ ਕੜਾ ਆਦਿ ਸੋਨਾ ਰੂਪ ਹੁੰਦੇ ਭੀ ਪਰਸਪਰ ਇਕ ਦੂਜੇ ਦੇ ਵਿਆਪਕ ਨਹੀਂ। ਉਸੇ ਤਰਾਂ 'ਗੁਰੂ ਜੋਤਿ' ਸਾਧ ਅਰ ਸੰਤ ਹੁੰਦੀ ਹੋਈ ਭੀ ਉਨ੍ਹਾਂ ਦੀ ਵਿਆਪਕ ਹੋਣ ਕਰਕੇ ਉਨ੍ਹਾਂ ਤੋਂ ਉਚੇਰੀ ਹੈ। ਅਤੇ "ਪੂਰਾ ਗੁਰੂ ਅਖਯਉ ਜਾਂਕਾ ਮੰਤ੍ਰ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ" ਆਦਿ ਪ੍ਰਮਾਣਾਂ ਤੋਂ ਭੀ ਜਾਣਿਆ ਜਾਂਦਾ ਹੈ ਕਿ ਗੁਰੂ ਤਾਂ ਸਾਧਾਂ ਸੰਤਾਂ ਨੂੰ ਪੈਦਾ ਕਰ ਸਕਦਾ ਹੈ। ਮਗਰ ਕਿਸੇ ਸਾਧ ਨੇ ਅਜ ਤਕ ਗੁਰੂ ਨਹੀਂ ਬਣਾਇਆ। ਸੋ ਸੰਤਾਂ ਸਾਧਾਂ ਦੇ ਗੁਰੂ ਹੋਣ ਵਿਚ ਉਨ੍ਹਾਂ ਦੇ ਸੰਤ ਪਣਾ ਅਤੇ ਸਾਧ ਪਣ ਹੇਤੂ ਵਿਆਪਤ੍ਯਸਿੱਧ (ਵਿਆਪਤੀ ਦੇ ਅਭਾਵ ਵਾਲੇ) ਹਨ। ਅਤੇ 'ਗੁਪਤ੍' ਹੇਤੂ ਸੰਤਪਣੇ ਆਦਿ ਵਿਚ ਭੀ ਵਿਆਪਕ ਹੈ। ਤਾਂਤੇ ਸੰਤ, ਸਾਧ, ਭਗਤ ਅਤੇ ਬ੍ਰਹਮ ਗਿਆਨੀ ਪਦਵੀ ਨਾਲੋਂ 'ਗੁਰੂ' ਪਦਵੀ ਉੱਚੀ ਹੋਣ ਕਰਕੇ ਸਭ ਲਈ ਸਾਧਾਰਣ ਨਹੀਂ ਬਣ ਸਕਦੀ। ਕਿੰਤੂ ਵਿਸ਼ੇਸ਼ ਜੋਤਿ ਦੀ ਹੀ ਹੋ ਸਕਦੀ ਹੈ। ਸੋ ਕਬੀਰ ਆਦਿ ਪੁਰਾ-ਤਨ ਸੰਤ, ਭਗਤ ਅਤੇ ਹੁਣ ਦੇ ਭੀ ਸਾਧ ਸੰਤ 'ਗੁਰੂ' ਪਦਵੀ ਦੇ ਅਧਿਕਾਰੀ ਨਹੀਂ ਹੋ ਸਕਦੇ।

Digitized by Panjab Digital Library | www.panjabdigilib.org

ਜੇ ਸੰਤ ਅਤੇ ਸਾਧ ਆਦਿ ਦੀ ਤਰਾਂ ਗੁਰੂ ਪਦਵੀ ਭੀ ਸਰਬ ਸਾਧਾਰਣ ਦੀ ਹੁੰਦੀ ਤਾਂ ਗੁਰੂ ਬਾਣੀ ਵਿਚ ਜਿਸ ਤਰਾਂ 'ਆਵਹੁ ਸਿਖਹੁ ਸਤਿਗੁਰੂ ਕੇ ਪਿਆਰਿਹੁ' ਅਤੇ 'ਆਵਹੁ ਸੰਤਹੁ' ਅਥਵਾ 'ਸਾਧੋ ਮਨ ਕਾ ਮਾਨ ਤਿਆਗੋ' ਆਦਿ ਲਿਖਿਆ ਹੈ। ਓਸੇ ਤਰਾਂ 'ਆਓ ਗੁਰੂਓ' ਜਾਂ "ਆਓ ਸਤਿਗੁਰੋ"! ਅਜੇਹਾ ਕਥਨ ਭੀ ਹੁੰਦਾ। ਇਸ ਲਈ ਗੁਰੂ ਯਾ ਸਤਤਿਗੁਰੂ ਪਦ ਸਾਧਾਰਣ ਹਸਤੀਆਂ ਲਈ ਨਹੀਂ ਕਿੰਤੂ ਵਿਸ਼ੇਸ਼ ਇਕੋ ਜੋਤਿ ਲਈ ਹੈ।

ਜੇ ਕਹੋ ਕਿ ਗੋਰਖ ਆਦਿ ਲਈ ਭੀ ਉਨ੍ਹਾਂ ਦੇ ਚੇਲਿਆਂ ਵਲੋਂ "ਗੁਰੂ" ਪਦ ਵਰਤਿਆ ਗਿਆ ਹੈ। ਅਤੇ ਹੋਰ ਸੰਪ੍ਰਦਾਵਾਂ ਵਿਚ ਆਪੋ ਆਪਣੇ ਅਚਾਰਯਾਂ ਨੂੰ ਹੁਣ ਤਕ ਸਭ "ਗੁਰੂ" ਹੀ ਆਖਦੇ ਹਨ। ਇਸ ਲਈ "ਗੁਰੂ" ਪਦ ਸਾਧਾਰਣ ਹੈ। ਤਾਂ ਉੱਤਰ ਹੈ ਕਿ ਜਿਸ ਤਰਾਂ ਕੋਈ ਖਾਸ ਆਦਮੀ ਕਿਸੇ ਖਾਸ ਮਨੁਖ ਦਾ ਪਿਤਾ ਅਤੇ ਕਿਸੇ ਖਾਸ ਦਾ ਪੁਤ੍ਰ ਭੀ ਹੁੰਦਾ ਹੈ। ਇਸ ਲਈ ਉਸ ਦੇ ਪਿਤਾ ਵਲੋਂ ਪੁਤ੍ਰ ਕਹਿਆ ਜਾਣਾ, ਅਤੇ ਪੁਤ੍ਰ ਵਲੋਂ ਬਾਪੂ ਕਹਿਆ ਜਾਣਾ ਪਦਵੀ ਯਾ ਸੰਗਿਆ ਨਹੀਂ ਕਹਾ ਸਕਦਾ। ਓਸੇ ਤਰ੍ਹਾਂ ਕਿਸੇ ਦੇ ਚੇਲੇ ਵਲੋਂ ਆਪਣੇ ਗੁਰੂ ਨੂੰ 'ਗੁਰੂ' ਕਹਿਣ ਨਾਲ ਗੁਰੂ ਪਦ ਸਾਧਾਰਣ ਨਹੀਂ ਬਣ ਜਾਂਦਾ। ਕਿੰਤੂ ਅਪੇਖਿਆ ਵਾਲਾ ਹੋਣ ਕਰਕੇ ਅਸਾਧਾਰਣ ਹੀ ਰਹੇਗਾ। ਜੇ ਇਉਂ ਨਾ ਮੰਨਿਆ ਜਾਵੇ ਤਾਂ ਕੋਈ ਮਨੁੱਖ ਆਪਣੇ ਪੁਤ੍ਰ ਦਾ ਪਿਤਾ ਹੁੰਦਾ ਹੋਇਆ ਸਾਰੇ ਜਹਾਨ ਦਾ ਪਿਤਾ ਬਣ ਜਾਵੇ। ਅਥਵਾ ਕਿਸੇ ਦਾ ਪੁਤ੍ਰ ਸਾਰੇ ਜਹਾਨ ਦਾ ਪੁਤ੍ਰ

Digitized by Panjab Digital Library | www.panjabdigilib.org

ਬਣ ਜਾਵੇ। ਤਾਂ ਆਪੋ ਆਪਣੀ ਸੰਪ੍ਰਦਾਇ ਦੇ ਗੁਰੂ ਆਪਣੇ ਆਪਣੇ ਚੇਲਿਆਂ ਦੇ ਹੀ ਗੁਰੂ ਹੋਣ ਕਰਕੇ ਸਰਬ ਸਾਧਾਰਣ ਦੇ ਗੁਰੂ ਨਹੀਂ ਬਣ ਸਕਦੇ। ਏਸੇ ਲਈ ਗੋਰਖ ਆਦਿ ਦੀ ਵਿਸ਼ੇਸ਼ ਸੰਗਿਆ 'ਨਾਥ' ਆਦਿ ਹੈ 'ਗੁਰੂ' ਨਹੀਂ। ਮਗਰ ਗੁਰੂ ਨਾਨਕ ਦੇਵ ਜੀ ਲਈ 'ਸਾਧੂ ਅਤੇ ਸੰਤ' ਆਦਿ ਸਾਧਾਰਣ ਪਦ ਯੌਗਿਕ ਹਨ। ਅਤੇ "ਗੁਰੂ" ਪਦ ਉਹਨਾਂ ਲਈ ਰੂਢ ਹੋਣ ਕਰਕੇ ਉਹਨਾਂ ਦੀ ਵਿਸ਼ੇਸ਼ ਪਦਵੀ ਲਈ ਹੈ, ਏਸੇ ਲਈ ਉਹਨਾਂ ਦੇ ਪੰਥ ਦਾ ਨਾਮ 'ਗੁਰੂ ਮਤਿ' ਹੈ। ਸੋ ਗੁਰੂ ਨਾਨਕ ਦੇਵ ਦੇ ਸਿਵਾਏ ਕੋਈ ਪੁਰਾਤਣ ਅਥਵਾ ਨਵੀਨ ਪੁਰਖ ਗੁਰੂ ਨਹੀਂ।

ਸ਼ੰਕਾ—ਆਪ ਦੇਹਧਾਰੀ ਗੁਰੂ ਹੋਣ ਦਾ ਇਉਂ ਭੀ ਖੰਡਨ ਨਹੀਂ ਕਰ ਸਕਦੇ। ਕਿਉਂਕਿ:—

੧. ਗੁਰੂ ਨਾਨਕ ਦੇਵ ਭੀ ਦੇਹ ਧਾਰੀ ਹੀ ਹੋਏ ਹਨ। ਜਿਨ੍ਹਾਂ ਨੇ "ਗੁਪਤ ਨਾਮ ਪ੍ਰਗਾਝਾ" ਅਨੁਸਾਰ ਦੇਹ ਧਾਰੀ ਹੋਕੇ ਹੀ ਨਾਮ ਨੂੰ ਪ੍ਰਗਟ ਕੀਤਾ ਹੈ।

੨. ਸਤਿਗੁਰਾਂ ਦੇ ਵੇਲੇ ਭੀ ਦੇਹ ਧਾਰੀ ਗੁਰੂ ਹੁੰਦੇ ਰਹੇ ਹਨ। ਦੇਖੋ "ਸੂਰਜ ਪ੍ਰਕਾਸ਼" ਵਿਚ ਲਿਖਿਆ ਹੈ ਕਿ ਗੁਰੂ ਕਲਗੀਧਰ ਨੇ ਭਾਈ ਸੰਤ ਸਿੰਘ ਜੀ ਅਤੇ ਭਾਈ ਨੰਦ ਲਾਲ ਨੂੰ ਗੁਰਿਆਈ ਦਿਤੀ।

੩. ਗੁਰੂ ਦਸਮ ਪਾਤਸ਼ਾਹ ਨੇ ਦੇਹ ਧਾਰੀ ਗੁਰੂ ਹੋਣ ਦਾ ਨਿਸ਼ੇਧ ਭੀ ਨਹੀਂ ਕੀਤਾ।

ਉੱਤਰ—

੧. ਪਹਿਲੇ ਕਥਨ ਕਰਿ ਆਏ ਹਾਂ ਕਿ ਜਿਸ ਤਰ੍ਹਾਂ

Digitized by Panjab Digital Library | www.panjabdigilib.org

"ਮਹਾਂਭਾਰਤ ਦਾ ਜੁਧ" ਇਸ ਨਾਮ ਦੀ ਪੁਸਤਕ ਦਾ ਅਸਲ ਰੂਪ ਤਾਂ ਉਹ ਪੁਸਤਕ ਹੈ ਮਗਰ ਉਸ ਨੂੰ (ਜੁਧ ਨੂੰ) ਕਥਨ ਕਰਨ ਵਾਲੀ ਹੋਣ ਕਰਕੇ 'ਪ੍ਰਤਿ-ਵਾਦਜ ਪ੍ਰ ਤ-ਪਾਦਿਕ' ਸੰਬੰਧ ਰੂਪ ਉਪਚਾਰ ਨਾਲ ਉਹ ਪੁਸਤਕ ਹੀ "ਮਹਾ ਭਾਰਤ ਦਾ ਜੁਧ" ਆਖੀ ਜਾਂਦੀ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਨਿਜ ਰੂਪ ਤਾਂ ਜੋਤਿਪ੍ਰਕਾਸ਼ ਹੀ ਹੈ। ਮਗਰ ਉਹ ਜੋਤਿ ਜਿਸ ਨਾਮ ਅਤੇ ਰੂਪ ਦੁਆਰਾ ਪ੍ਰਗਟ ਹੋਈ ਹੈ। ਉਸ ਨੂੰ ਭੀ'ਅਧਾਰ–ਆਧੇਜਤਾ' ਸਬੰਧ ਰੂਪ ਉਪਚਾਰ ਕਰਕੇ ਗੁਰੂ ਆਖਿਆ ਜਾਂਦਾ ਹੈ। ਅਤੇ ਉਨ੍ਹਾਂ ਨੂੰ ਦੇਹ ਦਾ ਬੰਧਨ ਨਹੀਂ। ਕਿਉਂਕਿ ਪਿਛਲੇ ਜੁਗਾਂ ਵਿਚ "ਗੁਣ ਗਾਵੈ ਜਨਕਿ ਆਦਿ ਜੁਗਤ ਜੋਗੇਸਰ" ਅਤੇ "ਸੁਖ ਦੇਓ ਪ੍ਰੀਖਯਤ ਗੁਣ ਰਵੈ ਗੋਤਮ ਰਿਖਿ ਜਸ ਗਾਇਓ ॥ ਕਵਿ ਕਲਸੁਜਸ ਨਾਨਕ ਗੁਰ ਨਿਤ ਨਵ ਤਨ ਜਗ ਛਾਇਉ ॥" ਅਨੁਸਾਰ ਦੇਹ ਤੋਂ ਬਿਨਾਂ ਹੀ ਉਪਦੇਸ਼ ਕਰਦੇ ਰਹੇ। ਏਸ ਜੁਗ ਵਿਚ "ਚਹੁ ਜੁਗਾ ਕਾ ਹੁਣ ਨਿਬੇੜਾ" ਉਨ੍ਹਾਂ ਨੇ ਆਪਣੇ ਗਿਆਨਨੂੰ ਪੂਰਨ ਰੀਤੀ ਨਾਲ ਪ੍ਰਕਾਸ਼ ਕਰਨ ਲਈ ਲੀਲ੍ਹਾ ਕਰਕੇ ਹੀ ਦੇਹ ਨੂੰ ਧਾਰਨ ਕੀਤਾ। ਉਨ੍ਹਾਂ ਤੋਂ ਬਿਨਾਂ ਹੋਰ ਕੋਈ ਭੀ ਮਹਾਂ ਪੁਰਖ ਨਹੀਂ ਹੋਇਆ, ਜਿਸ ਨੇ ਲੀਲ੍ਹਾ ਨਾਲ ਹੀ ਗੁਰੂ ਜੋਤਿ ਦੇਹ ਵਿਚ ਪ੍ਰਗਟ ਕੀਤੀ ਹੋਵੇ। ਇਸ ਲਈ ਏਸ ਦਾ ਧਾਰਨ ਕਰਨਾ ਗੁਰੂ ਜੋਤ ਲਈ ਹੋਰਨਾਂ ਵਾਂਗ ਜ਼ਰੂਰੀ ਅਤੇ ਬਾਨ੍ਹ ਦੇ ਕਾਰਣ ਨਹੀਂ।

(੨) ਗੁਪਤ ਨਾਮ ਭਾਵੇਂ "ਵਾਹਿਗੁਰੂ" ਹੀ ਪ੍ਰਗਟ ਕੀਤਾ। ਅਤੇ ਭਾਵੇਂ ਦੇਹ ਨਾਲ ਹੀ ਪ੍ਰਗਟ ਕੀਤਾ।

Digitized by Panjab Digital Library | www.panjabdigilib.org

ਾਗਰ ਪੁਰਾਤਨ ਸਮੇਂ ਵਿਚ ਭੀ ਏਹੋ ਨਾਮ ਭਗਤਾਂ ਦੀ 'ਪਰਾ' ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ ਸੀ । ਅਤੇ "ਵਾਹਿਗੁਰੂ" ਇਨ੍ਹਾਂ ਅੱਖਰਾਂ ਵਿਚ ਉਹ ਨਾਮ ਨਾ ਆਉਣ ਦਾ ਕਾਰਣ ਇਹ ਹੈ ਕਿ 'ਪਰਾ' ਬਾਣੀ ਵਿਚ ਅੱਖਰ ਨਹੀਂ ਹੁੰਦੇ । ਕਿੰਤੂ ਅੱਖਰਾਂ ਦੇ ਮੂਲ ਅਰਥ 'ਕ੍ਰਮ' ਦੇ ਕਾਰਣ ਅਰਥ ਦੀ ਹੀ ਸਫੁਰਤੀ ਹੋਇਆ ਕਰਦੀ ਹੈ । ਇਸ ਲਈ ਕਲਜੁਗ ਵਿਚ ਗੁਰਮੰਤ੍ਰ ਅਤੇ ਗੁਰਬਾਣੀ ਨੂੰ ਬੈਖਰੀ ਬਾਣੀ ਵਿਚ ਪ੍ਰਗਟ ਕੀਤਾ ਹੋਣ ਕਰਕੇ ਉਹ ਗੁਪਤ "ਵਾਹਿਗੁਰੂ" ਨਾਮ ਅਤੇ ਗੁਪਤ ਬਾਣੀ ੧ਓ ਤੋਂ ਅਰੰਭ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਕਲ ਵਿਚ ਪ੍ਰਗਾਸ਼ੀ ਹੈ । ਸੋ ਜਿਹੜਾ ਲਾਭ ਹੁਣ ਦੇਹ ਧਾਰਕੇ ਗੁਰਾਂ ਨੇ ਸੰਸਾਰ ਨੂੰ ਪਹੁੰਚਾਇਆ ਹੈ, ਉਹ ਲਾਭ ਪੁਰਾਣੇ ਸਮੇਂ ਵਿਚ ਦੇਹ ਤੋਂ ਬਿਨਾਂ ਭਗਤ ਜਨਾਂ ਨੂੰ ਬਖਸ਼ਿਆ ਸੀ । ਇਸ ਲਈ ਹੁਣ ਉਨ੍ਹਾਂ ਦਾ ਦੇਹ ਧਾਰਨਾ ਪਹਿਲੇ ਨਿਰੰਤਰੀ ਰੂਪ ਤੋਂ ਵਾਧੂ ਨਹੀਂ ਸੀ । ਅਤੇ ਹੁਣ ਦੇਹ ਦਾ ਨਾ ਹੋਣਾ ਉਹਨਾਂ ਦੇ ਸ੍ਵਰੂਪ ਵਿਚ ਨਿਊਨਤਾ ਦਾ ਕਾਰਨ ਭੀ ਨਹੀਂ।

(੩) ਜੋ 'ਸੂਰਜ ਪ੍ਰਕਾਸ਼' ਦਾ ਪ੍ਰਮਾਣ ਦੇਕੇ ਲਿਖਿਆ ਹੈ ਕਿ ਸਤਿਗੁਰਾਂ ਦੇ ਵੇਲੇ ਹੋਰ ਭੀ ਦੇਹਧਾਰੀ ਹੁੰਦੇ ਰਹੇ ਹਨ । ਅਤੇ ਦਸਮੇਸ਼ ਜੀ ਨੇ ਆਪ ਭੀ ਸਿਖਾਂ ਨੂੰ 'ਗੁਰੂ' ਪਦਵੀ ਬਖਸ਼ੀ ਸੀ, ਇਹ ਬਿਲਕੁਲ ਗਲਤ ਹੈ, ਕਿਉਂਕਿ ਇਹਨਾਂ ਹੀ ਇਤਹਾਸਾਂ ਵਿਚ ਏਸ ਤੋਂ ਉਲਟ ਪ੍ਰਸੰਗ ਭੀ

Digitized by Panjab Digital Library | www.panjabdigilib.org

ਹਨ । ਜੈਸੇ ਪੰਜਵੇਂ ਪਾਤਸ਼ਾਹ ਸਮੇਂ ਭਗਵਾਨ ਗਿਰ ਸੰਨਿਆਸੀ ਨੂੰ ਬਾਬਾ ਧਰਮਚੰਦ ਜੀ ਨੇ ਗੁਰੂ ਅਰਜਨ ਦੇਵ ਜੀ ਦਾ ਸਿਖ ਬਣਾਇਆ । ਏਸੇ ਤਰਾਂ ਭ:ਈ ਫੇਰੂ ਜੀ ਦੇ ਬਾਰ ਬਾਰ ਕਹਿਣ ਤੇ ਭੀ ਭਾਈ ਭਗਤੂ ਜੀ ਨੇ ਉਹਨਾਂ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਦਾ ਹੀ ਸਿਖ ਬਣਾ-ਇਆ, ਆਪਣਾ ਨਹੀਂ । ਏਸੇ ਤਰਾਂ ਗੁਰੂ ਘਰ ਵਿਚ ਬਾਬਾ ਬੁੱਢਾ ਜੀ ਆਦਿਕ ਹਜ਼ਾਰਾਂ ਹੀ ਸਿਖ ਅਤੇ ਬਾਬਾ ਰਾਮਰਾਇ ਜੀ ਆਦਿ ਸਾਹਿਬਜ਼ਾਦੇ ਸਨ । ਉਨ੍ਹਾਂ ਨੂੰ ਭਾਈ ਨੰਦ ਲਾਲ ਜੀ ਤੇ ਭਾਈ ਸੰਤ ਸਿੰਘ ਜੀ ਵਾਂਗ ਗੁਰੂ ਨਾ ਬਣਾਇਆ । ਅਤੇ ਭਾਈ ਮਨੀ ਸਿੰਘ ਜੀ ਵਰਗੇ ਪੂਰਨ ਸਿਖ ਅਤੇ ਬਾਬੇ ਮੋਹਰੀ ਵਰਗੇ ਆਗਿਆਕਾਰ ਗੁਰੂ ਸਾਹਿਬਜ਼ਾਦੇ ਕਿਉਂ ਨ ਗੁਰੂ ਬਣਾਏ ਗਏ ਬਲਕਿ ਗੁਰਦਿਤਾ ਜੀ ਵਰਗੇ ਪੂਰਨ ਆਗਿਆਕਾਰ ਸਾਹਿਬਜ਼ਾਦੇ ਕੇਵਲ ਕਰਾਮਾਤਾਂ ਦਿਖਾਉਣ ਪਿਛੇ ਹੀ ਪ੍ਰਲੋਕ ਗਾਮੀ ਕੀਤੇ ਗਏ ਤਾਕਿ ਕਮਲੀ ਦੁਨੀਆਂ ਉਨ੍ਹਾਂ ਦੀਆਂ ਕਰਾਮਾਤਾ ਦੇਖਕੇ ਗੁਰੂ ਹੀ ਨਾ ਮੰਨ ਬੈਠੇ । ਇਸ ਲਈ ਗੁਰੂ ਸਾਹਿਬਾਂ ਦੇ ਹੁੰਦਿਆਂ ਕਿਸੇ ਹੋਰ ਦੇਹ ਧਾਰੀ ਦਾ ਗੁਰੂ ਹੋਣਾ ਗੁਰੂ ਆਸ਼ਯ ਤੋਂ ਵਿਰੁਧ ਹੈ । ਅਤੇ ਇਸ ਤਰ੍ਹਾਂ ਦੇ ਖਿਆਲ ਵਾਲੇ ਇਤਿਹਾਸਕਾਰਾਂ ਦਾ ਆਪਣੇ ਖਿਆਲਾਂ ਦੀ ਰੰਗਤ ਵਿਚ ਉਕਤ ਪ੍ਰਕਾਰ ਦਾ ਲੇਖ ਲਿਖਣਾ ਸੰਪ੍ਰਦਾਇ, ਗੁਰਬਾਣੀ, ਅਤੇ ਆਪਣੇ ਆਪ ਵਲੋਂ ਅਤੇ ਹੋਰ ਥਾਂ ਲਿਖੇ ਹੋਏ ਲੇਖਾਂ ਤੋਂ ਭੀ ਵਿਰੁਧ ਹੋਣ ਕਰਕੇ ਮੰਨਣ ਯੋਗ ਨਹੀਂ । ਇਸ ਲਈ ਭਾਈ ਨੰਦ ਲਾਲ

Digitized by Panjab Digital Library | www.panjabdigilib.org

ਜੀ ਆਦਿ ਨੂੰ ਦਸਮੇਸ਼ ਪਾਤਸ਼ਾਹ ਵਲੋਂ "ਗੁਰੂ" ਥਾਪਣ ਦਾ ਕਥਨ ਬਿਲਕੁਲ ਝੂਠ ਹੈ। ਜੇ ਕਿਸੇ ਨੂੰ ਅਜੇ ਭੀ ਨਿਸਚਾ ਹੋਵੇ ਤਾਂ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਪੜ੍ਹ ਵੇਖੇ।

ਇਹ ਕਹਿਣਾ ਕਿ "ਗੁਰੂ ਦਸਮੇਸ਼ ਜੀ ਨੇ ਕਿਤੇ ਦੇਹ ਧਾਰੀ ਗੁਰੂ ਹੋਣ ਦਾ ਨਿਖੇਧ ਨਹੀਂ ਕੀਤਾ" ਪ੍ਰਤੱਛ ਦੇ ਵਿਰੁਧ ਹੈ। ਕਿਉਂਕਿ ਬਾਣੀ ਨਾਲ ਕਥਨ ਕਰਨ ਨਾਲੋਂ ਵਰਤਾਉ ਵਿਚ ਲੈ ਆਣਾ ਘਟ ਨਹੀਂ ਹੁੰਦਾ ਅਰ-ਥਾਤ ਗੁਰੂ ਸਾਹਿਬ ਦਾ ਆਪਣੇ ਪਿਛੋਂ ਕਿਸੇ ਦੇਹ ਧਾਰੀ ਨੂੰ ਗੁਰੂ ਨ ਬਨਾਉਣਾ ਅਤੇ ਆਪਣੀ ਸ਼ਬਦ ਰੂਪੀ ਜੋਤਿ ਨੂੰ ਹੀ ਗੁਰੂ ਪਦਵੀ ਦੇਣੀ ਦੇਹ ਧਾਰੀ ਗੁਰੂ ਦੇ ਨਿਸ਼ੇਧ ਵਿਚ ਜਿਊਂਦੀ ਜਾਗਦੀ ਉਦਾਹਰਣ ਹੈ।

## ਪੁਰਾਣੇ ਸਾਧਕਾਂ ਦੀ ਮੁਕਤੀ

ਸ਼ੰਕਾ—ਜੋ ਜੋ ਪੁਰਾਤਨ ਸਮੇਂ ਵਿਚ ਭਗਤ ਰਿਸ਼ੀ ਮੁਨੀ ਅਤੇ ਦੇਵਤੇ ਸਾਰਖੇ ਭੀ ਹੋਏ ਹਨ, ਉਨ੍ਹਾਂ ਦਾ ਆਪਣੇ ੨ ਗੁਰੂਆਂ ਪਾਸੋਂ ਤਰਨਾ ਸਿਧ ਹੁੰਦਾ ਹੈ। ਜੈਸਾ ਕਿ "ਭਾਈ ਗੁਰ ਬਿਨੁ ਤਰਿਆ ਨ ਕੋਇ ॥ ਪੂਛਹੁ ਬ੍ਰਹਮੈ ਨਾਰਦੈ ਵੇਦ ਬਿਆਸੈ ਕੋਇ ॥" ਅਰਥਾਤ ਬ੍ਰਹਮਾਂ ਤੇ ਬਿਆਸ ਆਦੀ ਭੀ ਸਾਖੀ ਭਰਦੇ ਹਨ ਕਿ ਗੁਰੂ ਬਿਨਾ ਕਿਸੇ ਸਮੇਂ ਭੀ ਕਿਸੇ ਦੀ ਗਤੀ ਨਹੀਂ ਹੋਈ। ਅਤੇ "ਗੁਰ ਕੈ ਸਬਦ ਤਰੇ ਮੁਨਿ ਕੇਤੇ, ਇੰਦ੍ਰਾਦਿਕ ਬ੍ਰਹਮਾਦਿ ਤਰੇ ॥" ਤੋਂ ਭੀ ਜਾਣਿਆ ਜਾਂਦਾ ਹੈ। ਕਿ ਦੇਵਤੇ

Digitized by Panjab Digital Library | www.panjabdigilib.org

ਅਤੇ ਮੁਨੀ ਆਪਣੇ ੨ ਗੁਰੂਆਂ ਪਾਸੋਂ ਗਿਆਨ ਪ੍ਰਾਪਤ ਕਰਕੇ ਪਾਰ ਹੋ ਗਏ ਹਨ। ਸੋ ਉਨ੍ਹਾਂ ਦੇ ਗੁਰੂ ਸਭ ਦੇਹ ਵਾਲੇ ਹੀ ਸਨ। ਇਸ ਲਈ ਗੁਰੂ ਦੇਹ ਧਾਰੀ ਹੀ ਹੋਣਾ ਚਾਹੀਦਾ ਹੈ। ਉੱਤਰ:-

ਪਹਿਲੇ ਪ੍ਰਮਾਣ ਦਾ ਭਾਵ ਕੇਵਲ ਗੁਰੂ ਦੀ ਉਪਮਾ ਵਿਚ ਹੀ ਹੈ। ਨਾ ਕਿ ਦੇਹਧਾਰੀ ਦੇ ਗੁਰੂ ਹੋਣ ਵਿਚ ਅਤੇ "ਗੁਰ ਕੈ ਸ਼ਬਦ ਤਰੇ ਮੁਨ ਕੇਤੇ" ਵਿਚ ਭੀ ਗੁਰਾਂ ਦੇ ਸ਼ਬਦ ਦੁਆਰਾ ਹੀ ਦੇਵਤੇ ਤੇ ਮੁਨੀਆਂ ਦਾ ਤਰਨਾ ਲਿਖਿਆ ਹੈ। ਨਾ ਕਿ ਗੁਰਾਂ ਦਾ ਦੇਹਧਾਰੀ ਹੋਣਾ। ਕਿਉਂਕਿ ਏਸ ਜਗ੍ਹਾ ਕੇਵਲ 'ਗੁਰੂ' ਸ਼ਬਦ ਦੀ ਵਿਸ਼ੇਸ਼ਤਾ ਹੋਣ ਕਰਕੇ ਦੇਹਧਾਰੀ ਜਾਂ ਦੇਹ ਰਹਿਤ ਹੋਣ ਦਾ ਅਧਿਕਰਣ ਹੀ ਨਹੀਂ। ਜੇ ਕਹੋ ਕਿ ਉਨ੍ਹਾਂ ਦੇ ਗੁਰੂਆਂ ਦੀ ਦੇਹ ਹੋਵੇਗੀ ਤਾਂ ਹੀ ਉਨ੍ਹਾਂ ਨੇ ਉਪਦੇਸ਼ ਦਿਤਾ। ਤਾਂ ਇਸ ਤੇ ਵਿਕਲਪ ਹੁੰਦਾ ਹੈ ਕਿ ਉਨ੍ਹਾਂ ਦੇ ਗੁਰੂਆਂ ਦਾ ਗੁਰੂ ਭੀ ਦੇਹ ਧਾਰੀ ਹੋਵੇਗਾ ਕਿ ਨਹੀਂ ? ਜੇ ਦੇਹ ਧਾਰੀ ਹੋਵੇਗਾ, ਤਾਂ ਉਸਦਾ ਭੀ ਗੁਰੂ ਦੇਹ ਧਾਰੀ ਮਨੋਂਗੇ ਕਿ ਨਹੀਂ ? ਏਸੇ ਤਰ੍ਹਾਂ ਅਗਾਹਾਂ ੨ ਵਿਕਲਪ ਹੁੰਦਾ ਜਾਵੇਗਾ। ਅਤੇ ਜੇ ਅੰਤਿਮ ਵਿਕਲਪ ਦਾ ਵਿਰੋਧ ਹੋਵੇਗਾ ਜੇ ਓਸ ਮੂਲ ਪੁਰਸ਼ ਦਾ ਕੋਈ ਗੁਰੂ ਦੇਹ ਧਾਰੀ ਨ ਮੰਨੀਏ ਤਾਂ ਦੇਹ ਧਾਰੀ ਗੁਰੂ ਹੋਣ ਦਾ ਸਿਧਾਂਤ ਉਡ ਜਾਵੇਗਾ। ਜੇ ਉਸ ਦਾ ਗੁਰੂ ਭੀ ਦੇਹ ਧਾਰੀ ਮੰਨੋ ਤਾਂ ਉਹ ਆਦਿ ਗੁਰੂ ਨ ਰਹੇਗਾ। ਜਦੋਂ ਕੋਈ ਆਦਿ ਗੁਰੂ ਨਾ ਰਿਹਾ ਤਾਂ ਕਿਸੇ ਨੂੰ ਆਪਣੇ ਦੇਹ ਧਾਰੀ ਗੁਰੂ ਤੋਂ ਗਿਆਨ ਲੈਣ ਦੀ

Digitized by Panjab Digital Library | www.panjabdigilib.org

ਜ਼ਰੂਰੀ ਬਾਨ੍ਹ ਨਾ ਰਹੇਗੀ । ਅਰਥਾਤ ਜੋ ਭੀ ਕਿਸੇ ਪਾਸੋਂ ਗਿਆਨ ਨਾ ਲੈਂਦਾ ਹੋਯਾ ਆਪਣੇ ਆਪ ਤੋਂ 'ਆਦਿ ਗੁਰੂ' ਬਣ ਗਿਆ ਹੈ । ਅਤੇ ਕਿਸੇ ਦੇਹ ਧਾਰੀ ਗੁਰੂ ਦੀ ਲੋੜ ਉਸ ਨੂੰ ਨਹੀਂ ਪਈ, ਉਸੇ ਤਰ੍ਹਾਂ ਹੋਰਨਾਂ ਨੂੰ ਭੀ ਜ਼ਰੂਰੀ ਨਹੀਂ ਹੋਵੇਗੀ । ਇਸ ਤੋਂ ਗੁਰਾਂ ਦੇ ਜ਼ਰੂਰੀ ਤੌਰ ਤੇ ਦੇਹ ਧਾਰਨ ਦਾ ਖੰਡਨ ਹੋ ਗਿਆ । ਅਰ ਜਿਹੜੇ ਰਿਦ੍ਰ ਅਤੇ ਮੁਨੀ ਆਦਿਕਾਂ ਦਾ ਗੁਰੂ ਉਪਦੇਸ਼ ਦੁਆਰਾ ਤਰਨਾ ਲਿਖਿਆ ਹੈ ਉਸ ਦਾ ਭਾਵ ਇਹ ਹੈ ਕਿ ਪੂਰਨ ਗੁਰੂ ਅਕਾਲ ਪੁਰਖ ਨੇ ਉਨ੍ਹਾਂ ਦੇ ਹਿਰਦੇ ਵਿਚ ਜਦੋਂ 'ਪਰਾ' ਬਾਣੀ ਦੇ ਰੂਪ ਵਿਚ ਗਿਆਨ ਪ੍ਰਗਟ ਕੀਤਾ, ਤਾਂ ਉਹੋ ਹੋਰ ਸਾਧਨਾਂ ਨੂੰ ਛਡਕੇ ਉਸ (ਗੁਰੂ ਉਪਦੇਸ਼) ਨੂੰ ਕਮਾਕੇ ਤਰ ਗਏ । ਜਿਸ ਤਰ੍ਹਾਂ ਕਿਸੇ ਨੇ ਕਦੇ ਆਪਣੇ ਗਲਾਸ ਵਿਚ ਦੁਧ ਪਾਕੇ ਪੀਤਾ ਹੋਵੇ ਤਾਂ ਜੇ ਕੋਈ ਫੇਰ ਕਦੇ ਉਸ ਨੂੰ ਬਖੋਰੇ ਵਿਚ ਪਾਕੇ ਛਕਾ ਦੇਵੇ ਤਾਂ ਦੁਹਾਂ ਸਮਿਆਂ ਵਿਚ ਦੁਧ ਇਕੋ ਹੋਣ ਕਰਕੇ ਇਹ ਜ਼ਰੂਰੀ ਨਹੀਂ ਕਿ ਗਲਾਸ ਵਿਚ ਪਾਇਆ ਦੁੱਧ ਹੀ ਦੁੱਧ ਹੁੰਦਾ ਹੈ। ਉਸੇ ਤਰਾਂ ਜੇ ਗੁਰੂ ਅਕਾਲ ਪੁਰਖ ਆਪਣਾ ਗਿਆਨ ਬੈਖਰੀ ਬਾਣੀ ਦੁਆਰਾ ਨਾ ਦਿੰਦਾ ਹੋਇਆ 'ਪਰਾ' ਬਾਣੀ ਦੁਆਰਾ ਹੀ ਕਰ ਦੇਵੇ ਤਾਂ ਉਸ ਦੇ ਉਪਦੇਸ਼ ਯਾ ਗਿਆਨ ਵਿਚ ਕੋਈ ਫਰਕ ਨਹੀਂ ਪੈਂਦਾ । ਸੋ ਪੁਰਾਤਨ ਸਾਧਕ ਪੁਰਸ਼ਾਂ ਦਾ ਗੁਰੂ 'ਅਕਾਲ ਪੁਰਖ' ਹੋਣ ਕਰਕੇ ਉਕਤ ਪ੍ਰਮਾਣ ਦਾ ਭਾਵ ਕਿਸੇ ਦੇਹ ਵਾਲੇ ਦੇ 'ਗੁਰੂ' ਹੋਣ ਵਿਚ ਨਹੀਂ। ਜੇ ਕਹੋ ਕਿ ਪਹਿਲੇ ਸਮੇਂ ਵਿਚਲੇ ਹੋਰ ਸਾਧਨ ਕਰਨ

Digitized by Panjab Digital Library | www.panjabdigilib.org

ਵਾਲਿਆਂ ਦਾ ਉਧਾਰ ਕਿਉਂ ਨਾ ਹੋਇਆ ? ਭਾਵੇਂ ਇਹ ਅਪ੍ਰਸੰਗਕ ਹੈ ਤਾਂ ਭੀ। ਇਸ ਦਾ ਉਤੱਰ ਆਪ ਦੇ ਦਿਤੇ ਹੋਏ ਪ੍ਰਮਾਣ "ਭਾਈ ਗੁਰ ਬਿਨ ਤਰਿਆ ਨਾ ਕੋਇ"। ਇਸ ਵਿਚ ਹੀ ਆ ਜਾਂਦਾ ਹੈ।

ਪ੍ਰਸ਼ਨ—ਦੇਹ ਤੋਂ ਬਿਨਾਂ ਅਕਾਲ ਪੁਰਖ ਨੇ ਕਿਸ ਤਰਾਂ ਉਪਦੇਸ਼ ਦਿੱਤਾ ?

ਉੱਤਰ—ਜਿਸ ਤਰਾਂ ਗੁਰੂ ਅਕਾਲ ਪੁਰਖ ਦੇਹ ਰਹਿਤ ਹੁੰਦਾ ਹੋਇਆ ਆਪਣੀ ਅਦਭੁਤ ਸ਼ਕਤੀ ਅਤੇ ਪ੍ਰੇਰਨਾ ਆਦਿ ਦੁਆਰਾ ਸ੍ਰਿਸ਼ਟੀ ਦੀ ਉਤਪਤੀ, ਧਾਰਨ ਅਤੇ ਨਿਵਿਰਤੀ ਕਰਦਾ ਹੈ, ਉਸੇ ਤਰਾਂ ਆਪਣੀ ਪ੍ਰੇਰਨਾ ਨਾਲ ਹੀ ਪੁਰਾਤਨ ਸਾਧਕਾਂ ਦੇ ਹਿਰਦੇ ਵਿਚ ਉਸ ਨੇ 'ਗੁਰ ਗਿਆਨ' ਦਾ ਪ੍ਰਕਾਸ਼ ਕੀਤਾ ਅਤੇ ਦੇਹਧਾਰੀ ਸ੍ਰੋਤਿਆਂ ਦੇ ਹਿਰਦੇ ਵਿਚ ਕੰਨਾਂ ਦੁਆਰਾ ਸੁਣਨ ਤੋਂ ਬਿਨਾਂ ਹੀ ਹਿਰਦੇ ਵਿਚ 'ਪਰਾ' ਰੂਪ ਤੇ ਗੁਰੂ ਅਨੁਭਵ ਦਾ ਧਾਰਨ ਕਰਨਾ ਬਣ ਸਕਦਾ ਹੈ। ਕਿਉਂਕਿ ਕੇਵਲ ਸ਼ਬਦ ਦਾ ਸ੍ਰਵਣ ਮਾਤ੍ਰ ਹੀ ਕਿਸੇ ਨਾਮੀ ਦੇ ਸ੍ਵਰੂਪ ਸਾਖਿਆਤ ਦਾ ਕਾਰਨ ਨਹੀਂ। ਕਿੰਤੂ ਸਬਦ ਦੀ ਉਪਸਥਿਤੀ (ਗ੍ਰਹਿਣ) ਹੋਕੇ—'ਅਰਥ ਗਿਆਨ' ਦੁਆਰਾ ਹੀ ਵਸਤੂ ਦਾ ਸਾਖਿਆਤ ਹੁੰਦਾ ਹੈ। ਸੋ ਏਸੇ ਤਰ੍ਹਾਂ ਅਕਾਲ ਪੁਰਖ ਨੇ ਦੇਹ ਧਾਰਨ ਬਿਨਾਂ ਹੀ ਪਰਾਤਨ ਪੁਰਖਾਂ ਨੂੰ ਗਿਆਨ ਦੇਕੇ ਕ੍ਰਿਤਾਰਥ ਕੀਤਾ। ਜੇ ਇਉਂ ਨਾ ਹੁੰਦਾ ਤਾਂ "ਗਜ' ਆਦਿ ਪਸ਼ੂਆਂ ਅਤੇ ਬੰਬੀਹੇ ਆਦਿ ਪੰਛੀਆਂ ਨੂੰ ਆਪਣੇ ੨ ਸੁੰਦਰ ਕਾਰਜ ਕਰਨ ਦਾ ਸ੍ਵਭਾਵਿਕ ਗਿਆਨ ਕਦੇ ਭੀ ਨਾ ਹੋ ਸਕਦਾ। ਅਰਥਾਤ "ਗਜ"

Digitized by Panjab Digital Library | www.panjabdigilib.org

ਦਾ ਕਿਹੜਾ ਦੇਹਧਾਰੀ ਗੁਰੂ ਹੋਇਆ ਹੈ ਜਿਸ ਤੋਂ ਉਸਨੇ ਪਰਮਾਤਮਾ ਪਾਸ ਬੇਨਤੀ ਕਰਨ ਦਾ ਉਪਦੇਸ਼ ਲਿਆ ? ਅਤੇ ਪੰਛੀਆਂ ਨੂੰ ਕਿਹੜਾ ਗੁਰੂ ਮਿਲਿਆ ਹੈ ਜਿਸ ਤੋਂ ਉਨ੍ਹਾਂ ਨੇ ਅਜਿਹੇ ਅਦਭੁਤ ਕਾਰਨ ਦਾ ਬਲ ਸਿਖਿਆ ?

ਸ਼ੰਕਾ–ਪੁਰਾਣਾਂ ਵਿਚ ਧ੍ਰੂ ਪ੍ਰਹਿਲਾਦ ਆਦਿਕ ਦਾ ਗੁਰੂ "ਨਾਰਦ" ਦੇਵਤਿਆਂ ਦਾ ਗੁਰੂ "ਬ੍ਰਹਸਪਤੀ" ਅਤੇ ਕਈਆਂ ਦੇ ਗੁਰੂ "ਸਨਕ–ਸਨੰਦਨ" ਅਰ ਬ੍ਰਹਮਾ ਆਦਿਕ ਲਿਖੇ ਹਨ । ਇਸ ਲਈ ਓਹ ਗੁਰੂ ਦੇਹ ਵਾਲੇ ਹੀ ਹੋਏ ਹਨ । ਅਤੇ ਗੁਰਬਾਣੀ ਵਿਚ ਭੀ ਧ੍ਰੂ ਪ੍ਰਹਿਲਾਦ ਆਦਿ ਦਾ ਪੂਰੇ ਗੁਰੂ ਦੁਆਰਾ ਮੁਕਤੀ ਪਾਉਣਾ ਲਿਖਿਆ ਹੈ । ਇਸ ਤੋਂ ਪੂਰਬ ਉਕਤ ਸਭ ਗੁਰੂ ਦੇਹਧਾਰੀ ਹੀ ਸਿਧ ਹੁੰਦੇ ਹਨ ?

ਉੱਤਰ–ਧ੍ਰੂ ਪ੍ਰਹਿਲਾਦ ਆਦਿ ਦੇ ਗੁਰੂ ਨਾਰਦ ਆਦਿਕ ਮੰਨਣਾ ਬਿਲਕੁਲ ਗਲਤ ਹੈ। ਕਿਉਂਕਿ ਅੱਵਲ ਤਾਂ "ਨਾਰਦ ਪੰਚਾਰਾਤ੍ਰ" ਗ੍ਰੰਥ ਤੋਂ ਪਹਿਲਾਂ ਨਾਰਦ ਦੀ ਹਸਤੀ ਹੀ ਸਿਧ ਨਹੀਂ ਹੁੰਦੀ । ਭਾਵ ਨਾਰਦ ਕੋਈ ਹੋਇਆ ਹੀ ਨਹੀਂ । ਇਹ ਕੇਵਲ "ਵਿਸ਼ਨੂੰ ਸੁਆਮੀ" ਆਦਿ ਲੋਕਾਂ ਦਾ ਮਨ ਘੜਤ ਹੀ ਰਿਸ਼ੀ ਹੈ । (੨) ਉਨ੍ਹਾਂ ਗ੍ਰੰਥਾਂ ਤੋਂ ਹੀ ਮਾਲੂਮ ਹੁੰਦਾ ਹੈ ਕਿ ਨਾਰਦ ਪੱਥਰ ਪੂਜਾ ਦਾ ਪ੍ਰਵਰਤਕ, ਇਕ ਤਰ੍ਹਾਂ ਦਾ ਚੁਗਲ ਖੋਰ ਅਤੇ ਦੇਵਤਿਆਂ ਦਾ ਠੱਠੇ ਮਖੌਲ ਦੇ ਥਾਂ ਰਖਿਆ ਹੋਇਆ ਸੀ। ਅਜੇਹੀਆਂ ਹਸਤੀਆਂ ਨੂੰ ਗੁਰੂ ਮੰਨਣਾਂ ਭੋਲਿਆਂ ਦਾ ਕੰਮ ਹੈ। ਇਸ ਲਈ ਪੁਰਾਣੇ ਭਗਤਾਂ ਦਾ ਗੁਰੂ (ਪੂਰਾ ਗੁਰੂ) ਅਕਾਲ ਪੁਰਖ

Digitized by Panjab Digital Library | www.panjabdigilib.org

ਹੀ ਸੀ । ਜਿਸ ਨੇ ਆਪਣੇ ਆਪ ਨੂੰ ਉਹਨਾਂ ਦੇ ਅਨੁਭਵ ਵਿਚ ਪ੍ਰਗਟ ਕੀਤਾ ।

ਜੋ ਗੁਰਬਾਣੀ ਵਿਚ "ਨਾਰਦ ਕਹਿਤ ਸੁਨਤ ਧ੍ਰ ਬਾਰਕ" ਇਤਿਆਦਿਕ ਭਗਤਾਂ ਦਾ ਗੁਰੂ 'ਨਾਰਦ' ਲਿੱਖਿਆ ਗਿਆ ਹੈ । ਇਹ ਉਨ੍ਹਾਂ ਦਾ ਆਪਣਾ ਸਿਧਾਂਤ ਨਹੀਂ । ਕਿੰਤੂ ਲੋਕਾਂ ਦੀ ਪ੍ਰਸਿਧ ਮਨਉਤ ਅਨੁਸਾਰ ਹੀ ਸਿਧਾਂਤ ਮਨਾਇਆ ਹੈ । ਜੇ ਇਉਂ ਨ ਹੁੰਦਾ ਤਾਂ "ਹਿੰਦੂ ਮੂਲੇ ਅਖੁਟੀ ਜਾਹੀ ॥ ਨਾਰਦ ਕਹਿਆ ਸੇ ਪੂਜ ਕਰਾਹੀ। ਅੰਧੇ ਗੁੰਗੇ ਅੰਧ ਅੰਧਾਰ ॥ ਪਾਥਰ ਲੇ ਪੂਜਹਿ ਮੁਗਧ ਗਵਾਰ ॥" ਤਥਾ "ਭਗਤ ਨਾਰਦੀ ਰਿਦੈ ਨ ਆਈ ਕਾਛ ਕੂਛ ਤਨ ਦੀਨਾ" ਆਦਿਕ ਦੁਆਰਾ 'ਨਾਰਦ' ਦਾ ਅਤੇ 'ਨਾਰਦੀ ਭਗਤਾਂ' ਦਾ ਖੰਡਨ ਕਿਉਂ ਕਰਦੇ ।

ਪ੍ਰਸ਼ਨ—ਜੇ ਸਨਕ ਆਦਿ ਨੂੰ ਅਥਵਾ ਬ੍ਰਹਮਾਂ ਨੂੰ ਆਦਿ ਗੁਰੂ ਮੰਨਿਆ ਜਾਵੇ, ਤਾਂ ਕੀ ਹਾਨੀ ਹੈ।

ਉੱਤਰ—ਸਨਕ ਆਦਿ ਦਾ ਗੁਰੂ ਬ੍ਰਹਮਾ ਅਤੇ ਉਸ ਦਾ ਗੁਰੂ ਕਿਸੇ ਮੱਤ ਵਿਚ ਵਿਸ਼ਨੂ ਅਤੇ ਕਿਸੇ ਵਿਚ ਅਕਾਲ ਪੁਰਖ ਹੈ ਸੋ ਵਿਸ਼ਨੂ ਦਾ ਗੁਰੂ ਭੀ ਅਕਾਲ ਪੁਰਖ ਅਥਵਾ ਬ੍ਰਹਮਾਂ ਦਾ ਭੀ ਗੁਰੂ (ਸਿਧੇ ਯਾ ਪੁਠੇ ਤ੍ਰੀਕੇ ਨਾਲ) ਅਕਾਲ ਪੁਰਖ ਹੋਣ ਕਰਕੇ 'ਆਦਿ ਗੁਰੂ ਦੇਹ ਤੋਂ ਰਹਿਤ ਹੀ ਸਿੱਧ ਹੁੰਦਾ ਹੈ।

ਹੋਰ ਭੀ ਹੈ, ਗੁਰ ਬਾਣੀ ਵਿਚ ਲਿਖਿਆ ਹੈ— "ਮਾਇਆ ਮੋਹੇ ਦੇਵੀ ਸਭ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖੁ ਅਭੇਵਾ ॥"

Digitized by Panjab Digital Library | www.panjabdigilib.org

ਅਰਥਾਤ ਦੇਵੀ ਦੇਵਤੇ ਮਾਇਆ ਦੇ ਮੋਹੇ ਹੋਇ ਹਨ। ਅਤੇ ਗੁਰੂ ਅਬਿਨਾਸੀ ਪਦਾਰਥ ਹੈ। ਪੁਨਾ—"ਸਿਵ ਬਿਰੰਚ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ" ਆਦਿ ਪ੍ਰਮਾਣਾਂ ਤੋਂ ਦੇਹ ਧਾਰੀ ਦੇਵਤੇ ਭੀ ਕਾਲ ਦੇ ਵਸ ਹੋਣ ਕਰਕੇ ਗੁਰੂ ਨਹੀਂ ਹੋ ਸਕਦੇ।

ਸ਼ੰਕਾ--ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ" ਦੁਆਰਾ ਬ੍ਰਹਮਾ ਨਾਰਦ ਤੇ 'ਵੇਦ ਬਿਆਸ' ਤੋਂ ਉਪਦੇਸ਼ ਲੈਣਾ ਦਸਿਆ ਗਿਆ ਹੈ। ਸੋ ਐਸਾ ਉਪਦੇਸ਼ ਗੁਰਾਂ ਤੋਂ ਹੀ ਲਿਆ ਜਾਂਦਾ ਹੈ। ਤਾਂਤੇ ਉਕਤ ਪ੍ਰਮਾਣ ਤੋਂ ਬ੍ਰਹਮਾ ਆਦਿਕ ਦਾ ਹੀ ਗੁਰੂ ਹੋਣਾ ਸਿਧ ਹੁੰਦਾ ਹੈ।

ਉੱਤਰ—ਏਸ ਪ੍ਰਮਾਣ ਦਾ ਭਾਵ ਬ੍ਰਹਮਾਂ ਅਤੇ ਬਿਆਸ ਆਦੀ ਤੋਂ ਉਪਦੇਸ਼ ਲੇਣਾ ਅਥਵਾ ਸੰਮਤੀ ਲੈਣਾ ਨਹੀਂ। ਕਿੰਤੂ "ਅਰਥ ਵਕ੍ਰੋਕਤੀ ਅਲੰਕਾਰ" ਦੁਆਰਾ ਇਹਦਾ ਭਾਵ ਇਹ ਹੈ ਕਿ ਭਾਈ ਗੁਰੂ ਬਿਨਾ ਕੋਈ ਤਰਿਆ ਹੀ ਨਹੀਂ। ਦੇਖੋ—ਬ੍ਰਹਮਾਂ ਆਦਿ ਐਡੇ ਵਡੇ ੨ ਭੀ ਨਹੀਂ ਤਰੇ। ਉਹਨਾਂ ਨੂੰ ਪੁਛ ਵੇਖੋ। ਅਰਥਾਤ ਜਿਸ ਤਰ੍ਹਾਂ ਕੋਈ ਕਹੇ ਕਿ ਤੂੰ ਇਹ ਸੌਦਾ ਨਾ ਕਰ, ਨੁਕਸਾਨ ਹੋਂਵੇਗਾ। ਫਲਾਣੇ ਸੇਠ ਨੂੰ ਪੁਛ ਕੇ ਦੇਖ ਲੈ। ਉਸ ਨੇ ਭੀ ਤਾਂ ਕੀਤਾ ਸੀ। ਏਸੇ ਤਰ੍ਹਾਂ ਏਥੇ ਭੀ ਇਹੋ ਤਾਤਪ੍ਰਯ ਹੈ ਕਿ ਬ੍ਰਹਮਾ ਨਾਰਦ ਅਤੇ 'ਵੇਦ ਬਿਆਸ' ਭੀ ਨਿਗੁਰੇ ਹੋਣਕਰਕੇ ਤਰੇ ਨਹੀਂ। ਭਾਵ ਉਹਨਾਂ ਨੂੰ ਗੁਰੂ ਮੰਨਣਾ ਤਾਂ ਇਕ ਪਾਸੇ ਰਿਹਾ, ਉਹਨਾਂ ਦਾ ਆਪਣਾ ਹੀ ਕੋਈ ਗੁਰੂ ਨਹੀਂ। ਸੋ ਭਾਵੇਂ ਉਹਨਾਂ ਦੇ ਗੁਰੂ ਕਹਿਣ ਮਾਤ੍ਰ ਤਾਂ "ਗੁਰੂ" ਹਨ

Digitized by Panjab Digital Library | www.panjabdigilib.org

ਮਗਰ ਅਸਲ ਵਿਚ ਉਹਨਾਂ ਤੇ, ਗੁਰੂ ਲੱਛਣ ਨਾ ਘਟਨ ਕਰਕੇ ਉਹ ਗੁਰੂ ਨਹੀਂ ਮੰਨੇ ਜਾ ਸਕਦੇ। ਅਤੇ ਉਨ੍ਹਾਂ ਦਾ ਤਰਨਾ ਆਮ ਪ੍ਰਸਿੱਧੀ ਕਰਕੇ ਲਿਖਿਆ ਗਿਆ ਹੈ। ਸਿਧਾਂਤ ਕਰਕੇ ਨਹੀਂ।

ਸ਼ੰਕਾ– ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ਼ਟੀ ,ਹੋਣਾ ਗੁਰੂ ਦਾ ਲਖਸ਼ਣ ਹੈ। ਅਰਥਾਤ ਜਿਸ ਨੇ ਬ੍ਰਹਮ ਵਾਦ ਨੂੰ ਸਾਂਗਪਾਂਗ ਸੁਣਿਆ ਹੋਵੇ ਅਤੇ ਅਦੁਤੀ ਬ੍ਰਹਮ ਵਿਚ ਨਿਸ਼ਚਾ ਅਰਥਾਤ ਅੰਤਿਮ ਇਸਥਿਤੀ ਹੋਵੇ ਉਹ ਗੁਰੂ ਹੈ। ਸੋ ਬ੍ਰਹਮਾ ਅਤੇ ਬਿਆਸ ਆਦੀ ਨੇ ਤਾਂ ਵੇਦ ਅਤੇ ਵੇਦਾਂਤ ਆਦਿ ਬ੍ਰਹਮ ਵਿਦਿਆ ਦੀ ਰਚਨਾ ਕੀਤੀ ਹੈ ਇਸ ਲਈ ਉਹ ਗੁਰੂ ਕਹੇ ਜਾ ਸਕਦੇ ਸਨ।

ਉੱਤਰ–ਬ੍ਰਹਮਾ ਦੀ ਰਚਨਾ "ਵੇਦ" ਮੁਖਤਾ ਕਰਕੇ ਅਗਨੀ, ਵਾਯੂ, ਸੂਰਜ, ਵਰਣ, ਰੁਦ੍ਰ, ਮਰੁਤ ਅਤੇ ਇੰਦ੍ਰ ਆਦਿ ਕ੍ਰੋੜਾਂ ਦੇਵਤਿਆਂ ਦੀ ਪੂਜਾ ਅਰੁ ਯੱਗ ਆਦਿਕ ਕਰਮ ਕਾਂਡ ਨੂੰ ਹੀ ਦਸਦੇ ਹਨ। ਉਹਨਾਂ ਵਿਚ ਬ੍ਰਹਮ ਵਿਦਿਆ ਦਾ ਨਾਉਂ ਭੀ ਨਹੀਂ ਸੁਣੀਦਾ। ਅਤੇ ਬਿਆਸ ਜੀ ਦੇ ਬਣਾਏ ਹੋਏ ਵੇਦਾਂਤ ਦਰਸ਼ਨ ਤੋਂ ਕਹਿਣ ਮਾਤ੍ਰ ਹੀ ਬ੍ਰਹਮ ਵਿਦਿਆ ਦਾ ਗਿਆਨ ਹੁੰਦਾ ਹੈ। ਅਸਲ ਵਿਚ ਨਾ ਤਾਂ ਉਹ ਬ੍ਰਹਮ ਵਿਦਿਆ ਹੀ ਹੈ ਅਤੇ ਨਾ ਹੀ ਉਸ ਤੋਂ ਬ੍ਰਹਮ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ। ਇਸੇ ਕਰਕੇ ਗੁਰਬਾਣੀ ਵਿਚ ਲਿਖਿਆ ਹੈ ਕਿ "ਬ੍ਰਹਮੇ ਵਦ ਬਾਣੀ ਪ੍ਰਗਾਸੀ ਮਾਇਆ ਮੋਹ ਪਸਾਰਾ"। ਤ੍ਰੈ ਗੁਣ ਬਾਣੀ ਵੇਦ ਬੀਚਾਰ ॥ ਬਿਖਿਆ ਮੈਲ ਬਿਖਿਆ ਵਾਪਾਰ ॥" ਅਤੇ "ਬਿਆਸ ਵੀਚਾਰਿ ਕਹਉ ਪਰਮਾਰਥ ਰਾਮ ਨਾਮ ਸਰਿ ਨਾਹੀ" ਅਰ-

Digitized by Panjab Digital Library | www.panjabdigilib.org

ਖ਼ਾਤ ਬ੍ਰਹਮਾ ਦਾ ਵੈਦਿਕ ਗਿਆਨ ਤ੍ਰੈ ਗੁਣ ਰੂਪ ਹੋਣ ਕਰਕੇ 'ਬਿਖ ਰੂਪ' ਹੈ। ਅਗਿਆਨ ਫੈਲਾਉਣ ਵਾਲਾ ਹੈ। ਅਤੇ ਵੇਦਾਂਤ ਦਾ ਗਿਆਨ ਭੀ ਰਾਮ ਨਾਮ ਤੁੱਲ ਨਹੀਂ। ਇਸ ਲਈ ਬ੍ਰਹਮਾ ਅਤੇ ਬਿਆਸ ਕਹਿਣ ਮਾਤ੍ਰ ਹੀ ਬ੍ਰਹਮਸ੍ਰੋਤ੍ਰੀ ਅਤੇ ਬ੍ਰਹਮਨੇਸਠੀ ਹਨ।

ਭਲਾ, ਜੇ ਮੰਨ ਭੀ ਲਈਏ, ਤਾਂ ਭੀ ਇਹ ਲੱਛਣ ਗੁਰੂ ਦੇ ਨਹੀਂ ਹੋ ਸਕਦੇ। ਕਿਉਂਕਿ ਬ੍ਰਹਮ ਨੂੰ ਸ੍ਰਵਣ ਅਤੇ ਮੰਨਣ ਕਰਨ ਤੋਂ ਪਿਛੋਂ ਬ੍ਰਹਮ ਦੀ ਨਿਸ਼ਠਾ ਵਾਲਾ ਪੁਰਸ਼ ਜਦ ਤਕ ਬ੍ਰਹਮ ਨੂੰ ਪ੍ਰਾਪਤ ਨਹੀਂ ਕਰ ਲੈਂਦਾ, ਓਦੋਂ ਤਕ ਅਧੂਰਾ ਹੀ ਹੈ ਅਤੇ ਪ੍ਰਾਪਤ ਕਰ ਲੈਣ ਵਾਲਾ ਭੀ ਗੁਰੂ ਨਹੀਂ ਬਣ ਸਕਦਾ। ਕਿਉਂਕਿ ਉਸ ਦਾ ਪਹਿਲਾਂ ਜਨਮ-ਮਰਣ ਹੋਇਆ ਅਤੇ ਸਾਧਨਾ ਕਰਕੇ "ਬ੍ਰਹਮਪ੍ਰਾਪਤ" ਕਹਾਇਆ। ਗੁਰੂ ਦੀ ਜੋਤਿ ਵਿਚ ਸੁਭਾਵ ਤੋਂ ਹੀ ਜਨਮ-ਮਰਨ ਦਾ ਅਭਾਵ ਹੁੰਦਾ ਹੈ ਅਤੇ ਉਹ ਸਾਧਨਾਂ ਬਿਨਾਂ ਹੀ ਬ੍ਰਹਮ ਰੂਪ ਹਨ। ਅਤੇ ਬ੍ਰਹਮ ਸ੍ਰੋਤ੍ਰੀ ਅਤੇ ਨੇਸ਼ਠੀ ਨੂੰ ਬ੍ਰਹਮ ਪ੍ਰਾਪਤ (ਮੁਕਤਿ) ਬਣਾ ਦਿੰਦੇ ਹਨ। ਇਸਲਈ ਬ੍ਰਹਮ ਸ੍ਰੋਤ੍ਰੀ ਅਤੇ ਬ੍ਰਹਮਨੇਸ਼ਠੀ ਤੋਂ ਉਪਰ ਤੀਜੇ ਥਾਂ ਗੁਰੂ ਜੋਤਿ ਹੈ। ਸੋ ਉਕਤ ਲੱਛਣ ਗੁਰੂ ਦੇ ਨਾ ਬਣਨ ਕਰਕੇ ਬ੍ਰਹਮਾ ਅਤੇ ਬਿਆਸ ਆਦਿ 'ਜੀਵ ਕੋਟੀ' ਵਿਚ ਹੀ ਗਿਣੇ ਜਾਂਦੇ ਹਨ। ਅਤੇ ਉਹਨਾਂ ਦੇ ਗੁਰੂ ਭੀ ਅਜੇਹੇ ਹੀ ਹੋਣ ਕਰਕੇ ਗੁਰੂ ਨਹੀਂ ਹੋ ਸਕਦੇ। ਇਸ ਲਈ ਬ੍ਰਹਮਾਂ ਆਦਿਕ ਨਿਗੁਰੇ ਹੀ ਸਿੱਧ ਹੁੰਦੇ ਹਨ।

ਸ਼ੰਕਾ—"ਨਾਮਾ ਛੀਪਾ ਕਬੀਰ ਜੁਲਾਹਾ ਪੂਰੇ ਗੁਰ

Digitized by Panjab Digital Library | www.panjabdigilib.org

ਤੇ ਗਤਿ ਪਾਈ ॥" 'ਇਤਆਦਿ ਪ੍ਰਮਾਣਾਂ ਤੋਂ ਨਾਮਦੇਵ ਜੀ ਆਦਿਕਾਂ ਦੇ ਗੁਰੂ ਭੀ ਪੂਰੇ ਜਾਣੇ ਜਾਂਦੇ ਹਨ। ਉਹ ਤਾਂ ਗੁਰੂ ਨਾਨਕ ਦੇਵ ਜੀ ਦੇ ਹੁੰਦਿਆਂ ਹੀ ਹੋਏ ਹਨ। ਅਤੇ ਦੇਹਧਾਰੀ ਭੀ ਸਨ। ਇਸ ਲਈ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਉਹਨਾਂ ਦੇ ਹੁੰਦਿਆਂ ਹੀ ਹੋਰ ਭੀ ਗੁਰੂ ਸਿੱਧ ਹੁੰਦੇ ਹਨ।

ਉੱਤਰ—ਜਿਸ ਤਰਾਂ ਇਕ ਸੂਰਜ ਦੇ ਹੁੰਦਿਆਂ ਹੋਰ ਸੂਰਜ ਨਹੀਂ ਹੋ ਸਕਦਾ ਉਸੇ ਤਰਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋਰ ਕੋਈ ਪੂਰਨ ਗੁਰੂ ਐਸਾ ਨਹੀਂ ਹੋ ਸਕਦਾ ਜੋ ਦੇਹ ਵਿਚ ਹੋਵੇ। ਇਸ ਲਈ ਉਹਨਾਂ ਭਗਤਾਂ ਦੇ ਪਹਿਲੇ 'ਗੁਰੂ' ਨਾਮ ਧਰੀਕ ਗੁਰੂ ਸਨ। ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਮਿਲਣ ਤੇ ਪੂਰਨ ਗੁਰ ਗਿਆਨ ਅਤ ਗਤੀ ਪ੍ਰਾਪਤ ਹੋਈ। ਇਸ ਲਈ ਉਕਤ ਪ੍ਰਮਾਣ ਵਿਚ ਭੀ ਗੁਰੂ ਹੋਣ ਵਲ ਇਸ਼ਾਰਾ ਹੈ। ਉਸ ਦਾ ਸਬੂਤ ਇਹ ਹੈ ਕਿ ਭਗਤ ਜਨ ਪਹਿਲੀ ਅਵਸਥਾ ਵਿਚ ਪਥਰਾਂ ਨੂੰ ਪੂਜਦੇ, ਜਪ ਮਾਲੀਆਂ ਜਪਦੇ ਅਤੇ ਵੈਸ਼ਨਵ ਕਰਮ ਕਾਂਢ ਨੂੰ ਪੂਰੀ ਤਰਾਂ ਮੰਨਦੇ ਅਤੇ ਕਮਾਉਂਦੇ ਸਨ। ਮਗਰ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ ਓਹਨਾਂ ਦੇ ਹਿਰਦੇ ਵਿਚ ਪੂਰਨ ਗਿਆਨ ਦਾ ਪ੍ਰਕਾਸ਼ ਹੋਇਆ। ਇਸ ਦਾ ਸਬੂਤ ਇਹ ਹੈ ਕਿ ਕਬੀਰ ਕਸੌਟੀ ਵਿਚ ਕਬੀਰ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟ ਕਰਦੇ ਹੋਇਆਂ ਆਪ ਮੰਨਿਆ ਹੈ ਕਿ 'ਮੁਕਤੀ ਦਾਤਾ ਨਾਨਕ ਗੁਰੂ ਕਿੰਚਤ ਰਾਮਾ ਨੰਦ" ਤਥਾ—"ਹਜ ਹਮਾਰੀ ਗੋਮਤੀ ਤੀਰ ॥"

(ਗਉੜੀ ਕਬੀਰ ਜੀ)

Digitized by Panjab Digital Library | www.panjabdigilib.org

ਏਸ ਸ਼ਬਦ ਵਿਚ ਕਬੀਰ ਸਾਹਿਬ ਦਾ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨਾ, ਵੈਸ਼ਨਵ ਮਤ ਨੂੰ ਤਿਆਗਣਾ ਅਤੇ ਹਿੰਦੂ ਮੁਸਲਮਾਨਾਂ ਨੂੰ ਸਮਝਾਉਣਾ ਆਦੀ ਦਸਕੇ ਗੁਰੂ ਨਾਨਕ ਦੇਵ ਜੀ ਦਾ ਸਿਖ ਬਣਨਾ ਵਰਣਨ ਕੀਤਾਗਿਆ ਹੈ। ਏਸੇ ਤਰਾਂ ਭਗਤ ਜੈ ਦੇਵ ਜੀ ਆ ਦਕ ਭੀ ਗੁਰੂ ਅਰਜਨ ਦੇਵ ਜੀ ਦੇ ਬਾਣੀ ਲਿਖਣ ਸਮੇਂ "ਸਰਮ ਖੰਡ" ਤੋਂ ਆ ਕੇ ਸਿਖ ਬਣੇ ਹਨ । ਸੋ ਉਨ੍ਹਾਂ ਦੇ ਗੁਰੂ ਭੀ ਗੁਰੂ ਨਾਨਕਦੇਵ ਜੀ ਹੀ ਹਨ

## ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ

ਸ਼ੰਕਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸ ਨੇ ਅਤੇ ਕਿਥੇ ਗੁਰਿਆਈ ਦਿੱਤੀ ? ਕੀ ਸਭ ਹੀ ਇਤਹਾਸ ਪ੍ਰਮਾਣੀਕ ਹਨ ? ਅਤੇ "ਸਭ ਸਿਖਨ ਕੋ ਹੁਕਮਿ ਹੈ ਗੁਰੂ ਮਾਨਿਉ ਗ੍ਰੰਥ ॥" ਇਹ ਗੁਰਬਾਣੀ ਵਿਚ ਲਿਖਿਆ ਹੈ, ਯਾ ਇਤਹਾਸ ਵਿਚ ? ਜੇ ਕਹੋ ਕਿ ਗੁਰਬਾਣੀ ਵਿਚ ਤਾਂ ਕਿਥੇ ? ਜੇ ਕਹੋ ਕਿ ਇਤਹਾਸ ਵਿਚ, ਤਾਂ ਕੀ ਉਹ ਸਾਰਾ ਇਤਹਾਸ ਪ੍ਰਮਾਣੀਕ ਹੈ ?

ਉੱਤਰ–ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਜ਼ੂਰ ਸ਼ਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਲਗਿਆਂ ਗੁਰਿਆਈ ਦਿਤੀ । ਜਿਨ੍ਹਾਂ ਇਤਹਾਸਾਂ ਵਿਚ ਲਿਖਿਆ ਹੈ, ਕਿ ੧੭੫੬ ਬਿਕ੍ਰਮ ਵਿਚ 'ਗੁਰੂ ਗ੍ਰੰਥ ਪੰਥ' ਨੂੰ ਗੁਰਿਆਈ ਬਖਸ਼ੀ । ਉਨ੍ਹਾਂ ਗ੍ਰੰਥਾਂ ਵਿਚ ਫਰਕ ਤਾਂ ਲਿਖਾਰੀਆਂ ਦੇ ਖਿਆਲਾਂ ਦਾ ਹੈ । ਮਗਰ 'ਗੁਰੂ ਗ੍ਰੰਥ ਪੰਥ' ਨੂੰ ਗੁਰਿਆਈ ਮਿਲਣ ਵਿਚ ਸੰਪ੍ਰਦਾਇ ਅਤੇ ਇਤਹਾਸ

Digitized by Panjab Digital Library | www.panjabdigilib.org

ਸਹਿਮਤ ਹਨ । ਇਤਹਾਸਕ ਦ੍ਰਿਸ਼ਟੀ ਨਾਲ ਉਹ ਸਭ ਇਤਹਾਸ ਪ੍ਰਮਾਣੀਕ ਹਨ । ਮਗਰ ਸਿਧਾਂਤ ਦੇ ਵਿਚਾਰ ਨਾਲ ਜਿਸ ਅੰਸ ਵਿਚ ਗੁਰਮਤਿ ਤੋਂ ਵਿਰੁਧ ਹਨ, ਉਤਨੇ ਅੰਸ ਵਿਚ ਅਪ੍ਰਮਾਣੀਕ ਹੋਣ ਕਰਕੇ "ਪਰਤੇ ਪਰਮਾਣ" ਕਹੇ ਜਾਂਦੇ ਹਨ ।

"ਗੁਰੂ ਮਾਨੀਉ ਗਰੰਥ" ਇਹ ਅਰਥ ਰੂਪ ਤੇ "ਗੁਰਬਾਣੀ ਕਹੈ ਸੇਵਿਕ ਜਨ ਮਾਨੈ ਪਰਤਖਿ ਗੁਰੂ ਨਿਸ ਤਾਰੇ" ਅਤੇ 'ਸਤਿਗੁਰ ਬਚਨ ਬਚਨ ਹੈ ਸਤਿਗੁਰ" ਇਤ-ਆਦਿ ਗੁਰ ਪ੍ਰਮਾਣਾਂ ਵਿਚ ਬਹੁਤ ਜਗਾ ਆਇਆ ਹੈ । ਮਗਰ ਉਕਤ ਅਰਥ ਦਾ ਸਿਧਾਂਤ ਅਤੇ ਆਸਰਾ ਲੈਕੇ ਸਭ ਤੋਂ ਪਹਿਲਾਂ ਭਾਈ ਪ੍ਰਹਿਲਾਦ ਸਿੰਘ ਨੇ ਆਪਣੇ ਰਹਿਤ ਨਾਮੇ ਵਿਚ:—

"ਆਗਿਆ ਭਈ ਅਕਾਲ ਕੀ ਤਬੀ ਚਲਾਇਓ
ਪੰਥ ॥" ਸਭ ਸਿਖਨ ਕੋ ਹੁਕਮਿ ਹੈ ਗੁਰੂ ਮਾਨੀਉ
ਗਰੰਥ ॥ ਗੁਰੂ ਗਰੰਥ ਜੀ ਮਾਨੀਉ ਪ੍ਰਗਟ ਗੁਰਾਂ ਕੀ ਦੇਹ ॥
ਜਾਂ ਕਾ ਹਿਰਦਾ ਸੁਧ ਹੈ ਖੋਜ ਸ਼ਬਦਿ ਮਹਿ ਲੇਹਿ ॥"

ਇਸ ਪ੍ਰਕਾਰ ਲਿਖਿਆ। ਅਤੇ ਫੇਰ ਸਰਬ ਲੋਹ ਅਰ ਪ੍ਰੇਮ ਸੁਮਾਰਗ ਦੇ ਵਿਚ ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹਿ" ਆਦਿ ਕਰਕੇ ਕੁਝ ਕੁ ਸ਼ਬਦਾਂ ਦੇ ਹੇਰ ਫੇਰ ਨਾਲ ਲਿਖਿਆ ਗਿਆ ਹੈ। ਓਥੋਂ ਸੂਰਜ ਪ੍ਰਕਾਸ਼ ਅਤੇ ਪੰਥ ਪ੍ਰਕਾਸ਼ ਆਦਿ ਇਤਹਾਸਾਂ ਵਿਚ ਅਤੇ ਪੰਥ ਦੀਆਂ ਰਵਾਇਤਾਂ ਵਿਚ ਅੱਜ ਤਕ ਪਰਸਿੱਧ ਚਲਿਆ ਆਉਂਦਾ ਹੈ । ਤਾਂਤੇ ਉਕਤ ਪ੍ਰਕਾਰ ਦੇ ਪਰਤੇ ਪ੍ਰਮਾਣ ਗ੍ਰੰਥ

Digitized by Panjab Digital Library | www.panjabdigilib.org

ਇਤਹਾਸਿਕ ਅੰਸ ਵਿਚ ਪ੍ਰਮਾਣੀਕ ਹਨ। ਸਭਨਾਂ ਅੰਸਾਂ ਵਿਚ ਪ੍ਰਮਾਣ ਨਹੀਂ ਹੋਇਆ ਕਰਦੇ।

ਸ਼ੰਕਾ–ਭਾਈ ਪ੍ਰਹਿਲਾਦ ਸਿੰਘ ਨੂੰ ਬ੍ਰਾਹਮਣ ਕਹਿਕੇ ਉਹਨਾਂ ਦੀ ਕੁਲ ਨੂੰ ਤਾਹਨਾ ਦਿੰਦਾ ਹੋਇਆ ਇਕ ਭੁਲੜ ਸੁਨਿਆਰਾ ਸ਼ੰਕਾ ਕਰਦਾ ਹੈ ਕਿ ਭਾ: ਪ੍ਰਹਿਲਾਦ ਸਿੰਘ ਦੇ ਰਹਿਤ-ਨਾਮੇ ਵਿਚ ਲਿਖਿਆ ਹੈ ਕਿ ਹਜ਼ੂਰ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਜੀ ਨੇ ਜੋਤੀ ਜੋਤ ਸਮਾਉਣ ਲਗਿਆਂ ਮੈਨੂੰ ਆਗਿਆ ਕੀਤੀ ਕਿ 'ਰਹਿਤਨਾਮਾ' ਲਿਖੋ। ਫੇਰ ਅੰਤ ਵਿਚ ਲਿਖਿਆ ਹੈ ਕਿ ਇਕ ਗੁਰਮੁਖ ਸਿੰਘ ਦੇ ਕਹੇ ਮੈਂ ਇਹ ਗ੍ਰੰਥ ਲਿਖਿਆ। ਸੋ ਉਕਤ ਲੇਖ ਤੋਂ ਦੋ ਸ਼ੰਕਾਂ ਪੈਦਾ ਹੁੰਦੀਆਂ ਹਨ, ਇਕ ਇਹ ਕਿ ਜਦੋਂ ਗੁਰੂ ਸਾਹਿਬ ਦੇ ਆਖਣ ਤੇ ਇਸ ਦਾ ਅਰੰਭ ਕੀਤਾ ਗਿਆ ਤਾਂ 'ਗੁਰਮੁਖ ਸਿੰਘ' ਦੇ ਆਖੇ ਇਸ ਦਾ ਅਰੰਭ ਕਰਨਾ ਪਹਿਲੇ ਕਥਨ ਤੋਂ ਵਿਰੁਧ ਹੈ। ਦੂਜੀ ਇਹ ਕਿ ਗੁਰੂ ਮਹਾਰਾਜ ਨੇ ਆਗਿਆ ਤਾਂ ਕੀਤੀ ੧੭੬੫ ਬਿਕ੍ਰਮੀ ਵਿਚ ਮਗਰ ਸਮਾਪਤੀ ਦਾ ਸੰਮਤ ੧੭੫੩ ਲਿਖਿਆ ਜਾਂਦਾ ਹੈ ਤਾਂਤੇ ਇਹ ਗ੍ਰੰਥ ਪ੍ਰਮਾਣ ਨਹੀਂ।

ਉੱਤਰ–ਪਹਿਲੀ ਸ਼ੰਕਾ ਦਾ ਉੱਤਰ ਤਾਂ ਇਹ ਹੈ ਕਿ ਗੁਰੂ ਮਹਾਰਾਜ ਨੇ ਪਹਿਲੇ ਆਗਿਆ ਕੀਤੀ ਤਾਂ ਭਾਈ ਪ੍ਰਹਿਲਾਦ ਸਿੰਘ ਨੇ ਲਿਖਣ ਵਿਚ ਕੁਝ ਢਿੱਲ ਕੀਤੀ ਤਾਂ ਉਸ ਨੂੰ ਭਾਈ ਗੁਰਮੁਖ ਸਿੰਘ ਯਾ ਕਿਸੇ 'ਗੁਰਮੁਖਿ' ਸਿੰਘ ਨੇ ਉਹਨਾਂ ਨੂੰ ਚੇਤੇ ਕਰਾਇਆ ਤਾਂ ਉਹਨਾਂ ਨੇ ਇਸ ਨੂੰ ਲਿਖਿਆ। ਦੂਜੀ ਸ਼ੰਕਾ ਦਾ ਉੱਤਰ ਇਹ ਹੈ ਕਿ ਜੇ ਭਾਈ ਪ੍ਰਹਿਲਾਦ ਸਿੰਘ ਨੇ ੧੭੬੫ ਯਾ ਇਸਤੋਂ

Digitized by Panjab Digital Library | www.panjabdigilib.org

ਪਿਛੋਂ ਇਹ ਗ੍ਰੰਥ ਰਚਿਆ ਤਾਂ ਉਹਨਾਂ ਨੇ ਉਸ ਦਾ ਸੰਮਤ ੧੭੬੫ ਤੋਂ ਪਿਛੋਂ ਦਾ ਹੀ ਲਿਖਿਆ ਹੋਣਾ ਹੈ, ਮਗਰ ਲਿਖਾਰੀਆਂ ਦੀ ਗਲਤੀ ਨਾਲ ੧੭੫੩ ਲਿਖਿਆ ਗਿਆ। ਕਿਉਂਕਿ ਭਾਈ ਪ੍ਰਹਿਲਾਦ ਸਿੰਘ ਅਜੇਹੀ ਮੋਟੀ ਗਲਤੀ ਨਹੀਂ ਕਰ ਸਕਦੇ ਸੀ ਅਤੇ ਨਾਂ ਹੀ ਉਹਨਾਂ ਨੂੰ ਅਜੇਹਾ ਕਰਨ ਵਿਚ ਕੋਈ ਲਾਭ ਸੀ। ਜੇ ਕਹੋ ਕਿ ਉਹਨਾਂ ਨੇ ੧੭੬੫ ਵਿਚ ਰਚੇ ਜਾਣ ਦੀ ਆਗਿਆ ਸਾਫ ਸਾਫ ਲਿਖੀ ਹੈ ਤਾਂ ਸਗੋਂ ਇਹ ਸਿੱਧ ਹੁੰਦਾ ਹੈ ਕਿ ਇਹ ਸੰਮਤ ਦੀ ਗਲਤੀ ਲਿਖਾਰੀਆਂ ਤੋਂ ਹੋਈ ਹੈ। ਇਸ ਲਈ ਉਕਤ ਗ੍ਰੰਥ ਪ੍ਰਮਾਣੀਕ ਹੈ।

ਜੇ ਵਾਦੀ ਹਠ ਕਰੇ ਕਿ ਨਹੀਂ ! ਉਕਤ ਗ੍ਰੰਥ ਲਿਖਿਆ ਤਾਂ ੧੭੫੩ ਵਿਚ ਹੀ ਗਿਆ ਹੈ, ਮਗਰ ਭਾਈ ਪ੍ਰਹਿਲਾਦ ਸਿੰਘ ਨੇ ਐਵੇਂ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਲਿਖ ਦਿਤਾ ਹੈ ਜੋ ਕਿ ਗੁਰੂ ਥਾਪੇ ਜਾਣ ਤੋਂ ਅਗੋਂ ਦਾ ਕਥਨ ਹੋਣ ਕਰਕੇ ਅਪ੍ਰਮਾਣੀਕ ਹੈ, ਤਾਂ ਭੀ ਪ੍ਰੌਢੀਵਾਦ ਦੁਆਰਾ ਇਸ ਦਾ ਉੱਤ੍ਰ ਹੇਠ ਲਿਖੇ ਅਨੁਸਾਰ ਹੈ। ਯਥਾ—

ਉੱਤ੍ਰ—ਉਚੀ ਕੁਲ ਵਾਲਿਓ ! ਸੁਣੋ, ਪ੍ਰਹਿਲਾਦ ਸਿੰਘ ਨੇ ਜਿਵੇਂ ਲਿਖਿਆ ਹੈ—ਜਦੋਂ ਗੁਰੂ ਅਰਜਨ ਦੇਵ ਜੀ ਬੀੜ ਬੰਨ੍ਹਣ ਲਈ ਗੁਰਬਾਣੀ ਦੀਆਂ ਸੈਂਚੀਆਂ ਲੈਣ ਗਏ ਤਾਂ ਨੰਗੇ ਪੈਰੀਂ ਜਾਕੇ ਨਮਸਕਾਰ ਆਦਿ ਦੁਆਰਾ ਅਨੇਕ ਪ੍ਰਕਾਰ ਦੀ ਪੂਜਾ ਤੇ ਸਨਮਾਨ ਪੂਰਬਕ ਸੈਂਚੀਆਂ ਲੈ ਆਏ। ਇਸਤੋਂ ਜਾਣਿਆ ਗਿਆ ਕਿ ਸਰਬ ਦੇ ਪੂਜਣ ਯੋਗ ਸ੍ਰੀ ਗੁਰੂ ਅਰਜਨ ਦੇਵ ਭੀ ਜਿਸ ਦੀ ਪੂਜਾ

Digitized by Panjab Digital Library | www.panjabdigilib.org

ਕਰਦੇ ਹਨ ਉਹ ਵਸਤੂ ਘਟ ਤੋਂ ਘਟ ਗੁਰੂ ਦੇ ਸਰੂਪ ਤੁੱਲ ਜ਼ਰੂਰ ਹੈ। ਫੇਰ ਆਪ ਨੇ ਬੀੜ ਬੰਨ੍ਹਕੇ ਉਨ੍ਹਾਂ ਦਾ ਨਾਉਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਲਿਖਿਆ ਅਤੇ "ਪੋਥੀ ਪ੍ਰਮੇਸ੍ਵਰ ਕਾ ਥਾਨ" ਆਦਿ ਵਾਕਾਂ ਦੁਆਰਾ ਗੁਰੂ ਘਰ ਵਿਚ ਗੁਰੂ ਅਕਾਲ ਪੁਰਖ ਦਾ ਸਾਖਿਆਤ ਰੂਪ ਇਹੋ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਮੰਨੇ ਜਾਣ ਲਗੇ। ਜਿਸ ਤਰ੍ਹਾਂ "ਭਾਤ ਪਕਦਾ ਹੈ" ਇਸ ਕਥਨ ਤੋਂ ਅਜੇ ਪੱਕ ਰਹੇ ਚੌਲ ਭੀ "ਭਾਤ" ਆਖੇ ਜਾਂਦੇ ਹਨ। ਏਸੇ ਤਰ੍ਹਾਂ ਜਿਨ੍ਹਾਂ ਦਾ ਕਿਸੇ ਪਦਵੀ ਵਿਚ ਅਧਿਕਾਰ ਹੁੰਦਾ ਹੈ, ਉਸ ਦੀ ਥਾਪਨਾ ਤੋਂ ਅਗੋਂ ਹੀ ਉਸ ਪਦਵੀ ਦੀ ਪ੍ਰਸਿੱਧੀ ਉਹਨਾਂ ਉਤੇ ਹੋ ਜਾਂਦੀ ਹੈ। ਏਸੇ ਨਿਆਇ ਅਨੁਸਾਰ ਭਾਈ ਪ੍ਰਹਿਲਾਦ ਸਿੰਘ ਹੋਰਾਂ ਨੇ ਰਹਿਤਨਾਮਾ ਲਿਖਣ ਲਗਿਆਂ ਆਪਣੇ ਫਰਜ਼ ਮੂਜਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ 'ਗੁਰੂ' (ਪ੍ਰਗਟ ਗੁਰਾਂ ਕੀ ਦੇਹ) ਲਿਖਕੇ ਸਮਝਾ ਦਿਤਾ। ਕਿ ਇਨ੍ਹਾਂ ਨੂੰ ਗੁਰਾਂ ਦੀ ਆਤਮਾ ਪ੍ਰਗਟ ਹੋਈ ਹੀ ਮੰਨੋ ਜੋ ਸੰਗਤਾਂ ਵਿਚ ਹੋਰ ਨਾਵਾਂ ਦੇ ਨਾਲ ੨ "ਗੁਰੂ" ਕਹਿਣ ਦੀ ਪਰਥਾ ੧੭੫੩ ਬਿ: ਤੋਂ ਅਗੋਂ ਹੀ ਪ੍ਰਚਲਿਤ ਹੋ ਚੁਕੀ ਸੀ। ਅਤੇ ਜਦੋਂ ਹਜ਼ੂਰ ਨੇ ਇਨ੍ਹਾਂ ਨੂੰ ਗੁਰੂ ਪਦਵੀ ਦੀ ਥਾਪਨਾ ਦਿਤੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਗੁਰੂ ਪਦਵੀ ਦੀ ਰੂਢੀ (ਪ੍ਰਸਿੱਧੀ) ਅੰਤਿਮ ਤੌਰ ਤੇ ਸਰਬ ਵਿਆਪਕ ਅਤੇ ਪ੍ਰਮਾਣੀਕ ਠਹਿਰੀ।

ਫੇਰ ਇਕ ਜਗ੍ਹਾ "ਬੁਧੂ ਲਾਣੇ" ਦੇ ਗੁਰੂ ਅਤੇ ਇਕ ਅਖੌਤੀ "ਫਿਲਾਸਫਰ" ਇਉਂ ਲਿਖਦੇ ਹਨ ਕਿ

Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥ ਹੈ "ਸ੍ਰੀ ਗੁਰਾਂ ਕਾ ਗ੍ਰੰਥ" ਇਹ ਭੀ ਮਹਾਂ ਮੂਰਖਤਾ ਹੈ। ਕਿਉਂਕਿ ਛੇਵੀਂ ਵਿਭਕਤੀ ਸੰਬੰਧ ਵਿਚ ਹੋਣ ਕਰਕੇ ਆਪ ਦੇ ਮੰਨੇ ਹੋਏ "ਛੇਵੇਂ ਤਤਪੁਰਸ਼ ਸਮਾਸ" ਦਾ ਏਹੋ ਅਰਥ ਹੋਊਗਾ ਕਿ "ਸ੍ਰੀ ਗੁਰਾਂ ਦਾ ਸਬੰਧੀ ਗ੍ਰੰਥ" ਸੋ ਏਸ ਤੇ ਵਿਕਲਪ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ "ਸੰਜੋਗ ਸਬੰਧ" ਤੋਂ ਗੁਰਾਂ ਦਾ ਗ੍ਰੰਥ ਹੈ ? ਜਾਂ ਗੁਰਾਂ ਦਾ ਖਰੀਦਿਆ ਹੋਇਆ ਹੈ ? ਅਥਵਾ ਕਿਸੇ ਪ੍ਰਕਾਰ ਤੇ ਅਧਿਕਾਰ ਵਿਚ ਲਿਆ ਹੋਇਆ ਹੈ ? ਅਥਵਾ ਗੁਰਾਂ ਨਾਲ ਕਿਸੇ ਦੇਸ ਕਾਲ ਆਦਿ ਥੀਂ ਉਪਾਧੀ ਨਾਲ ਸੰਬੰਧ ਰਖਣ ਵਾਲਾ ਗ੍ਰੰਥ ਹੈ ? ਯਾ ਕਿਸੇ ਹੋਰ 'ਪਰੰਪਰਾ ਸੰਬੰਧ' ਤੋਂ ਸ੍ਰੀ ਗੁਰਾਂ ਦਾ ਸਬੰਧੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਹੈ।

ਜੇ ਪ'ਹਲਾ ਪੱਖ ਕਹੋ ਤਾਂ ਹੱਥ ਵਿਚ ਫੜੇ ਹੋਏ ਹਰੇਕ ਤਰਾਂ ਦੇ ਗ੍ਰੰਥ ਸ੍ਰੀ ਗੁਰੂ ਗਰੰਥ ਸਾਹਿਬ ਬਣ ਜਾਣ ਕਰਕੇ ਇਨ੍ਹਾਂ ਦੀ ਕੀ ਵਿਸ਼ੇਸ਼ਤਾ ਰਹੂ ? ਜੇ ਗੁਰਾਂ ਦੇ ਕਬਜ਼ੇ ਵਿਚ ਆਇਆ ਗ੍ਰੰਥ ਆਖੋ ਤਾਂ ਇਸ ਤੋਂ ਮਲੂਮ ਹੋਇਆ ਕਿ ਇਹ ਕਿਸੇ ਹੋਰ ਦੀ ਰਚਨਾਂ ਹੈ। ਜੇ ਕਿਸੇ ਉਪਾਧੀ ਦੁਆਰਾ ਗੁਰਾਂ ਦਾ ਸੰਬੰਧੀ ਗ੍ਰੰਥ ਕਹੋ ਤਾਂ ਇਸਤੋਂ ਇਹ ਸਿਧ ਹੋਇਆ ਕਿ ਇਸ ਗ੍ਰੰਥ ਦੀ ਨਾ ਤਾਂ ਸ੍ਰੀ ਗੁਰੂ ਜੀ ਦੇ ਸਰੂਪ ਵਿਚ ਕੋਈ ਅੰਸ ਹੈ ਅਤੇ ਨਾ ਹੀ ਇਸ ਵਿਚ ਸ੍ਰੀ ਗੁਰੂ ਜੀ ਦਾ ਕੋਈ ਅੰਸ ਹੈ, ਕਿਉਂਕਿ ਉਪਾਧੀ 'ਉਪਾਹਿਤ' ਪਦਾਰਥ ਨਾਲੋਂ ਸਦਾ ਹੀ ਨਿਆਰੀ ਹੋਇਆ ਕਰਦੀ ਹੈ। ਜੇ ਕੋਈ ਪਰੰਪਰਾ ਸੰਬੰਧ ਕਹੋ ਤਾਂ ਭਾਈ

Digitized by Panjab Digital Library | www.panjabdigilib.org

ਗੁਰਦਾਸ ਜੀ ਆਦਿ ਕ੍ਰਿਤ ਹੋਰ ਗੁਰੂ ਘਰ ਦੇ ਗ੍ਰੰਥ ਭੀ ਇਸ ਦਾ ਅਰਥ ਬਣ ਜਾਣਗੇ।

ਜੇ ਕਹੋ ਕਿ ਇਸ ਦਾ ਅਰਥ 'ਗੁਰੂ ਸਾਹਿਬ ਦਾ ਆਪ ਰਚਿਆ ਹੋਇਆ' ਹੈ। ਤਾਂ ਵਿਕਲਪ ਹੁੰਦਾ ਹੈ ਕਿ ਕੇਵਲ ਸ਼ਬਦ ਰੂਪ ਤੇ ਗੁਰਾਂ ਦੀ ਰਚਨਾ ਹੈ ਯਾ ਅਰਥ ਰੂਪ ਨੇ ? ਅਥਵਾ ਦੋਨੋਂ ਰੂਪ ਤੇ ? ਜੇ ਕਹੋ ਕਿ ਸ਼ਬਦ ਰੂਪ ਤੇ, ਤਾਂ ਭਗਤਾਂ, ਭੱਟਾਂ, ਅਤੇ ਸਿਖਾਂ ਦੀ ਬਾਣੀ ਵਿਚ ਇਹ ਅਰਥ ਨਹੀਂ ਘਟੇਗਾ ਕਿਉਂਕਿ ਉਹ ਸ਼ਬਦ ਰੂਪ ਤੇ ਗੁਰਾਂ ਨੇ ਨਹੀਂ ਰਚੀ। ਜੇ ਅਰਥ ਰੂਪ ਤੇ ਕਹੋ ਤਾਂ ਜਿਨ੍ਹਾਂ ਪੁਰਾਣਕ ਸਾਖੀਆਂ ਦਾ ਅਨੁਵਾਦ ਗੁਰੂ ਗ੍ਰੰਥ ਸਾਹਿਬ ਵਿਚ ਮਹੱਲਿਆਂ ਦੀ ਬਾਣੀ ਦੁਆਰਾ ਆਉਂਦਾ ਹੈ, ਉਹਨਾਂ ਵਿਚ ਇਹ ਅਰਥ ਨਹੀਂ ਘਟੇਗਾ ਕਿਉਂਕਿ ਉਹਨਾਂ ਦਾ ਅਰਥ ਗੁਰੂ ਮਹਾਰਾਜ ਦਾ ਆਪਣਾ ਨਹੀਂ। ਜੇ ਸ਼ਬਦ ਅਤੇ ਅਰਥ ਦੋਨੋਂ ਪ੍ਰਕਾਰ ਦੀ ਰਚਨਾਂ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ" ਆਖੋ ਤਾਂ ਮਿਸ੍ਰਿਤ ਰਚਨਾ ਹੋਣ ਕਰਕੇ ਉਪ੍ਰੋਕਤ ਸ਼ਬਦ ਰੂਪਤਾ ਵਿਚ ਅਤੇ ਅਰਥ ਰੂਪਤਾ ਵਿਚ ਕਹੇ ਗਏ ਦੂਸ਼ਣ ਫੇਰ ਏਸ ਪੱਖ ਤੇ ਆ ਜਾਣ ਕਰਕੇ ਇਹ ਪੱਖ ਭੀ ਠੀਕ ਨਹੀਂ। ਹੋਰ ਭੀ ਵਿਕਲਪ ਹੈ--ਉਕਤ ਰਚਨਾ ਦਸਾਂ ਗੁਰਾਂ ਦੀ ਹੀ ਰਚਨਾ ਹੋਣ ਕਰਕੇ ਗੁਰਾਂ ਦਾ ਗ੍ਰੰਥ ਹੈ ਯਾ ਥੋੜਿਆਂ ਦੀ ਭੀ ਹੋਣ ਤੇ ? ਪਹਿਲਾ ਪੱਖ ਤਾਂ ਬਣ ਨਹੀਂ ਸਕਦਾ। ਜੇ ਦੂਜਾ ਕਹੋ ਤਾਂ ਭੀ ਠੀਕ ਨਹੀਂ। ਕਿਉਂਕਿ ਆਪ ਦੀ ਪ੍ਰਤਿਗਿਆ ਹੈ ਕਿ ਏਸ ਦਾ ਅਰਥ ਹੈ "ਗੁਰਾਂ ਦਾ ਗ੍ਰੰਥ" ਇਸ ਦਾ ਹੇਤੂ ਆਪ ਦਿੰਦੇ ਹੋ

Digitized by Panjab Digital Library | www.panjabdigilib.org

'ਗੁਰਾਂ ਦੀ ਰਚਨਾ ਹੋਣ ਕਰਕੇ।' ਸੋ ਏਸ ਦੇ ਵਿਰੁਧ ਅਸੀਂ ਪ੍ਰਤਿਗਿਆ ਕਰਦੇ ਹਾਂ ਕਿ ਏਸ ਦਾ ਅਰਥ 'ਗੁਰਾਂ ਦੀ ਰਚਨਾ' ਨਹੀਂ। ਸਭਨਾ ਗੁਰਾਂ ਦੀ ਰਚਨਾ ਨ ਹੋਣ ਕਰਕੇ। ਸੋ ਸਾਡੇ ਹੇਤੂ ਨੇ ਆਪ ਦੇ ਹੇਤੂ ਨੂੰ ਦਬਾ ਲਿਆ। ਏਸ ਲਈ ਆਪ ਦਾ ਹੇਤੂ "ਸਤਿ--ਪ੍ਰਤ ਪੱਖ" ਅਰਥਾਤ ਝੂਠਾ ਹੇਤੂ ਹੈ। ਅਰਥਾਤ ਜੇ ਗੁਰਾਂ ਦੀ ਰਚਨਾ ਹੋਣ ਕਰਕੇ ਏਸ ਨੂੰ ਗੁਰਾਂ ਦਾ ਗ੍ਰੰਥ ਆਖਣਾ ਹੈ ਤਾਂ ਸਾਰਿਆਂ ਗੁਰਾਂ ਦੀ ਰਚਨਾ ਨ ਹੋਣ ਕਰਕੇ ਅਤੇ ਹੋਰਨਾਂ ਦੀ ਰਚਨਾ ਭੀ ਹੋਣ ਤੇ ਗੁਰਾਂ ਦਾ ਗਰੰਥ ਨਹੀਂ ਭੀ ਆਖਣਾ ਪਊ। ਜੇ ਕਹੋ ਭਾਵੇਂ ਦਸਾਂ ਤੋਂ ਘਟ ਗੁਰੂ ਸਾਹਿਬਾਂ ਦੀ ਰਚਨਾ ਹੈ। ਪਰੰਤੂ 'ਗੁਰਤ੍ਸਮਾਨਯ' ਤਾਂ ਸਭਨਾਂ ਵਿਚ ਇਹੀ ਹੈ। ਇਸ ਲਈ ਗੁਰਤ੍ਰ ਜਾਤੀ ਵਾਲੇ ਗੁਰੂ ਪੁਰਖਾਂ ਦੀ ਰਚਨਾ ਹੋਣ ਕਰਕੇ ਜਾਤੀ ਘਟਿਤ ਲਛਣ ਬਣਾ ਲੈਣ ਨਾਲ ਉਕਤ ਦੋਸ਼ ਨਹੀਂ। ਮਗਰ ਇਹ ਭੀ ਅਗਿਆਨ ਹੈ। ਕਿਉਂਕਿ ਇਹ ਰਚਨਾ ਕੇਵਲ ਗੁਰੂ ਵਿਯਕਤੀਆਂ ਦੀ ਹੀ ਨ ਹੋਣ ਕਰਕੇ 'ਗੁਰਤ੍ਰ ਜਾਤੀ ਘਟਿਤ ਲਛਣ ਦਾ ਲੱਛ ਭਗਤਾਂ ਅਤੇ ਭੱਟਾਂ ਦੀ ਬਾਣੀ ਨਹੀਂ ਬਣ ਸਕਦੀ। ਅਰਥਾਤ ਭਗਤ, ਭੱਟ ਅਤੇ ਸਿੱਖ ਇਹਨਾਂ ਵਿਚ ਜਾਤੀ ਦਾ "ਸੰਕਰ" ਦੋਸ਼ ਹੋਣ ਕਰਕੇ ਇਨ੍ਹਾਂ ਸਾਰਿਆਂ ਦੀ ਕੋਈ ਇਕ ਜਾਤੀ ਨਹੀਂ ਬਣ ਸਕਦੀ। ਤਾਂਤੇ ਜਾਤੀ ਘਟਿਤ ਲਛਣ ਅਸ਼ੁੱਧ ਹੈ। ਇਸ ਲਈ "ਗੁਰੂ ਗ੍ਰੰਥ" ਪਦ ਦਾ ਅਰਥ 'ਕਰਮ ਧਾਰਯ' ਸਮਾਸ ਨਾਲ "ਜੋਈ ਗੁਰੂ ਸੋਈ ਗ੍ਰੰਥ" ਭਾਵ--"ਗੁਰੂ ਰੂਪ ਗ੍ਰੰਥ" ਐਸਾ ਕਰਨਾ

Digitized by Panjab Digital Library | www.panjabdigilib.org

ਠੀਕ ਹੈ । ਇਸ ਪੱਖ ਨਾਲ ਸ਼ਬਦ ਕਰਕੇ ਅਤੇ ਉਭੈ ਰੂਪ ਕਰਕੇ ਰਚਨਾ ਭੀ ਗੁਰੂ ਸਾਹਿਬ ਵਲੋਂ ਬਣ ਜਾਂਦੀ ਹੈ । ਨਾਲੇ ਸਬਦਾਤਮ ਰੂਪ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਗੁਰਾਂ ਦੀ ਆਤਮਾ ਹੋਣ ਕਰਕੇ ਕੁਝਕੁ ਗੁਰੂ ਵਿਅਕ-ਤੀਆਂ ਦੀ ਰਚਨਾ ਨ ਹੋਣ ਤੇ ਭੀ ਕੇਵਲ ਦਸਮ ਪਾਤਸ਼ਾਹ ਜੀ ਦੁਆਰਾ ਗੁਰੂ ਪਦਵੀ ਤੇ ਸਥਾਪਿਤ "ਗੁਰੂ" ਮੰਨੇ ਜਾਂਦੇ ਹਨ । ਅਰਥਾਤ ਸਭ ਗੁਰੂ ਇਕ ਰੂਪ ਹੋਣ ਤੇ ਇਕ ਦੀ ਰਚਨਾ ਭੀ ਸਾਰਿਆਂ ਵਲੋਂ ਸਿੱਧ ਹੁਦੀ ਹੈ ਅਤੇ ਇਕ ਸਾਹਿਬ ਵਲੋਂ ਹੀ ਥਾਪੇ ਗਏ ਸਭਨਾਂ ਵਲੋਂ ਥਾਪੇ ਗੁਰੂ ਮੰਨਣੇ ਪੈਂਦੇ ਹਨ । ਅਤੇ ਏਸਤਰਾਂ ਮੰਨਣ ਨਾਲ ਭਗਤਾਂ ਭੱਟਾਂ ਅਤੇ ਸਿੱਖਾਂ ਦੀ ਰਚਨਾਂ ਦੀ ਪ੍ਰਮਾਣਤਾ ਅਤੇ ਪ੍ਰਵਾ-ਣਤਾ ਗੁਰੂ ਸਾਹਿਬ ਵਲੋਂ ਹੋਣ ਕਰਕੇ ਗੁਰੂ ਬਾਣੀ ਨਾਲ ਉਸ ਬਾਣੀ ਦੇ ਅਭੇਦ ਦਾ ਨਿਸਚਾ ਹੁੰਦਾ ਹੈ । ਸੋ ਉਕਤ ਵਾਕ ਅੰਸ ਦਾ ਅਰਥ 'ਸ੍ਰੀ ਗੁਰਾਂ ਦਾ ਗ੍ਰੰਥ' ਨਹੀਂ । ਕਿੰਤੂ "ਸ੍ਰੀ ਗੁਰੂ ਹੀ ਗ੍ਰੰਥ" ਹੈ । ਪੁਨਾ--ਇਸ ਵਾਕ ਅੰਸ ਨੂੰ ਛੇਵਾਂ ਤਤ ਪੁਰਖ ਸਮਾਸ ਮੰਨਣਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਿਆਕਰਣ ਤੋਂ ਵਿਰੁਧ ਹੈ ਕਿਉਂਕਿ ਸੰਬੰਧੀ ਅਤੇ ਸੰਬੰਧਮਾਨ ਦੇ ਯੋਗ ਤੋਂ ਛੇਵਾਂ ਤਤ ਪੁਰਖ ਸਮਾਸ ਬਣਨ ਕਰ ਕੇ ਸੰਬੰਧਮਾਨ ਦੀ ਵਿਭਕਤੀ ਦਾ 'ਲੁਕ ਸਮਾਸ' ਵਿਚ ਹੀ ਲੋਪ ਹੁੰਦਾ ਹੈ, ਪਰੰਤੂ 'ਦੀਰਘ ਸ੍ਵਰ ਅੰਤ' ਪੂਰਬ ਪਦ ਦੀ ਵਿਭਕਤੀ ਦਾ ਏਸ ਸਮਾਸ ਵਿਚ ਲੋਪ ਨਹੀਂ ਹੁੰਦਾ ਕਿੰਤੂ ਦੀਰਘ ਦੇ ਥਾਂ ਵਿਕਲਪ ਤੇ ਲਘੂ ਆਦੇਸ਼ ਹੋ ਜਾਂਦਾ ਹੈ । ਏਸ ਨਿਯਮ ਅਨੁਸਾਰ 'ਗੁਰੂ ਗ੍ਰੰਥ' ਦਾ

Digitized by Panjab Digital Library | www.panjabdigilib.org

ਉਕਤ ਸਮਾਸ ਬਣਾਉਣ ਲਈ 'ਗੁਰੂ ਗ੍ਰੰਥ' ਅਥਵਾ 'ਗੁਰ ਗ੍ਰੰਥ' ਹੋ ਜਾਂਦਾ ਹੈ, ਮਗਰ ਉਕਤ ਪਦ 'ਗੁਰ ਗਰੰਥ' 'ਕਰਮ ਧਾਰਯ' ਸਮਾਸ ਦੁਆਰਾ ਸਿੱਧ ਹੈ ਜਿਸ ਦਾ ਅਰਥ 'ਗੁਰੂ ਰੂਪ ਗਰੰਥ' ਹੈ।

ਸ਼ੰਕਾ—ਕੀ ਸ੍ਰੀ ਗੁਰਾਂ ਨੇ ਇਸ ਨੂੰ ਰਚਿਆ ਨਹੀਂ ? ਜੇ ਰਚਿਆ ਹੈ ਤਾਂ ਭਾਵੇਂ ਅੱਧਿਆਂ ਨੇ ਰਚਿਆ ਭਾਵੇਂ ਸਾਰਿਆਂ ਨੇ, ਉਹਨਾਂ ਦੀ ਰਚਨਾ ਤਾਂ ਜ਼ਰੂਰ ਹੈ। ਇਸ ਲਈ 'ਸ੍ਰੀ ਗੁਰਾਂ ਦੀ ਰਚਨਾ' ਇਹ ਅਰਥ ਕਿਉਂ ਠੀਕ ਨਹੀਂ ?

ਉੱਤਰ—ਇਹ ਠੀਕ ਹੈ ਕਿ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚ ਮੁਚ ਗੁਰਾਂ ਦੀ ਰਚਨਾ ਹੈ ਮਗਰ ਹੁਣ ਏਸ ਦਾ ਕੁਛ ਪ੍ਰਯੋਜਨ ਨਹੀਂ ਕਿਉਂਕਿ ਜਦੋਂ ਦੋ ਉਪਾਧੀਆਂ ਇਕ ਜਗਾ ਇਕੱਠੀਆਂ ਹੋ ਜਾਣ ਤਾਂ ਭਾਵੇਂ ਦੋਵੇਂ ਦਿਸਦੀਆਂ ਭੀ ਹੋਣ, ਛੋਟੀ ਉਪਾਧੀ ਬੜੀ ਦੇ ਅੰਦਰ ਹੀ ਲੀਨ ਹੋ ਜਾਂਦੀ ਹੈ। ਜੈਸੇ ਪਾਣੀ ਦਾ ਘੜਾ ਜਦੋਂ ਛੱਪੜ ਵਿਚ ਰਖ ਦਿਤਾ ਜਾਵੇ ਤਾਂ ਘੜਾ ਭਾਵੇਂ ਮਾਲੂਮ ਭੀ ਹੁੰਦਾ ਹੋਵੇ ਉਸਦੇ ਪਾਣੀ ਨੂੰ ਕੋਈ ਭੀ ਘੜੇ ਦਾ ਪਾਣੀ ਨਹੀਂ ਕਹਿੰਦਾ ਸਭ ਛਪੜ ਦਾ ਹੀ ਆਖਣਗੇ। ਕਿਉਂਕਿ ਉਸ ਪਾਣੀ ਦੀ ਉਪਾਧੀ (ਛਪੜ) ਘੜੇ ਨਾਲੋਂ ਪ੍ਰਬਲ ਹੈ। ਅਤੇ ਜਿਵੇਂ ਕਿਸੇ ਰਾਜ ਪੁਤ੍ਰ ਨੂੰ ਰਾਜਾ ਬਣ ਜਾਣ ਦੇ ਪਿਛੋਂ 'ਉਸ ਰਾਜਾ ਦਾ ਪੁਤ੍ਰ' ਕਹਿਕੇ ਨਹੀਂ ਬੁਲਾਇਆ ਜਾਂਦਾ ਕਿੰਤੂ "ਰਾਜਾ" ਹੀ ਕਹਿਣ ਦੀ ਪ੍ਰਸਿੱਧੀ ਹੁੰਦੀ ਹੈ ਏਸੇ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਾਂ ਦੀ ਰਚਨਾ ਹੁੰਦੇ ਹੋਏ ਭੀ ਹੁਣ ਮੁਖਤਾ ਕਰਕੇ ਰਚਨਾ ਨਹੀਂ ਆਖੇ

Digitized by Panjab Digital Library | www.panjabdigilib.org

ਜਾਂਦੇ ਕਿੰਤੂ ਗੁਰੂ ਗਦੀ ਤੇ ਆਰੂਢ ਹੋਣ ਕਰਕੇ 'ਰਚਨਾ' ਨਾਲੋਂ "ਗੁਰੂ ਰੂਪ" ਕਰਕੇ ਜ਼ਿਆਦੇ ਪ੍ਰਸਿੱਧ ਅਤੇ ਪ੍ਰਤਿਸ਼-ਟਤ ਹਨ। ਜੇ ਕਹੋ ਕਿ "ਗੁਰੂ" ਕੇਵਲ ਅੱਲ ਹੀ ਹੈ ਤਾਂ ਭੀ ਠੀਕ ਨਹੀਂ ਕਿਉਂਕਿ ਉਕਤ ਨਾਮ 'ਗੁਰੂ ਥਾਪਣ' ਕਰਕੇ ਹੀ ਪ੍ਰਸਿਧ ਨਹੀਂ । ਬਲਕਿ ਗੁਰੂ ਸਾਹਿਬਾਂ ਨੇ ਬੀੜ ਬੰਨ੍ਹੀ ਹੋਣ ਕਰਕੇ "ਗੁਰੂ ਗ੍ਰੰਥ ਸਾਹਿਬ" ਪਦ "ਸਖੰਡ ਉਪਾਧੀ" ਰੂਪ ਭੀ ਹੈ । ਪਦਵੀ ਭੀ ਹੈ । ਸੋ ਇਨ੍ਹਾਂ ਦਾ ਅਸਲੀ ਰੂਪ ਭੀ "ਗੁਰੂ" ਹੋਣ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਪਦ ਦਾ ਅਰਥ 'ਸ੍ਰੀ ਗ੍ਰੰਥ ਸਾਹਿਬ ਹੀ ਗੁਰੂ' ਹੈ ਅਤੇ "ਗੁਰੂਆਂ ਦਾ ਗ੍ਰੰਥ" ਨਹੀਂ ਹੈ।

ਸ਼ੰਕਾ.—"ਗੁਰਬਾਣੀ ਕਹੈ ਸੇਵਕ ਜਨ ਮਾਨੈ ਪਰ-ਤਖਿ ਗੁਰੂ ਨਿਸਤਾਰੈ" ਵਿਚਲੇ "ਪਰਤਖ ਗੁਰੂ" ਦਾ ਅਰਥ ਦੇਹਧਾਰੀ ਗੁਰੂ ਹੀ ਜਾਣਿਆ ਜਾਂਦਾ ਹੈ । ਅਤੇ "ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥" ਵਿਚ ਭੀ "ਮਾਨੀਓ" ਦਾ ਮੇਲ ਦੋਹੀਂ ਪਾਸੀਂ ਹੋਣ ਕਰਕੇ ਇਹ ਅਰਥ ਬਣਦਾ ਹੈ ਕਿ 'ਗੁਰੂ ਗ੍ਰੰਥ ਜੀ' 'ਅਤੇ ਪ੍ਰਗਟ ਗੁਰੂ' ਅਰਥਾਤ ਦੇਹਧਾਰੀ ਦੋਹਾਂ ਨੂੰ ਮੰਨਣਾ ਚਾਹੀਏ । ਭਾਵ ਇਹ ਹੈ ਕਿ ਸਮਝਣ ਲਈ ਤਾਂ ਭਾਵਨਾ ਮਈ ਗੁਰੂ "ਗੁਰੂ ਗ੍ਰੰਥ" ਹੀ ਸਹੀ। ਮਗਰ ਨਿਰਾਵਰਣ (ਸੁਧ) ਬੋਧ ਕਰਾ ਕੇ ਉਪਦੇਸ਼ ਦ੍ਰਿੜਾਉਣ ਲਈ ਦੇਹਧਾਰੀ ਹੀ ਗੁਰੂ ਮੰਨਣਾ ਪਊ ।

ਉੱਤਰ:—ਪਹਿਲੇ ਵਾਕ ਵਿਚ ਜਦੋਂ ਗੁਰਬਾਣੀ ਦੇ ਹੁਕਮ ਨੂੰ ਮੰਨਣ ਦੀ ਤਾਕੀਦ ਹੋ ਚੁਕੀ ਤਾਂ ਫੇਰ

Digitized by Panjab Digital Library | www.panjabdigilib.org

ਦੇਹਧਾਰੀ ਗੁਰੂ ਕਾਹਦੇ ਵਾਸਤੇ ਮੰਨਣਾ ਹੈ ? ਇਸ ਲਈ 'ਪ੍ਰਤਖਿ' ਪਦ ਦਾ ਭਾਵ ਪ੍ਰਗਟ ਅਥਵਾ ਦੇਹਧਾਰੀ ਨਹੀਂ। ਕਿੰਤੂ ਉਕਤ ਪਦ 'ਨਿਸਤਾਰੇ' ਕ੍ਰਿਆ ਦਾ ਵਿਸ਼ੇਸ਼ਣ ਮੰਨਕੇ ਇਹ ਅਰਥ ਹੈ ਕਿ ਉਪਰ ਕਹੀ ਹੋਈ 'ਗੁਰਬਾਣੀ' ਹੀ ਗੁਰੂ ਹੈ। ਉਹ ਸੇਵਕ ਜਨ ਨੂੰ ਪਰਤਖਿ ਤੌਰ ਤੇ ਤਾਰ ਦਿੰਦੀ ਹੈ। ਨਾਲੇ ਉਪਰਲੀ ਤੁਕ ਵਿਚ "ਬਾਣੀ ਗੁਰੂ ਗੁਰੂ ਹੈ ਬਾਣੀ' ਦੁਆਰਾ ਗੁਰਾਂ ਦਾ ਬਾਣੀ ਨਾਲ ਮੁਖ ਅਭੇਦ ਕਥਨ ਕਰਕੇ ਪਹਿਲੇ ਵਾਕ ਵਿਚ ਕਹੀ ਹੋਈ ਵਸਤੂ ਦਾ ਫੇਰ ਵਿਧਾਨ ਕਰਨ ਲਈ ਦੂਜੇ ਵਾਕ ਵਿਚ 'ਗੁਰਬਾਣੀ ਕਹੈ' ਇਸ ਵਾਕ ਅੰਸ ਕਰਕੇ ਗੁਰਬਾਣੀ ਦੇ ਹੀ 'ਗੁਰੂ' ਹੋਣ ਦਾ 'ਉਦੇਸ਼-ਪ੍ਰਤਿ ਨਿਰਦੇਸ਼' ਕੀਤਾ ਗਿਆ ਹੈ। ਨਾ ਕਿ ਦੇਹ ਧਾਰੀ ਗੁਰੂ ਦਾ ਇਸ ਲਈ ਗੁਰੂ ਬਾਣੀ ਹੀ ਪਰਤਖਿ ਨਿਸਤਾਰਾ ਕਰਨ ਹਾਰੀ ਹੋਣ ਕਰਕੇ 'ਗੁਰੂ' ਸਿੱਧ ਹੁੰਦੀ ਹੈ। ਜੇ ਕਹੋ ਗੁਰੂ ਬਾਣੀ ਨੂੰ ਕਹਿਣ ਵਾਲਾ ਪਰਤਖਿ ਹੀ ਤਾਰ ਦਿੰਦਾ ਹੈ ਤਾਂ ਭੀ ਗੁਰੂ ਬਾਣੀ ਰੂਪ ਸਾਧਨ ਨਾਲ ਗੁਰੂ ਤਾਰ ਦੇਣ ਦਾ ਹੀ ਵਿਧਾਨ ਹੋਣ ਕਰਕੇ ਉਪਰ ਕਹੀ ਹੋਈ ਬਾਣੀ ਅਤੇ ਗੁਰੂ ਦੀ ਅਭੇਦਤਾ ਤੋਂ ਬਾਣੀ ਦੀ ਹੀ ਮਹਿਮਾ ਅਤੇ ਗੁਰੂ ਰੂਪਤਾ ਸਿਧੀ ਹੁੰਦੀ ਹੈ।

'ਗੁਰੂ ਗ੍ਰੰਥ ਸਾਹਿਬ' ਜੀ ਅਤੇ 'ਦੇਹਧਾਰੀ' ਦੋਹਾਂ ਨੂੰ ਗੁਰੂ ਮੰਨਣਾ ਭੀ ਅਗਿਆਨ ਹੈ ਕਿਉਂਕਿ ਇਸ ਤੇ ਵਿਕਲਪ ਹੁੰਦਾ ਹੈ ਕਿ ਉਕਤ ਦੋਹਾਂ ਪਦਾਰਥਾਂ ਦਾ ਪਰਸਪਰ ਅਭੇਦ ਹੈ ਕਿ ਭੇਦ ? ਜੇ ਅਭੇਦ ਹੈ ਤਾਂ ਮੁਖ ਕਿ

Digitized by Panjab Digital Library | www.panjabdigilib.org

ਗਉਣ ? ਜੇ ਗੁਰਬਾਣੀ ਅਤੇ ਦੇਹਧਾਰੀ ਗੁਰੂ ਦਾ ਆਪਸ ਵਿਚ ਮੁਖ ਅਭੇਦ ਮੰਨੋਂ ਤਾਂ ਭਾਵੇਂ ਦੇਹ ਹੋਵੇ ਭਾਵੇਂ ਬਾਣੀ ਦੋਹਾਂ ਵਿਚੋਂ ਇਕ ਦੀ ਹਸਤੀ ਹੀ ਬਾਕੀ ਰਹੇਗੀ। ਏਸ ਤਰ੍ਹਾਂ ਦੇਹ ਦੀ ਕੋਈ ਖਾਸ ਵਿਸ਼ੇਸ਼ਤਾ ਨਹੀਂ ਰਹੇਗੀ। ਜੇ ਦੋਹਾਂ ਦਾ ਗਉਣ ਅਭੇਦ ਮੰਨੋਂ ਤਾਂ ਮੁਖਤਾ ਬਾਣੀ ਨੂੰ ਹੈ ਕਿ ਦੇਹ ਨੂੰ ? ਜੇ ਕਹੋ ਬਾਣੀ ਨੂੰ ਤਾਂ ਫੇਰ ਦੇਹ ਦੀ ਕੀ ਲੋੜ ਰਹੀ। ਜੇ ਦੇਹ ਮੁਖ ਹੈ, ਤਾਂ ਬਾਣੀ ਦੀ ਕੀ ਲੋੜ ਹੈ ? ਅਰਥਾਤ ਬਾਣੀ ਬਿਨਾਂ ਹੀ ਗੁਰੂ ਉਪਦੇਸ਼ ਦੇਕੇ ਤਾਰ ਦੇਵੇ। ਮਗਰ ਏਸ ਪ੍ਰਕਾਰ ਦਾ ਅਰਥਾਤ ਬਾਣੀ ਤੋਂ ਬਾਹਰਾ ਗੁਰੂ ਹੋਵੇਗਾ ਕੀ ? ਅਤੇ ਤਾਰੇਗਾ ਭੀ ਕਾਹਦੇ ਨਾਲ ? ਜੇ ਕਹੋ ਬਾਣੀ ਬਿਨਾਂ ਆਪਣੀ ਕਲਾ ਨਾਲ ਹੀ ਗੁਰੂ ਤਾਰ ਦੇਵੇਗਾ ਤਾਂ ਸਭ ਪ੍ਰਕਾਰ ਦੀਆਂ ਬਾਣੀਆਂ ਨਿਸਫਲ ਹੋ ਜਾਣਗੀਆਂ। ਅਤੇ "ਗੁਰਬਾਣੀ ਕਹੈ ਸੇਵਕ ਜਨ ਮਾਨੈ" ਇਸ ਦੇ ਕੁਝ ਭੀ ਅਰਥ ਨਹੀਂ ਹੋਣਗੇ। ਨਾਲੇ ਬਾਣੀ ਅਤੇ ਗੁਰੂ ਦੋਹਾਂ ਨੂੰ ਮੰਨਣ ਦਾ ਸਿਧਾਂਤ ਭੀ ਖੰਡਿਤ ਹੋ ਜਾਏਗਾ ਤਾਂਤੇ "ਪ੍ਰਗਟ ਗੁਰਾਂ ਕੀ ਦੇਹ ਦਾ ਅਰਥ ਤੇ ਭਾਵ ਭੀ ਏਹੋ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਗੁਰਾਂ ਦੀ ਦੇਹ ਰੂਪ ਤੇ ਪ੍ਰਗਟ ਹਨ।

ਜੇ ਬਾਣੀ ਅਰ ਗੁਰੂ ਦਾ ਭੇਦ ਮੰਨੋ ਤਾਂ ਉਹਨਾਂ ਦਾ ਇਕਤ੍ਰ ਹੋਕੇ ਤਾਰਨਾ ਕਿਸੇ ਸਬੰਧ ਤੋਂ ਭੀ ਸਿੱਧ ਨਹੀਂ ਹੁੰਦਾ। ਅਰਥਾਤ ਉਹਨਾਂ ਦਾ ਇਕਤ੍ਰ ਹੋਣਾ ਜ਼ਰੂਰੀ ਨਹੀਂ।

ਸ਼ੰਕਾ–ਜਿਵੇਂ ਗੁਰੂ ਸਾਹਿਬ ਦੇ ਹੁੰਦਿਆਂ ਬਾਣੀ ਦੇ ਨਾਲ ਹੀ ਉਨ੍ਹਾਂ ਦੀ ਦੇਹ ਦੀ ਭੀ ਪੂਜਾ ਹੁੰਦੀ ਸੀ, ਉਸ

Digitized by Panjab Digital Library | www.panjabdigilib.org

ਤਰ੍ਹਾਂ ਹੁਣ ਭੀ ਬਾਣੀ ਦੇ ਨਾਲ ਕਿਸੇ ਦੇਹ ਧਾਰੀ ਨੂੰ ਗੁਰੂ ਮੰਨਣ ਵਿਚ ਕੀ ਹਰਜ ਹੈ ?

ਉੱਤਰ–ਗੁਰ ਘਰ ਵਿਚ ਦਸਮੇਂ ਪਾਤਸ਼ਾਹ ਤੋਂ ਪਿਛੋਂ ਜਦੋਂ ਕੋਈ ਦੇਹਧਾਰੀ ਗੁਰੂ ਹੋਇਆ ਹੀ ਨਹੀਂ, ਤਾਂ ਗੁਰੂ ਕਿਸ ਨੂੰ ਮੰਨੀਏ ? ਅਤੇ ਅੱਨਮਤਿ ਵਿਚ ਭੀ ਜੋ ਬਾਣੀ ਅਤੇ ਦੇਹਧਾਰੀ ਪੁਰਖ ਨੂੰ ਇਕੋ ਜਿਹਾ ਗੁਰੂ ਮੰਨਦੇ ਹਨ, ਉਹਨਾਂ ਨੂੰ ਸਭ ਤੋਂ ਮੁਢਲੇ ਗੁਰੂ ਜੀ ਦੀ ਬਾਣੀ ਦੇ ਹੁੰਦਿਆਂ ਹੋਰ ਗੁਰੂ ਹੀ ਨਹੀਂ ਮੰਨਣਾ ਚਾਹੀਦਾ। ਅਥਵਾ ਦੇਹ ਧਾਰੀ ਗੁਰੂ ਦੇ ਹੁੰਦਿਆਂ ਬਾਣੀ ਦੀ ਰਚਨਾ ਨਹੀਂ ਚਾਹੀਦੀ। ਜੇ ਕਹੋ ਕਿ ਦੇਹ ਧਾਰੀ ਗੁਰੂ ਅਤੇ ਉਸ ਦੀ ਬਾਣੀ ਦੋਵੇਂ ਇਕੋ ਸਮੇਂ ਹੋਣੇ ਜ਼ਰੂਰੀ ਹਨ ਤਾਂ ਰਾਧਾ ਸੁਆਮੀ ਮਤ ਦੇ ਪਹਿਲੇ ਗੁਰੂ ਸ਼ਿਵਦਿਆਲ ਦੇ ਸਮੇਂ ਕੋਈ ਬਾਣੀ ਨਾ ਹੋਣ ਕਰਕੇ ਉਹ ਅਧੂਰੇ ਗੁਰੂ ਸਿਧ ਹੋਏ। ਏਵੇਂ ਹੀ 'ਨਾਮਧਾਰੀ' ਅਥਵਾ 'ਨਿਰੰਕਾਰੀ' ਆਦਿ "ਸਿੱਖ ਸੰਪ੍ਰਦਾਵਾਂ" ਦੇ ਮੋਢੀ ਬਾਬਾ ਰਾਮ ਸਿੰਘ ਜੋ ਆਦਿਕਾਂ ਦੀ ਭੀ ਕੋਈ ਬਾਣੀ ਨ ਹੋਣ ਕਰਕੇ ਉਹ ਅਪੂਰਨ ਹੀ ਮੰਨਣੇ ਪੈਣਗੇ। ਜੇ ਕਹੋ ਕਿ ਅਸਾਡਾ ਭਾਵ ਇਹ ਹੈ ਕਿ ਉਪਦੇਸ਼ ਰੂਪ ਤਾਂ ਗੁਰੂ ਬਾਣੀ ਹੈ ਅਤੇ ਉਸਦਾ ਸਮਝਾਉਣ ਵਾਲਾ ਗੁਰੂ ਹੈ। ਤਾਂਤੇ ਦੋਹਾਂ ਦੀ ਇਕੋ ਜਿਹੀ ਲੋੜ ਹੈ। ਤਾਂ ਵਿਕਲਪ ਹੁੰਦਾ ਹੈ ਕਿ ਗੁਰੂ ਸਮਝਾਉਣ ਅਥਵਾ ਸੁਨਾਉਣ ਲਈ ਹੀ ਚਾਹੀਦਾ ਹੈ ? ਯਾ ਬਾਣੀ ਦੀ ਰਚਨਾ ਲਈ ? ਜੇ ਕਹੋ ਕਿ ਸੁਨਾਉਣ ਅਤੇ ਸਮਝਾਉਣ ਲਈ ਤਾਂ ਵਕਤ ਦੇ ਗੁਰੂ ਦਾ ਕੋਈ ਚੇਲਾ ਉਸਦੇ

Digitized by Panjab Digital Library | www.panjabdigilib.org

ਉਪਦੇਸ਼ ਨੂੰ ਸੁਣਾਵੇ ਅਥਵਾ ਸਮਝਾ ਦੇਵੇ, ਉਸ ਨੂੰ ਤੁਸੀਂ ਚੇਲਾ ਹੀ ਮੰਨੋਗੇ ਜਾਂ ਗੁਰੂ ? ਜੇ ਕਹੋ ਚੇਲਾ, ਤਾਂ ਕੀ ਕਾਰਣ ? ਜੇ ਕਹੋ ਕਿ ਉਹ ਭੀ ਗੁਰੂ ਮੰਨਿਆ ਜਾਵੇਗਾ ਤਾਂ ਇਸ ਤਰਾਂ ਭੀ ਆਪ ਦਾ ਖਹਿੜਾ ਨਹੀਂ ਛੁਟੇਗਾ, ਕਿਉਂਕਿ ਜਿਤਨੇ ਭੀ ਦੇਹਧਾਰੀ ਦੇ ਚੇਲੇ ਉਸਦੇ ਉਪਦੇਸ਼ ਨੂੰ ਸੁਨਾਉਣ ਤੇ ਸਮਝਾਉਣ ਵਾਲੇ ਹੋਣਗੇ ਓਹਨਾਂ ਸਭਨਾਂ ਨੂੰ ਸਮੇਂ ਦੇ ਗੁਰੂ ਦੀ ਮੌਜੂਦਗੀ ਵਿਚ ਭੀ ਆਪ ਦੇ ਕਥਨ ਅਨੁਸਾਰ ਗੁਰੂ ਹੀ ਮੰਨਣਾ ਪਊ। ਯਾ ਅੱਧਿਆਂ ਨੂੰ ਗੁਰੂ ਅਤੇ ਅੱਧਿਆਂ ਨੂੰ ਚੇਲੇ ਮੰਨੋਗੇ ? ਏਸਤਰ੍ਹਾਂ ਭੀ ਉਨ੍ਹਾਂ ਦੀ ਭਿੰਨਤਾ ਦੀ ਕੀ ਪਛਾਣ ਘੜੋਗੇ ? ਜੇ ਕਹੋ ਕਿ ਗੁਰੂ ਤਾਂ ਬਾਣੀ ਦੀ ਰਚਨਾ ਲਈ ਹੈ ਤਾਂ ਅਸੀਂ ਕਹਾਂਗੇ ਕਿ ਜੋ ਬਾਣੀ ਦੀ ਰਚਨਾ ਨਾ ਕਰੇ, ਅਜੇਹੇ ਦੇਹਧਾਰੀ ਨੂੰ ਗੁਰੂ ਮੰਨਣ ਦਾ ਕੀ ਲਾਭ ? ਨਾਲੇ ਉਪਦੇਸ਼ ਸੁਨਾਉਣ ਤੇ ਸਮਝਾਉਣ ਵਾਲੇ ਨੂੰ ਕਿਉਂ ਗੁਰੂ ਦਾ ਦਰਜਾ ਦਿੰਦੇ ਹੋ ? ਫੇਰ ਇਹ ਭੀ ਦਸੋ ਕਿ ਜਦੋਂ ਤੁਸੀਂ ਬਾਣੀ ਨਾਲੋਂ ਦੇਹ ਧਾਰੀ ਦੀ ਮੁਖਤਾ ਮੰਨਦੇ ਹੋ ਅਤੇ ਹਰ ਸਮੇਂ ਦੇਹਧਾਰੀ ਦੀ ਲੋੜ ਸਮਝਦੇ ਹੋ ਤਾਂ ਬਾਣੀ ਦੀ ਰਚਨਾ ਦੀ ਕੀ ਲੋੜ ਹੈ ? ਕਿਉਂਕਿ ਦੇਹਧਾਰੀ ਬੋਲਕੇ ਹੀ ਉਪਦੇਸ਼ ਕਰ ਦਿਆ ਕਰੇ। ਜੇ ਕਹੋ ਕਿ ਦੂਰ ੨ ਸੁਨਾਉਣ ਲਈ ਅਰ ਇਕੋ ਸਮੇਂ ਬਹੁਤਿਆਂ ਨੂੰ ਸੁਨਾਉਣ ਲਈ ਬਾਣੀ ਦੀ ਭੀ ਉਤਨੀ ਹੀ ਲੋੜ ਹੈ ਤਾਂ ਬਾਣੀ ਬਣਾਉਣ ਵਾਲੇ ਦੇਹਧਾਰੀ ਦੇ ਸਰੀਰ ਨਾਸ ਹੋ ਜਾਣ ਤੋਂ ਪਿਛੋਂ ਜੇ ਹੋਰ ਦੇਹਧਾਰੀ ਗੁਰੂ ਹੋਣ ਦੀ ਕਲਪਨਾ ਹੀ ਛਡ ਦੇਈਏ ਅਤੇ ਉਸ ਦੀ ਬਾਣੀ

Digitized by Panjab Digital Library | www.panjabdigilib.org

ਦੁਆਰਾ ਇਕੋ ਸਮੇਂ ਅਨੇਕਾਂ ਪੁਰਸ਼ਾਂ ਨੂੰ ਅਨੇਕਾਂ ਦੇਸਾਂ ਵਿਚ ਉਸ ਦਾ ਉਪਦੇਸ਼ ਪਹੁੰਚਾਉਣਾ ਮੰਨ ਲਿਆ ਜਾਵੇ ਤਾਂ ਕੀ ਹਾਨੀ ਹੈ ? ਜੇ ਕਹੋ ਕਿ ਉਸ ਤੋਂ ਬਿਨਾਂ ਸਮਝਿਆ ਹੀ ਨਹੀਂ ਜਾਂਦਾ ਤਾਂ ਏਸ ਤਰ੍ਹਾਂ ਤਾਂ ਉਸ ਦੇ ਆਪਣੇ ਸਾਰੇ ਸਿਖਾਂ ਨੂੰ ਭੀ ਉਪਦੇਸ਼ ਕਰਨਾ ਨਿਸਫਲ ਹੈ ਅਤੇ ਸਿਖਾਂ ਦਾ ਅਗਾਹਾਂ ਉਪਦੇਸ਼ ਕਰਨਾ ਭੀ ਨਹੀਂ ਬਣ ਸਕਦਾ । ਜੇ ਉਸਦੇ ਸਿਖ ਭੀ ਸਮਝਾ ਸਕਦੇ ਹਨ ਤਾਂ ਉਸ ਦੀ ਦੇਹ ਆਪਣੀ ਮੌਜੂਦਗੀ ਵਿਚ ਸਿਖਾਂ ਜਿਤਨਾ ਭੀ ਕੰਮ ਨਹੀਂ ਕਰ ਸਕਦੀ । ਏਸ ਤੋਂ ਸਿੱਧ ਹੋਇਆ ਕਿ ਗੁਰੂ ਦੀ ਦੇਹ ਮੌਜੂਦ ਅਥਵਾ ਨਾ ਮੌਜੂਦ ਹੋਣ ਵਿਚ ਉਸ ਦੀ ਬਾਣੀ ਹੀ ਤਾਰ ਸਕਦੀ ਹੈ ਜੋ ਕਿ ਉਹਨਾਂ ਦਾ ਨਿਜ ਰੂਪ ਹੈ ਅਤੇ ਉਸ ਦੇ ਸਿਖ ਉਪਦੇਸ਼ਟੇ ਹੋਕੇ ਭੀ ਸਿਖ ਹੀ ਹਨ । ਏਸ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ:-

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥ ਗੁਰਬਾਣੀ ਕਹੈ ਸੇਵਕ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ ॥"

ਸੋ ਬਾਣੀ 'ਗੁੜ ਦੇ ਗਣੇਸ਼' ਦੀ ਤਰ੍ਹਾਂ ਕੇਵਲ ਭਾਵਨਾ ਮਈ ਗੁਰੂ ਨਹੀਂ । ਕਿੰਤੂ ਪਰਤਖਿ ਤਾਰਨ ਵਾਲੀ ਅਰਥਾਤ ਸਾਖਿਆਤ ਗੁਰੂ ਹੈ ਅਤੇ ਓਹੀ ਅੰਤਹ ਕਰਨ ਵਿਚ ਵਸਕੇ ਨਿਰਾਵਰਣ ਬੋਧ ਕਰਨ ਵਿਚ ਸਮਰਥ ਹੈ । ਸਿਖ ਦੀ ਜੋਤਿ ਉਧਾਰੀ ਹੋਣ ਕਰਕੇ ਕੇਵਲ ਉਪਦੇਸ਼ ਸੁਣਾ ਤੇ ਸਮਝਾ ਸਕਦੀ ਹੈ । ਤਾਂਤੇ ਦੇਹਧਾਰੀ ਗੁਰੂ ਦੀ

Digitized by Panjab Digital Library | www.panjabdigilib.org

ਕੋਈ ਲੋੜ ਨਹੀਂ ।

ਸ਼ੰਕਾ—ਜਦੋਂ ਗੁਰੂ ਸਾਹਿਬਾਂ ਦੇ ਹੁੰਦਿਆਂ ਬਾਣੀ ਦੇ ਨਾਲ ਦੇਹ ਭੀ ਜ਼ਰੂਰੀ ਸੀ । ਤਾਂ ਫੇਰ ਦੇਹ ਦੀ ਘਟ ਲੋੜ ਕਿਵੇਂ ਹੋਈ।

ਉਤਰ—ਗੁਰੂ ਘਰ ਵਿਚ ਬਾਣੀ ਦੇ ਨਾਲ ਗੁਰੂ ਦੇਹ ਦਾ ਹੋਣਾ ਜ਼ਰੂਰੀ ਨਹੀਂ ਮੰਨਿਆ ਗਿਆ । ਜੇ ਇਸ ਤਰ੍ਹਾਂ ਹੁੰਦਾ ਤਾਂ ਦਸਵੇਂ ਪਾਤਸ਼ਾਹ ਆਪਣੇ ਪਿਛੋਂ ਕੋਈ ਇਕ ਦੇਹਧਾਰੀ ਗੁਰੂ ਜ਼ਰੂਰ ਕਾਇਮ ਕਰਦੇ । ਇਸ ਲਈ ਖਾਸ ਸਮੇਂ ਤਕ ਅਤੇ ਖਾਸ ਪ੍ਰਯੋਜਨ ਲਈ ਦੇਹ ਦਾ ਹੋਣਾ ਮੰਨਿਆਂ ਜਾਂਦਾ ਹੈ, ਸਦਾ ਲਈ ਨਹੀਂ । ਸੋ ਪਹਿਲੀ ਪਾਤਸ਼ਾਹੀ ਤੋਂ ਪਿਛੋਂ ਬਾਣੀ ਦੇ ਹੁੰਦਿਆਂ ਹੋਰ ਦੇਹ ਧਾਰੀ ਗੁਰੂਆਂ ਦਾ ਹੋਣਾ ਖਾਸ ਪ੍ਰਯੋਜਨ ਲਈ ਸੀ ਜੋ ਦਸਵੇਂ ਪਾਤਸ਼ਾਹ ਨੇ ਪੂਰਨ ਕਰਕੇ ਇਹ ਸਿਲਸਿਲਾ ਬੰਦ ਕਰ ਦਿਤਾ ।

ਸ਼ੰਕਾ—ਜਿਸ ਤਰ੍ਹਾਂ ਬਾਣ, ਵਹੇਂਦੜ ਅਤੇ ਨਿਸ਼ਾਨਾ ਅੜੋ ਅੜੀ ਤਿੰਨ ਪਦਾਰਥ ਹਨ, ਉਸੇਤਰ੍ਹਾਂ ਗੁਰੂ ਸ਼ਬਦ ਅਤੇ ਸਿੱਖ ਤਿੰਨ ਅੜੋ ਅੱੜੀ ਹਨ । ਇਸ ਲਈ ਗੁਰੂ ਅਤੇ ਗੁਰੂ ਦਾ ਸ਼ਬਦ ਭਿੰਨ ਹਨ । ਜੇ ਅਭੇਦ ਮੰਨੋ ਤਾਂ ਉਹ ਅਭੇਦ ਜੇਕਰ ਸਮੁੰਦਰ ਅਤੇ ਨਦੀ ਦੀ ਤਰ੍ਹਾਂ ਹੈ ਤਾਂ ਦੋਹਾਂ ਵਿਚੋਂ ਇਕ ਹੀ ਬਾਕੀ ਰਹਿਣਾ ਚਾਹੀਏ । ਅਰਥਾਤ ਜੇ ਗੁਰੂ ਵਿਚ ਬਾਣੀ ਦਾ ਅੰਤਰ ਭਾਵ ਮੰਨੋ ਤਾਂ ਬਾਣੀ ਦੀ ਲੋੜ ਨਹੀਂ ਜੇ ਬਾਣੀ ਵਿਚ ਗੁਰੂ ਦਾ ਅੰਤਰ ਭਾਵ ਮੰਨੋ ਤਾਂ ਭੀ ਠੀਕ ਨਹੀਂ । ਕਿਉਂਕਿ

Digitized by Panjab Digital Library | www.panjabdigilib.org

ਬਾਣੀ ਗੁਰੂ ਦਾ ਗੁਣ ਹੋਣ ਕਰਕੇ ਉਸ ਵਿਚ ਗੁਣੀ (ਗੁਰੂ) ਦਾ ਅੰਤਰ ਭਾਵ ਹੋ ਨਹੀਂ ਸਕਦਾ। ਸੋ ਗੁਰੂ ਬਿਨਾਂ ਬਾਣੀ ਤਾਂ ਨਹੀਂ ਰਹਿ ਸਕਦੀ ਅਤੇ ਬਾਣੀ ਬਿਨਾਂ ਗੁਰੂ ਰਹਿ ਸਕਦਾ ਹੈ ਇਸ ਲਈ ਬਾਣੀ ਅਤੇ ਗੁਰੂ ਦਾ ਅਭੇਦ ਨਹੀਂ।

ਉਤਰ—ਬਾਣ ਅਤੇ ਵਹੇਂਦੜ ਦਾ ਦ੍ਰਿਸਟਾਂਤ ਵਿਖਮ ਹੋਣ ਕਰਕੇ ਇਥੇ ਨਹੀਂ ਘਟਦਾ, ਕਿਉਂਕਿ ਬਾਣ ਅਤੇ ਵਹੇਂਦੜ ਦਾ ਪ੍ਰਸਪਰ "ਸੰਜੋਗ" ਸਬੰਧ ਅੰਤਰਗਤਿ 'ਕਰਤਾ-ਕਰਣ' ਭਾਵ ਸੰਬੰਧ ਹੈ ਅਤੇ ਗੁਰੂ ਅਤੇ ਬਾਣੀ ਦਾ 'ਸ੍ਰੂਪ ਸੰਬੰਧ' ਹੋਣ ਕਰਕੇ ਕਿਸੇ ਸਮੇਂ ਭੀ ਇਹ ਦੋਵੇਂ ਭਿੰਨ ਨਹੀਂ ਹੋ ਸਕਦੇ। ਅਰਥਾਤ ਜਿਵੇਂ ਜਲ ਅਤੇ ਰਸ, ਅਥਵਾ ਅਗਨੀ ਅਤੇ ਦਾਹ ਕਿਸੇ ਸਮੇਂ ਭੀ ਸ੍ਰੂਪ ਕਰਕੇ ਦੋ ਨਹੀਂ ਹਨ ਏਵੇਂ ਹੀ ਗੁਰੂ ਅਤੇ ਬਾਣੀ ਸਰੂਪ ਤੇ ਦੋ ਨ ਹੋਣ ਕਰਕੇ ਬਾਣੀ ਹੀ ਗੁਰੂ ਹੈ ਜੋ ਸਮੁੰਦਰ ਵਿਖੇ ਨਦੀ ਦੇ ਅਭੇਦ ਵਿਚ ਸਮੁੰਦਰ ਵਿਖੇ ਨਦੀ ਦਾ ਅੰਤਰ ਭਾਵ ਕਿਹਾ, ਸੋ ਭੀ ਨਦੀ ਅਤੇ ਸਮੁੰਦਰ ਦੀ ਉਪਾਧੀ ਛਡਕੇ ਦੋਹਾਂ ਪਾਣੀਆਂ ਦਾ ਜੇ ਅਭੇਦ ਆਖੋ ਤਾਂ ਸਾਨੂੰ ਇਸ਼ਟ ਹੀ ਹੈ, ਕਿਉਂਕਿ ਅਸੀਂ ਤਾਂ ਇਹੋ ਆਖਦੇ ਹਾਂ ਕਿ ਜਿਸ ਤਰ੍ਹਾਂ ਸਮੁੰਦਰ ਅਤੇ ਨਦੀ ਇਹ ਦੋ ਉਪਾਧੀਆਂ ਛਡਕੇ ਦੋਹਾਂ ਪਾਣੀਆਂ ਦੀ ਏਕਤਾ ਹੈ, ਉਸੇ ਤਰ੍ਹਾਂ ਗੁਰੂ ਦਾ ਦੇਹ ਰਹਿਤ ਵਿਆਪਕ ਰੂਪ ਅਤੇ ਦੇਹ ਵਾਲਾ ਪਰਿਛਿੰਨ ਰੂਪ ਦੋ ਉਪਾਧੀਆਂ ਕਰਕੇ ਅਭੇ ਅਭੀ ਹੈ ਜੋਤਿ ਕਰਕੇ ਵਾਸਤਵਿਕ ਰੂਪ ਇਕੋ ਹੀ ਹੈ ਅਤੇ ਜੋ ਬਾਣੀ ਵਿਚ ਗੁਰੂ

Digitized by Panjab Digital Library | www.panjabdigilib.org

ਦਾ ਅੰਤਰ ਭਾਵ ਨਾ ਹੋਣਾ ਅਤੇ ਗੁਰੂ ਬਿਨਾਂ ਬਾਣੀ ਦੀ ਅਣਹੋਂਦ ਕਹੀ । ਸੋ ਭੀ ਤੱਤ ਦੀ ਵਿਚਾਰ ਅਤੇ ਸਿਧਾਂਤ ਵਲੋਂ ਅਗਿਆਨ ਹੋਣ ਕਰਕੇ ਆਖਿਆ । ਅਰਥਾਤ ਤੱਤ ਦ੍ਰਿਸ਼ਟੀ ਨਾਲ ਤਾਂ ਬਾਣੀ ਅਤੇ ਗੁਰੂ ਇਕੋ ਹੀ ਹਨ, ਕਿਉਂਕਿ ਬਾਣੀ ਬਿਨਾਂ ਗੁਰੂ ਹੋਵੇਗਾ ਹੀ ਕੀ ? ਦੇਹ ਨੇ ਤਾਂ ਕੋਈ ਗੁਰੂ ਬਣਾ ਹੀ ਨਹੀਂ ਦੇਣਾ, ਬਲਕਿ ਬਾਣੀ ਤਾਂ ਗੁਰੂ ਦੀ ਦੇਹ ਤੋਂ ਬਿਨਾਂ ਭੀ ਅੱਖਰਾਂ ਦੇ ਸੰਕੇਤਾਂ ਵਿਚ ਰਹਿ ਸਕਦੀ ਹੈ । ਮਗਰ ਬਾਣੀ ਸੂੰਨ ਕੋਈ ਭੀ ਹਸਤੀ ਗੁਰੂ ਨਹੀਂ ਕਹਾ ਸਕਦੀ ਅਤੇ ਸਭ ਦੀ ਪੰਜ ਭੌਤਿਕ ਦੇਹ ਨਾਸਵਾਨ ਹੈ । ਮਗਰ ਬਾਣੀ ਅਬਯਕਤ (ਸੂਖਮ) ਸਰੂਪ ਵਿਚ ਅਬਿਨਾਸੀ ਹੈ । ਇਸੇ ਲਈ ਸਾਡੇ ਸਿਧਾਂਤਾਂ ਵਿਚ ਗੁਰਾਂ ਦਾ ਅਬਿਅਕਤ ਅਤੇ ਬਿਅਕਤ ਸਰੂਪ ਬਾਣੀ ਹੀ ਹੈ, ਕਿਉਂਕਿ ਗੁਰੂ ਅਤੇ ਬਾਣੀ ਦਾ ਗੁਣ-ਗੁਣੀ ਭਾਵ ਸਬੰਧ ਨਹੀਂ, ਬਲਕਿ 'ਸਹਿਜ ਸਬੰਧ' ਹੋਣ ਕਰਕੇ "ਗੁਰੂ ਬਿਨਾਂ ਬਾਣੀ ਨਹੀਂ ਰਹਿ ਸਕਦੀ" ਬਾਣੀ ਬਿਨਾਂ ਗੁਰੂ ਹੈ ਹੀ ਨਹੀਂ, ਤਾਂਤੇ "ਬਾਣੀ ਬਿਨਾਂ ਗੁਰੂ ਰਹਿ ਸਕਦਾ ਹੈ" ਇਹ ਆਖਣਾ ਮੂਰਖਤਾ ਹੈ।

ਸ਼ੰਕਾ—ਭਾਵੇਂ ਬਾਣੀ ਜਾਂ ਗੁਰੂ ਗਿਆਨ ਦਾ ਹੀ ਪ੍ਰਕਾਸ਼ ਕਰਿਆ ਕਰਦਾ ਹੈ । ਮਗਰ ਉਹ ਬਾਣੀ ਜਦੋਂ ਤਕ ਦੇਹ ਵਾਲਾ ਮਨੁਖ ਨ ਬੋਲੇ ਓਦੋਂ ਤਕ ਉਸ ਤੋਂ ਕਿਸੇ ਨੂੰ ਗਿਆਨ ਨਹੀਂ ਹੋ ਸਕਦਾ। ਜੇ ਕਹੋ ਕਿ ਬਾਣੀ 'ਸੁੰਪ੍ਰਕਾਸ਼' ਹੋਣ ਕਰਕੇ ਸਾਈਨ ਬੋਰਡ ਦੀ ਤਰ੍ਹਾਂ ਪਤਰਾਂ

Digitized by Panjab Digital Library | www.panjabdigilib.org

ਤੇ ਲਿਖੀ ਹੋਈ ਆਪ ਹੀ ਬੋਧ ਕਰਾ ਦਿੰਦੀ ਹੈ। ਤਾਂ ਵੀ ਠੀਕ ਨਹੀਂ। ਕਿਉਂਕਿ ਉਸ ਨੂੰ ਸੁਣਾਉਣ ਵਾਲਾ ਭੀ ਕੋਈ ਦੇਹਧਾਰੀ ਚਾਹੀਦਾ ਹੈ।

ਉੱਤਰ—ਕੀ ਉਸ ਨੂੰ ਸਮਝਾਉਣ ਵਾਲਾ ਦੇਹਧਾਰੀ ਆਪ ਭੀ ਸੁਜਾਖਾ ਚਾਹੀਦਾ ਹੈ ਕਿ ਅੰਨ੍ਹਾਂ ? ਜੇ ਅਨ੍ਹਾਂ ਕਹੋ ਤਾਂ ਠੀਕ ਨਹੀਂ। ਜੇ ਸੁਜਾਖਾ ਕਹੋ ਤਾਂ ਦੋਸ਼ ਰਹਿਤ ਅੱਖਾਂ ਤੇ ਜਿਹਬਾ ਵਾਲਾ ਜਾਂ ਦੁਸ਼ਟ ਇੰਦਰੀਆਂ ਵਾਲਾ ? ਜੇ ਦੋਸ਼ ਰਹਿਤ ਕਹੋ ਤਾਂ ਭੀ ਅੰਧੇਰੇ ਵਿਚ ਰਖੀ ਪੁਸਤਕ ਜਾਂ ਸਾਈਨ ਬੋਰਡ ਨੂੰ ਪੜ੍ਹਾਉਣ ਵਾਲਾ ਜਾਂ ਚਾਨਣੇ ਰਖਿਆਂ ਨੂੰ ? ਜੇ ਚਾਨਣੇ ਰਖਿਆਂ ਨੂੰ ਦਸਣ ਵਾਲਾ ਆਖੋ ਤਾਂ ਇਹ ਦਸੋ ਕਿ ਉਹ ਆਪ ਉਨ੍ਹਾਂ ਦਾ ਗਿਆਤਾ ਚਾਹੀਏ ਜਾਂ ਅਗਿਆਨੀ। ਜੇ ਗਿਆਨੀ ਕਹੋ ਤਾਂ ਵਿਕਲਪ ਹੁੰਦਾ ਹੈ ਕਿ ਉਸ਼ ਗਿਆਨੀ ਨੇ ਹੋਰ ਕਿਸੇ ਕੋਲੋਂ ਇਹ ਪੜ੍ਹਿਆ ਹੈ ਕਿ ਆਪਣੇ ਆਪ ਤੋਂ ? ਜੇ ਕਹੋ ਆਪਣੇ ਆਪ ਤੋਂ ਤਾਂ ਜਿਸ ਤਰ੍ਹਾਂ ਉਹ ਗਿਆਨ ਪ੍ਰਾਪਤ ਕਰ ਲਿਆ ਤਾਂ ਦੂਜਾ ਕਿਉਂ ਨਹੀਂ ਪ੍ਰਾਪਤ ਕਰ ਸਕਦਾ। ਜੇ ਕਰ ਸਕਦਾ ਹੈ ਤਾਂ ਦੇਹਧਾਰੀ ਦੀ ਕ। ਲੋੜ ਰਹੀ ? ਜੇ ਕਹੋ ਕਿ ਉਸ ਨੇ ਭੀ ਅਗੋਂ ਦੇਹਧਾਰੀ ਕੋਲੋਂ ਹੀ ਸਿਖਿਆ ਹੈ ਤਾਂ ਫੇਰ ਵਿਕਲਪ ਹੁੰਦਾ ਹੈ ਕਿ ਉਸ ਨੇ ਭੀ ਪਾਠ ਹੀ ਸਿਖਿਆ ਹੈ ਕਿ ਅਰਥ ਭੀ ? ਜੇ ਕਹੋ ਅਰਥ ਭੀ, ਤਾਂ ਫੇਰ ਪ੍ਰਸ਼ਨ ਹੁੰਦਾ ਹੈ ਕਿ ਉਹ ਅਰਥ ਕਿਸੇ ਸੰਕੇਤ ਨਾਲ ਸਿਖਿਆ ਹੈ ਜਾਂ ਬਿਨਾਂ ਸੰਕੇਤ ? ਜੇ ਕਹੋ ਬਿਨਾਂ ਸੰਕੇਤ, ਤਾਂ ਸਭਨਾਂ ਪਾਠਾਂ ਦੇ ਸਭ ਹੀ ਅਰਥ ਹੋ ਜਾਣਗੇ। ਜੇ

Digitized by Panjab Digital Library | www.panjabdigilib.org

ਕਹੋ ਸੰਕੇਤ ਨਾਲ, ਤਾਂ ਵਿਕਲਪ ਹੁੰਦਾ ਹੈ ਕਿ ਸਿਖ੍ਯਕ ਦੇ ਸੰਕੇਤ ਨਾਲ ਸਿਖਿਆ ਹੈ ਕਿ ਆਪਣੇ ਸੰਕੇਤ ਨਾਲ ? ਜੇ ਕਹੋ ਆਪਣੇ ਸੰਕੇਤ ਨਾਲ ਤਾਂ ਫੇਰ ਦੂਜੇ ਕੋਲੋਂ ਪੜ੍ਹਣ ਦੀ ਕੀ ਲੋੜ ਰਹੀ ? ਜੇ ਕਹੋ ਬਕਤਾ ਦੇ ਸੰਕੇਤ ਨਾਲ ਤਾਂ ਫੇਰ ਪ੍ਰਸ਼ਨ ਹੁੰਦਾ ਹੈ ਕਿ ਉਹ ਸੰਕੇਤ ਉਸਦਾ ਭੀ ਆਪਨਾ ਹੈ ਯਾ ਪਰੰਪਰਾ ਤੋਂ ਕਿਵੇਂ ਉਸ ਨੂੰ ਪਹੁੰਚਿਆ ਹੈ ? ਜੇ ਕਹੋ ਉਸ ਦਾ ਆਪਨਾ ਹੈ ਤਾਂ ਉਸ ਤੋਂ ਉਪਰ ਦੇਹ ਧਾਰੀਆਂ ਦੀ ਸੰਪ੍ਰਦਾਇ ਬੰਦ ਹੋ ਗਈ। ਜੇ ਕਹੋ ਉਸ ਨੂੰ ਭੀ ਕਿਤੋਂ ਆਇਆ ਹੈ। ਤਾਂ ਉਹ ਸੰਕੇਤ ਉਸ ਦੀ ਆਪਣੀ ਬੁਧੀ ਦੀ ਘਾੜਤ ਹੈ ਜਾਂ ਉਸ ਬਾਣੀ ਦਾ ਹੀ ਪ੍ਰਕਾਸ਼ ਵਿਸ਼ੇਸ਼ ਹੈ ਜੋ ਉਸ ਨੂੰ ਕਿਤੋਂ ਮਿਲੀ ਹੈ ? ਜੇ ਕਹੋ ਆਪਣੀ ਹੀ ਘਾੜਤ ਹੈ ਤਾਂ ਹਰੇਕ ਆਦਮੀ 'ਬਿਨਾਂ ਕਿਸੇ ਦੇਹ ਧਾਰੀ ਦੇ' ਆਪਣੇ ਗਿਆਨ ਲਈ ਸੰਕੇਤ ਕਰ ਸਕਦਾ ਹੈ। ਜੇ ਕਹੋ ਉਹ ਸੰਕੇਤ ਉਸ ਬਾਣੀ ਜਾਂ ਗਿਆਨ ਦੁਆਰਾ ਹੀ ਪ੍ਰਾਪਤ ਹੋਏ ਹਨ ਤਾਂ ਪ੍ਰਸ਼ਨ ਹੁੰਦਾ ਹੈ ਕਿ ਉਨ੍ਹਾਂ ਸੰਕੇਤਾਂ ਦਾ ਉਸ ਬਾਣੀ ਜਾਂ ਗਿਆਨ ਨਾਲ ਕੀ ਸਬੰਧ ਹੈ ? ਭਾਵ ਉਨ੍ਹਾਂ ਦਾ ਪਰਸਪਰ ਸ੍ਵਰੂਪ ਸਬੰਧ ਹੈ ਜਾਂ ਸੰਜੋਗ; ਅਥਵਾ ਜਨਜ ਜਨਕ ਭਾਵ ? ਜੋ ਸ੍ਵਰੂਪ ਆਖੋ ਤਾਂ ਸਿੱਧ ਹੋਇਆ ਕਿ ਬਾਣੀ ਆਪ ਹੀ ਸ੍ਵੈਪ੍ਰਕਾਸ਼ ਹੋਣ ਕਰਕੇ ਆਪਣੇ ਸੰਕੇਤਾਂ ਨਾਲ ਸ੍ਰੋਤੇ ਨੂੰ ਆਪ ਹੀ ਗਿਆਨ ਕਰਾਉਂਦੀ ਹੈ। ਜੇ ਬਾਣੀ ਅਤੇ ਸੰਕੇਤ ਦਾ ਸੰਜੋਗ ਸਬੰਧ ਕਹੋ ਤਾਂ ਇਹ ਦੋਵੇਂ ਦ੍ਰਵਯ ਨਾ ਹੋਣ ਕਰਕੇ ਇਨ੍ਹਾਂ ਦਾ ਸੰਜੋਗ ਕਹਿਣਾ ਨਹੀਂ ਬਣ ਸਕਦਾ। ਜੇ ਕਹੋ ਕਿ

Digitized by Panjab Digital Library | www.panjabdigilib.org

ਬਾਣੀ ਤੋਂ ਸੰਕੇਤ ਪੈਦਾ ਹੋਣ ਕਰਕੇ ਉਹਨਾਂ ਦਾ ਜਨਯ ਜਨਕ ਭਾਵ ਸਬੰਧ ਹੈ ਤਾਂ ਇਹਦਾ ਇਹ ਭਾਵ ਹੈ ਕਿ ਸੰਕੇਤਾਂ ਤੋਂ ਪਹਿਲਾਂ ਬਾਣੀ ਹੋਣ ਕਰਕੇ ਬਿਨਾਂ ਹੀ ਸੰਕੇਤ ਦੇ ਬਾਣੀ ਦਾ ਪ੍ਰਕਾਸ਼ ਹੁੰਦਾ ਹੈ। ਇਸ ਤਰਾਂ ਕਿਸੇ ਭੀ ਬਾਣੀ ਤੋਂ ਕੋਈ ਭੀ ਅਰਥ ਪ੍ਰਕਾਸ਼ ਨਹੀਂ ਹੋ ਸਕੇਗਾ। ਜੇ ਕਹੋ ਕਿ ਸੰਕੇਤ ਹੀ ਬਾਣੀ ਦੇ ਪ੍ਰਤਿਪਾਦਕ ਹਨ। ਤਾਂ ਬਾਣੀ ਤੋਂ ਪਹਿਲਾਂ ਸੰਕੇਤ ਸਿੱਧ ਹੋਣ ਕਰਕੇ ਸੰਕੇਤ ਹੀ ਗਿਆਨ ਪ੍ਰਕਾਸ਼ਕ ਹਨ। ਦੋਹ ਤਾਂ ਐਵੇਂ ਤ੍ਰੁਨ ਹੀ ਹੋਈ। ਨਾਲੇ ਏਸ ਤਰ੍ਹਾਂ ਦੇ ਸੁਤੰਤ੍ਰ ਸੰਕੇਤ ਬਾਣੀ ਤੋਂ ਨਿਰਪੇਖਕ ਅਤੇ ਨਿਰਵਿਸ਼ਯਕ ਹੋਣ ਕਰਕੇ ਬਿਲਕੁਲ ਅਲੀਕ ਬਣ ਜਾਣਗੇ। ਇਸ ਲਈ ਹੁਣ ਸੋਚਕੇ ਦਸੋ ਬਾਣੀ ਅਤੇ ਉਸ ਦੇ ਸੰਕੇਤਾਂ ਦਾ ਆਪੋ ਵਿੱਚੀ ਕੀ ਸੰਬੰਧ ਹੈ ? ਜੇ ਕਹੋ ਕਿ ਪਰਸਪਰ ਸਮਾਨ ਕਾਲਿਕ ਹੋਣ ਕਰਕੇ ਦੋਵੇਂ ਪਰਸਪਰ ਪ੍ਰਤਿਪਾਦਯ ਅਤੇ ਪ੍ਰਤਿਪਾਦਿਕ ਹਨ ਤਾਂ 'ਅਨਯੋਅਨਯਆਸ੍ਰਿਤ' ਦੋਸ਼ ਆਵੇਗਾ। ਤਾਂਤੇ ਸਾਫ ਸਿੱਧ ਹੋਇਆ ਕਿ ਸੰਕੇਤ ਬਾਣੀ ਦਾ ਸਹਜ ਹੋਣ ਕਰਕੇ ਬਾਣੀ ਨਾਲ ਉਨ੍ਹਾਂ ਦਾ 'ਸਹਜ' ਸਬੰਧ ਹੈ। ਅਰਥਾਤ ਜਦ ਤੋਂ ਬਾਣੀ ਹੈ ਉਦੋਂ ਤੇ ਹੀ ਉਸ ਦੇ ਨਿਜ ਰੂਪ ਵਿਚ ਆਪਣੇ ਸੰਕੇਤ ਭੀ ਹਨ। ਅਤੇ ਜਦ ਤੋਂ ਸੰਕੇਤ ਹਨ ਉਦੋਂ ਤੇ ਉਹ ਆਪ ਭੀ ਬਾਣੀ ਰੂਪ ਹੀ ਹਨ। ਇਸ ਪ੍ਰਕਰਣ ਦਾ ਸਾਰ ਇਹ ਹੈ ਕਿ ਸ੍ਵੈ ਪ੍ਰਕਾਸ਼ ਬਾਣੀ ਆਪਣੇ ਸੰਕੇਤਾਂ ਨਾਲ ਆਪ ਹੀ ਸ੍ਰੋਤੇ ਦੇ ਹਿਰਦੇ ਵਿਚ ਆਪਣਾ ਪ੍ਰਕਾਸ਼ ਕਰਦੀ ਹੈ। ਤਾਂਤੇ ਆਪਣੇ ਰੂਪ ਦਾ ਸਾਖਿਆਤ ਗਿਆਨ ਕਰੌਣ

Digitized by Panjab Digital Library | www.panjabdigilib.org

ਵਾਲੀ ਬਾਣੀ ਹੀ "ਗੁਰੂ" ਹੋ ਸਕਦੀ ਹੈ। ਉਸ ਨੂੰ ਪ੍ਰਤਿਅਖ ਕਰਨ ਵਾਲੇ, ਸਮਝਣ ਵਾਲੇ ਅਤੇ ਬੋਲਣ ਜਾਂ ਸੁਣਾਉਣ ਵਾਲੇ ਤਾਂ ਉਸ ਦੀ ਪ੍ਰਗਟਤਾ ਵਿਚ ਆਗੰਤੁਕ (ਇਤਫਾਕੀਆ) ਕਾਰਣ ਹਨ ਅਤੇ ਨਿਯਮਤ ਕਾਰਣ ਤਾਂ ਉਸ ਦੇ ਆਪਣੇ ਸੰਕੇਤ ਹੀ ਹਨ ਜੋ ਕਿ ਉਸਦੇ ਆਪਣੇ ਰੂਪਾਂਤਰ ਹਨ। ਭਾਵ ਉਹ ਗੁਰੂ ਰੂਪ ਦੀ ਪ੍ਰਗਟਤਾ ਦੇ ਸਾਧਨ ਹਨ। ਇਸ ਲਈ ਬਾਣੀ ਜਾਂ ਗਿਆਨ ਬਿਨਾਂ ਕੋਈ ਗੁਰੂ ਸਿੱਧ ਨਹੀਂ ਹੁੰਦਾ ਅਤੇ ਗਿਆਨ ਨਾਲ ਦੇਹ ਦਾ 'ਸ੍ਰੈ ਸੰਜੁਗਤ ਸਹਜ' ਸਬੰਧ ਹੈ। ਇਸ ਲਈ ਦੇਹ "ਗਿਆਨ ਰੂਪ ਗੁਰੂ" ਪਦ ਦੀ ਅਧਿਕਾਰੀ ਨਹੀਂ ਹੋ ਸਕਦੀ ਅਤੇ ਗਿਆਨ ਦੀ ਕੋਈ ਦੇਹ ਨਾ ਹੋਣ ਕਰਕੇ ਗਿਆਨ ਰੂਪ ਨੂੰ ਦੇਹ ਦੀ ਹਾਜਿਤ ਨਹੀਂ।

ਸ਼ੰਕਾ—'ਗੁ' ਅਨ੍ਹੇਰੇ ਦਾ ਨਾਮ ਹੈ ਅਤੇ 'ਰੂ' ਦਾ ਅਰਥ ਪ੍ਰਕਾਸ਼ ਕਰਨ ਵਾਲਾ ਹੈ। ਸੋ ਅਨ੍ਹੇਰੇ ਵਿਚ ਚਾਨਣ ਕਰਨ ਵਾਲਾ ਅਰਥਾਤ ਗਿਆਨ ਕਰੌਣ ਵਾਲਾ 'ਗੁਰੂ' ਕੋਈ ਪੁਸਤਕ ਨਹੀਂ ਹੋ ਸਕਦੀ, ਕਿਉਂਕਿ ਉਹ ਆਪਣੇ ਆਪ ਬੋਲ ਨਹੀਂ ਸਕਦੀ। ਤਾਂਤੇ ਪੁਸਤਕ ਵਿਚ ਭਾਵੇਂ ਕਿੰਨਾ ਹੀ ਗਿਆਨ ਕਿਉਂ ਨਾ ਹੋਵੇ, ਉਸ ਨੂੰ ਦੱਸਣ ਵਾਲਾ ਕੋਈ ਦੇਹ ਧਾਰੀ ਜ਼ਰੂਰ ਚਾਹੀਦਾ ਹੈ ਓਹੀ "ਗੁਰੂ" ਹੈ।

ਉਤਰ—ਪ੍ਰਕਾਸ਼ ਕਰਨਾ ਹੋਰ ਗੱਲ ਹੈ ਨਾ ਬੋਲਣਾ ਹੋਰ ਕੁਝ ਹੈ ਅਤੇ ਦੇਹ ਵਾਲਾ ਹੋਣਾ ਕੁਝ ਹੋਰ ਗੱਲ ਹੈ। ਅਰਥਾਤ ਇਥੇ "ਪ੍ਰਕਾਸ਼" ਦਾ ਭਾਵ ਦੀਵੇ ਆਦੀ ਦਾ

Digitized by Panjab Digital Library | www.panjabdigilib.org

ਪ੍ਰਕਾਸ਼ ਅਥਵਾ ਦੀਵੇ ਨਾਲ ਪ੍ਰਕਾਸ਼ ਕਰਨਾ ਨਹੀਂ ਹੈ। ਕਿੰਤੂ ਗਿਆਨ ਦਾ ਪ੍ਰਕਾਸ਼ ਹੈ। ਸੋ ਗਿਆਨ ਦਾ ਪ੍ਰਕਾਸ਼ ਭੀ ਪੂਰੀ ਤਰ੍ਹਾਂ ਗਿਆਨ ਹੀ ਕਰ ਸਕਦਾ ਹੈ ਅਥਵਾ ਗਿਆਨ ਰੂਪ ਜੋਤਿ ਕਰਿ ਸਕਦੀ ਹੈ। ਜੋ (ਦੀਵੇ ਵਾਂਗ) ਕਿਸੇ ਕੋਲੋਂ ਗਿਆਨ ਲੈਕੇ ਪ੍ਰਕਾਸ਼ ਕਰਦਾ ਹੈ, ਉਹ ਭੀ ਠੀਕ ਪ੍ਰਕਾਸ਼ਕ ਨਾ ਹੋਣ ਕਰਕੇ ਗੁਰੂ ਨਹੀਂ ਬਣ ਸਕਦਾ। ਗਿਆਨ ਅਥਵਾ ਗਿਆਨ ਜੋਤਿ ਚਾਹੇ ਕਿਸੇ ਤਰ੍ਹਾਂ ਪ੍ਰਕਾਸ਼ ਕਰੇ ਪ੍ਰਕਾਸ਼ਕ ਓਹੀ ਕਹਾਵੇਗੀ, ਜਿਸ ਤਰ੍ਹਾਂ ਇਕ ਬਾਰ ਕਸੋਰੇ ਵਿਚ ਪਾਇਆ ਦੁੱਧ ਗੜਵੇ ਵਿਚ ਪੌਣ ਤੋਂ ਬੇਦੁੱਧ ਨਹੀਂ ਹੋ ਜਾਂਦਾ ਅਤੇ ਉਸ ਵਿਚ ਪਾਇਆ ਕੋਈ ਵਧੀਆ ਦੁਧ ਨਹੀਂ ਬਣ ਜਾਂਦਾ, ਉਸੇ ਤਰ੍ਹਾਂ ਗੁਰੂ ਜੋਤਿ ਦੇਹ-ਧਾਰਨ ਤੋਂ ਪਹਿਲਾਂ ਭੀ ਗੁਰੂ ਹੀ ਸੀ ਅਤੇ ਦੇਹ ਧਾਰੀ ਹੋਣ ਨਾਲ ਵੈਸੀ ਹੀ ਰਹਿ ਸਕਦੀ ਹੈ। ਅਰਥਾਤ ਏਸ ਤਰ੍ਹਾਂ ਕਰਨ ਨਾਲ ਉਸਦਾ ਹੋਰ ਲੱਛਣ ਨਹੀਂ ਬਣ ਜਾਂਦਾ ਅਤੇ ਨਾ ਹੀ ਕੋਈ ਦੇਹ 'ਗੁਰੂ ਜੋਤਿ ਧਾਰਨ' ਤੋਂ ਪਿਛੋਂ 'ਦੇਹ ਲਛਣ' ਤੋਂ ਰਹਿਤ ਹੋ ਜਾਂਦੀ ਹੈ ਅਤੇ ਨਾ ਹੀ ਗੁਰੂ ਬਣ ਜਾਂਦੀ ਹੈ। ਏਸੇ ਤਰ੍ਹਾਂ ਦੇਹ ਧਾਰੀ ਹੋਕੇ ਭੀ 'ਗੁਰੂ ਜੋਤਿ' ਲਈ ਬੋਲਣਾ ਜਾਂ ਨ ਬੋਲਣਾ ਦੋਵੇਂ ਗੱਲਾਂ ਜ਼ਰੂਰੀ ਨਹੀਂ, ਕਿਉਂਕਿ ਜੇ ਬੋਲਣਾ ਗੁਰੂ ਦਾ ਲੱਛਣ ਜ਼ਰੂਰੀ ਹੋਵੇ ਤਾਂ ਉਹਨਾਂ ਨੂੰ ਹਰ ਸਮੇਂ ਬੋਲਦੇ ਹੀ ਰਹਿਣਾ ਚਾਹੀਦਾ ਹੈ ਅਤੇ ਜੇ ਨ ਬੋਲੇ ਤਾਂ ਗੁਰੂ ਪਣੇ ਤੋਂ ਰਹਿਤ ਹੋ ਜਾਣਾ ਚਾਹੀਦਾ ਹੈ। ਨਾਲੇ ਏਸ ਸੂਰਤ ਵਿਚ ਉਸ ਦੀ ਦੇਹ ਅਤੇ ਕਾਗਜ਼ ਦੀ ਪੁਸਤਕ ਵਿਚ ਗਿਆਨ

Digitized by Panjab Digital Library | www.panjabdigilib.org

ਦੇ ਪ੍ਰਯੋਜਨ ਨਾਲ ਕੀ ਵਾਧਾ ਘਾਟਾ ਹੈ ? ਕਿਉਂਕਿ ਜੇ ਕੇਵਲ ਦੇਹ ਹੀ ਲੋੜਾਂਦੀ ਹੈ ਤਾਂ ਉਹ ਸਾਰਿਆਂ ਦੇ ਕੋਲ ਹੈ। 'ਗੁਰੂ ਦੇਹ' ਦੀ ਕੀ ਵਿਸ਼ੇਸ਼ਤਾ ਰਹੇਗੀ ? ਬਲਕਿ 'ਨ ਬੋਲਣ ਵਾਲੀ ਗੁਰੂ ਦੇਹ' ਨਾਲੋਂ ਤਾਂ ਪੁਸਤਕ ਹੀ ਚੇਤੰਨ ਹੈ ਜੋ ਸਿਖੇ ਹੋਏ ਅਥਵਾ ਸਿਖਣ ਵਾਲੇ ਨੂੰ ਅਪਣਾ ਭਾਵ ਸਮਝਾ ਦਿੰਦੀ ਹੈ ਜਿਹੜਾ ਕਿ ਉਸਦੇ ਸੰਕੇਤਾਂ ਦੇ ਮਗਰ ਲਗੇ। ਜੇ ਕਹੋ ਕਿ ਗੁਰੂ ਦੇਹ ਵਾਲਾ ਭੀ ਹੈ ਅਤੇ ਬੋਲਕੇ ਗਿਆਨ ਭੀ ਕਰਾਉਂਦਾ ਹੈ ਤਾਂ ਭੀ ਇਹ ਨਿਯਮ ਨਹੀਂ ਕਿ ਉਹ ਅਪਣਾ ਗਿਆਨ 'ਬੋਲਕੇ ਹੀ' ਕਰਾਵੇ ਅਤੇ ਕਰਤੱਬਯ ਆਦੀ ਦੁਆਰਾ ਨ ਕਰਾਵੇ ਅਤੇ ਇਹ ਭੀ ਜ਼ਰੂਰੀ ਨਹੀਂ ਕਿ ਕੋਈ ਆਦਮੀ ਨਿਯਮ ਕਰਕੇ ਉਹਨਾਂ ਦੇ ਕਥਨ ਕਰਤੱਬ ਨੂੰ ਠੀਕ ਠੀਕ ਸਮਝ ਸਕੇ ਭਾਵੇਂ ਉਹ ਦੇਹ ਨਾਲ ਹੀ ਆਪਣਾ ਗਿਆਨ ਕਥਨ ਕਰਨ ਅਤੇ ਹਰੇਕ ਮਨੁੱਖ ਉਨ੍ਹਾਂ ਨੂੰ ਬੁਲਾ ਨਹੀਂ ਸਕਦਾ। ਸਮਝਣ ਵਾਲਾ ਭੀ ਉਹਨਾਂ ਦੇ ਨਿਜ ਸੰਕੇਤ (ਨਿਯਮ) ਨੂੰ ਜਾਣੇ ਬਿਨਾਂ ਸਮਝ ਨਹੀਂ ਸਕਦਾ, ਇਸਤੋਂ ਸਿੱਧ ਹੋਇਆ ਕਿ ਪੁਸਤਕ ਭਾਵੇਂ ਆਪਣੇ ਆਪ ਨਹੀਂ ਬੋਲਦਾ, ਮਗਰ ਦੇਹ ਧਾਰੀ ਗੁਰੂ ਦੀ ਤਰ੍ਹਾਂ ਹੀ ਸੰਕੇਤ ਜਾਨਣ ਵਾਲੇ ਨੂੰ ਆਪਣਾ ਪੂਰਾ ਗਿਆਨ ਕਰਾ ਦਿੰਦਾ ਹੈ, ਬਲਕਿ ਕਿਸੇ ਦੀ ਦੇਹ ਸਦਾ ਤਾਂ ਕੀ ਰਹਿਣੀ ਸੀ ਬਾਹਲਾ ਚਿਰ ਭੀ ਨਹੀਂ ਰਹਿ ਸਕਦੀ ਅਤੇ ਉਸਦੀ ਇੰਨ ਬਿੰਨ ਨਕਲ ਭੀ ਨਹੀਂ ਹੋ ਸਕਦੀ ਅਤੇ ਬਾਹਲੇ ਥਾਈਂ ਇਕ ਸਮੇਂ ਜਾ ਭੀ ਨਹੀਂ ਜਾ ਸਕਦੀ। ਮਗਰ ਪੁਸਤਕ ਇਕ ਐਸੀ ਹਸਤੀ ਹੈ ਜੋ ਸਦਾ ਰਹਿ ਸਕਦੀ ਹੈ, ਏਸ ਤਰ੍ਹਾਂ ਇਕ ਸਮੇਂ ਹਰੇਕ ਦੇ ਹੱਥ

Digitized by Panjab Digital Library | www.panjabdigilib.org

ਵਿਚ ਰਹਿਕੇ ਜਦ ਕੋਈ ਚਾਹੇ ਪ੍ਰਕਾਸ਼ ਕਰ ਸਕਦੀ ਹੈ।

ਹੋਰ ਭੀ ਹੈ–ਵਸਤੂ ਦੇ ਸ੍ਵਰੂਪ ਜਾਂ ਸ੍ਵਭਾਵ ਅਨੁਸਾਰ ਹੀ ਉਸ ਦਾ ਕਾਰਯ ਹੁੰਦਾ ਹੈ, ਜੇ ਕੋਈ ਉਸਦੇ ਸਰੂਪ ਤੋਂ ਉਲਟ ਕਾਰਜ ਕਰਾਇਆ ਲੋੜੇ ਜਾਂ ਸਮਝੇ ਤਾਂ ਉਸ ਕੰਮ ਦਾ ਨਾ ਹੋ ਸਕਣਾ ਉਸ ਵਸਤੂ ਵਿਚ ਔਗਣ ਨਹੀਂ ਕਿਹਾ ਜਾਂਦਾ।। ਬਲਕਿ ਉਸ ਆਦਮੀ ਦੀ ਮੂਰਖਤਾ ਹੈ ਜੋ ਉਸਦੇ ਸ੍ਵਭਾਵ ਤੋਂ ਉਲਟ ਕੰਮ ਭਾਲਦਾ ਹੈ। ਦੇਖੋ, ਅਕਾਲ ਪੁਰਖ ਸਰਬ ਸ਼ਕਤੀਮਾਨ ਹੁੰਦਾ ਹੋਇਆ ਭੀ ਮਰ ਨਹੀਂ ਸਕਦਾ। ਕਿਉਂਕਿ ਉਹ ਨਿੱਤ ਹੈ। ਤਾਂ ਭੀ ਉਸ ਦੇ ਨਾ ਮਰ ਸਕਣ ਵਿਚ ਨਿੱਤਤਾ ਅਵਗਣ ਨਹੀਂ ਫੇਰ ਉਸ ਦੀ ਦੇਹ ਨਾ ਹੋਣ ਕਰਕੇ ਬੋਲਦਾ ਚਲਦਾ ਅਤੇ ਖਾਂਦਾ ਪੀਂਦਾ ਭੀ ਨਹੀਂ। ਤਾਂ ਕੀ ਉਸ ਨੂੰ ਤੁਸੀਂ ਬੀਮਾਰ ਆਖੋਗੇ ? ਜਾਂ ਉਸ ਦੇ ਥਾਂ ਕੋਈ ਹੋਰ ਰੱਬ ਥਾਪੋਗੇ – ਅਤੇ ਕਈ ਲੋਕ ਉਸ ਨੂੰ ਨਿੰਦਦੇ ਹਨ। ਬਲਕਿ ਉਸ ਦੀ ਹਸਤੀ ਤੋਂ ਭੀ ਇਨਕਾਰੀ ਹੋਕੇ ਉਸ ਦੇ ਵਿਰੁਧ ਪ੍ਰਚਾਰ ਕਰਦੇ ਹਨ। ਅਤੇ ਉਹ ਆਪਣੇ ਨਿਯਮ ਤੋਂ ਬਿਨਾਂ ਉਨ੍ਹਾਂ ਨੂੰ ਕੁਝ ਨਹੀਂ ਕਹਿੰਦਾ। ਤਾਂ ਕੀ ਤੁਸੀਂ ਉਸ ਨੂੰ ਬੋਲਾ, ਅੰਨ੍ਹਾ ਅਥਵਾ ਜੜ੍ਹ ਕਹੋਗੇ ?

ਇਸੇ ਤਰ੍ਹਾਂ ਜਦੋਂ ਗੁਰੂ "ਗਿਆਨ ਸ੍ਵਰੂਪ" ਸੰਕੇਤਾਂ ਦੇ ਆਪਣਾ 'ਗਿਆਨ ਪ੍ਰਕਾਸ਼' ਰੂਪ ਕਾਰਜ ਨਹੀਂ ਕਰਦਾ। ਤਾਂ ਕੀ ਉਸ ਨੂੰ ਕੇਵਲ ਪੁਸਤਕ ਦੇ ਆਕਾਰ ਵਿਚ ਔਣ ਤੇ ਹੀ ਜੜ੍ਹ ਬਣਾ ਦਿਉਗੇ ? ਇਸ ਲਈ "ਗਿਆਨ ਸਰੂਪ" ਗੁਰੂ ਜੋਤਿ ਨਿਯਮ ਬਿਨਾਂ ਨਾ ਬੋਲਦੀ ਹੋਈ ਭੀ

Digitized by Panjab Digital Library | www.panjabdigilib.org

ਜੜ੍ਹ ਨਹੀਂ ਠਹਿਰ ਸਕਦੀ । ਕਿੰਤੂ ਚੇਤਨ ਲੱਛਣ ਵਾਲੀ ਹੀ ਹੈ ।

ਜੇ ਪੁਸਤਕ ਦੇ ਬਣਾਉਣ ਜਾਂ ਸਮਝਾਉਣ ਵਾਲਾ ਹੀ ਗੁਰੂ ਬਣ ਜਾਂਦਾ ਹੈ ਤਾਂ ਕਿਸੇ ਇਸਤ੍ਰੀ ਦੇ ਪਤੀ ਵਲੋਂ ਘੱਲੀ ਹੋਈ ਚਿੱਠੀ ਪੜ੍ਹਕੇ ਸੁਣਾਉਣ ਵਾਲਾ ਉਸ ਦਾ ਪਤੀ ਬਣ ਜਾਣਾ ਚਾਹੀਦਾ ਹੈ । ਭਾਵੇਂ ਉਸ ਦਾ ਪੁਤ ਹੀ ਕਿਉਂ ਨਾ ਹੋਵੇ । ਜੇ ਕਹੋ ਕਿ ਏਸ ਤਰ੍ਹਾਂ ਤਾਂ ਗੁਰੂ ਗਿਆਨ ਭੀ ਅਕਾਲ ਪੁਰਖ ਦਾ ਗਿਆਨ ਹੀ ਹੈ । ਉਸ ਨੂੰ ਸੁਣਾਉਣ ਵਾਲੇ ਗੁਰਾਂ ਨੂੰ 'ਗੁਰੂ' ਕਿਉਂ ਮੰਨਦੇ ਹੋ ? ਤਾਂ ਉਤਰ ਇਹ ਹੈ ਕਿ ਸਾਡੇ ਮਤਿ ਵਿਚ ਤਾਂ ਗੁਰੂ ਅਤੇ ਅਕਾਲ ਪੁਰਖ ਦਾ ਸੂਰਜ ਅਰ ਕਿਰਣ ਦੀ ਨਿਆਈਂ ਮੁਖ ਅਭੇਦ ਹੈ । ਅਰਥਾਤ ਅਕਾਲ ਪੁਰਖ ਹੀ ਆਪਣਾ ਗਿਆਨ ਪ੍ਰਕਾਸ਼ਣ ਲਈ "ਗੁਰੂ" ਰੂਪ ਵਿਚ ਪ੍ਰਗਟ ਹੋਇਆ ਹੈ ।

ਕੀ ਆਪ ਦੀ ਚਿੱਠੀ ਪੜ੍ਹਨ ਵਾਲਾ ਪੁਤ੍ਰ ਭੀ ਪਿਉ ਹੀ ਹੈ ?

ਸ਼ੰਕਾ:—ਜੇ ਕਹੋ ਕਿ ਸਾਡਾ ਭਾਵ ਇਹ ਹੈ । ਕਿ ਗੁਰੂ ਉਪਦੇਸ਼ ਨੂੰ ਇੰਨ ਬਿੰਨ ਸੁਨਾਉਣ ਵਾਲੇ ਸਿਖ ਅਤੇ ਗੁਰੂ ਦਾ ਕੋਈ ਭੇਦ ਨਹੀਂ ਪਰਤੀਤ ਹੁੰਦਾ । ਇਸ ਲਈ ਉਸ ਨੂੰ ਗੁਰੂ ਹੀ ਮੰਨਣਾ ਠੀਕ ਹੈ । ਤਾਂ ਅਸੀਂ ਆਖਦੇ ਹਾਂ ਕਿ ਪਿਤਾ ਦੀ ਮੌਜੂਦਗੀ ਅਥਵਾ ਨਾ ਮੌਜੂਦਗੀ ਵਿਚ ਜੇ ਕੋਈ ਵੱਡਾ ਭਰਾ ਛੋਟੇ ਦੀ ਪਾਲਣਾ ਇੰਨ ਬਿੰਨ ਪਿਤਾ ਵਾਂਗ ਕਰਦਾ ਹੋਵੇ ਤਾਂ ਉਸ ਨੂੰ ਤੁਸੀਂ ਪਿਉ ਮੰਨ

Digitized by Panjab Digital Library | www.panjabdigilib.org

ਲਵੋਗੇ ? ਫੇਰ ਜੇ ਉਹ ਇਹ ਆਖੇ ਕਿ ਮੈਂ ਤਾਂ ਏਸ ਬਾਲਕ ਦਾ ਭਾਈ ਹਾਂ, ਪਿਤ੍ਰ ਨਹੀਂ। ਤਦ ਤੁਸੀਂ ਉਸ ਨੂੰ ਬਦੋ ਬਦੀ ਪਿਤ੍ਰ ਹੀ ਬਣਾ ਦਿਓਗੇ ? ਜੇ ਨਹੀਂ ਤਾਂ ਗੁਰੂ ਉਪਦੇਸ਼ ਸੁਣਾਉਣ ਵਾਲੇ ਸਿਖ ਨੂੰ ਕੇਹੜੀ ਦਲੀਲ ਨਾਲ ਗੁਰੂ ਥਾਪੀ ਜਾਂਦੇ ਹੋ?

ਸ਼ੰਕਾ:-ਗੁਰੂ ਗ੍ਰੰਥ ਸਾਹਿਬ ਜੀ ਆਦਿਕ ਧਰਮ ਪੁਸਤਕ ਦੀ ਓਹੋ ਜਿਹੀ ਦੇਹ ਨਹੀਂ ਜੈਸੀ ਕਿ ਮਨੁੱਖ ਦੀ ਹੁੰਦੀ ਹੈ। ਇਸ ਲਈ ਉਸ ਤੋਂ ਉਤਨਾ ਲਾਭ ਨਹੀਂ ਹੁੰਦਾ।

ਉੱਤਰ:-ਮਨੁੱਖ ਦੀ ਜੋਤਿ ਭੀ ਓਹੋ ਜਿਹੀ ਨਹੀਂ ਹੁੰਦੀ ਜਿਹੋ ਜਿਹੀ "ਗੁਰੂ" ਦੀ ਹੁੰਦੀ ਹੈ ਅਤੇ ਦੇਹਾਂ ਤਾਂ ਕੇਵਲ ਜੋਤਾਂ ਦੇ ਆਧਾਰ ਲਈ ਹੀ ਹੁੰਦੀਆਂ ਹਨ। ਉਨ੍ਹਾਂ ਦਾ ਪ੍ਰਯੋਜਨ ਹੋਰ ਕੋਈ ਨਾ ਹੋਣ ਕਰਕੇ ਸਭ ਦੀ ਸਮਾਨਤਾ ਹੀ ਹੁੰਦੀ ਹੈ। ਭਾਵੇਂ ਪ੍ਰਗਟ ਤੌਰ ਤੇ ਵਖੋ ਵਖ ਹੀ ਹੋਣ। ਜੇ ਆਪ ਦਾ ਗੁਰੂ ਦੀ ਦੇਹ ਨਾਲ ਹੀ ਪ੍ਰਯੋਜਨ ਹੈ ਤਾਂ ਆਪ ਦੇ ਮਤ ਵਿਚ ਦੇਹ ਹੀ ਗਿਆਨ ਪ੍ਰਕਾਸ਼ਣ ਦਾ ਕਾਰਣ ਹੋਣ ਕਰ ਕੇ ਮਰੇ ਹੋਏ ਗੁਰੂ ਦੀ ਦੇਹ ਨੂੰ ਹੀ ਸੰਭਾਲ ਕੇ ਰਖ ਛਡਿਆ ਕਰੋ। ਫੇਰ ਪਤਾ ਲਗ ਜਾਵੇਗਾ ਕਿ ਦੇਹ ਚੰਗੀ ਹੈ ਕਿ ਬਾਣੀ। ਜੇ ਉਪਦੇਸ਼ ਤਾਈਂ ਗਰਜ਼ ਹੈ ਤਾਂ ਸੁਣਾਉਣ ਵਾਲਾ ਭਾਵੇਂ ਗੁਰੂ ਹੋਵੇ ਭਾਵੇਂ ਸਿਖ ਮਸਤ ਹੋਕੇ ਸੁਣੀ ਜਾਓ। ਅਰਥਾਤ ਇਹ ਜ਼ਰੂਰੀ ਨਹੀਂ ਕਿ ਸੁਣਾਉਣ ਵਾਲਾ ਗੁਰੂ ਹੀ ਮੰਨਿਆ ਜਾਵੇ।

ਅਥਵਾ-ਤੁਹਾਡੇ ਸੁਣਾਉਣ ਲਈ ਗੁਰੂ ਹੀ ਦੇਹ ਧਾਰਨ ਕਰੇ। ਇਸ ਲਈ ਦੇਹ ਧਾਰਨਾ ਨਿਸਪ੍ਰਯੋਜਨ ਹੈ।

Digitized by Panjab Digital Library / www.panjabdigilib.org

ਸ਼ੰਕਾ:–ਗੁਰੂ ਜੋਤਿ ਸਦਾ ਜੀਊਂਦੀ ਜਾਗਦੀ ਚਾਹੀਦੀ ਹੈ। ਏਸ ਕਰਕੇ ਗੁਰੂ ਬਾਣੀ ਵਿਚ ਸਦਾ ਜੀਂਵਦੇ ਪੁਰਖ ਨੂੰ ਗੁਰੂ ਧਾਰਨ ਦੀ ਸਿਖਿਆ ਦਿਤੀ ਗਈ ਹੈ। ਜਦੋਂ ਦੇਹ ਤੋਂ ਬਿਨਾਂ ਗੁਰੂ ਮੰਨਿਆ ਜਾਵੇਗਾ ਤਾਂ ਉਹ 'ਮਰ ਚੁਕਿਆ' ਕਿਸ ਤਰ੍ਹਾਂ ਗੁਰੂ ਕਹਾਵੇਗਾ ? ਅਤੇ ਉਸ ਤੋਂ ਕੀ ਲਾਭ ਹੋਵੇਗਾ ? ਤਾਂਤੇ ਜੀਂਵਦਾ ਅਰਥਾਤ ਦੇਹਧਾਰੀ ਹੀ ਗੁਰੂ ਮੰਨਣਾ ਚਾਹੀਏ। ਜੇ ਕਹੋ ਕਿ ਗੁਰੂ ਸਦਾ ਅੰਗ ਸੰਗ ਹਨ ਤਾਂ ਇਹ ਭੀ ਠੀਕ ਨਹੀਂ ਕਿਉਂਕਿ ਦੇਹ ਕਰਕੇ ਤਾਂ ਅੰਗ ਸੰਗ ਹੀ ਨਹੀਂ। ਕੇਵਲ ਆਪ ਦੀ ਭਾਵਨਾ ਹੈ ਜੋ ਕਿ ਕਲਪਿਤ ਹੈ। ਅਰਥਾਤ ਏਸ ਤਰ੍ਹਾਂ ਜੇ ਕੋਈ ਆਖ ਦੇਵੇ ਕਿ ਮੇਰਾ ਮਰਿਆ ਹੋਇਆ ਪਿਤਾ ਭੀ ਮੇਰੇ ਅੰਗ ਸੰਗ ਹੈ ਤਾਂ ਅੰਗ ਸੰਗ ਦਾ ਰਹਿਣਾ ਬੇ-ਨਿਯਮਾਂ ਹੋ ਜਾਏਗਾ। ਜਿਸ ਲਈ ਦੇਹ ਵਾਲਾ ਜੀਉਂਦਾ ਪੁਰਖ ਹੀ ਨਿੱਤ ਅਥਵਾ ਰੂਪ ਤੇ ਗੁਰੂ ਮੰਨਣਾਂ ਠੀਕ ਹੈ।

ਉੱਤਰ–ਕੀ ਤੁਸੀਂ ਦੇਹ ਨੂੰ ਹੀ ਜੀਊਂਦੀ ਜਾਗਦੀ ਸਮਝਦੇ ਹੋ ਜਾਂ ਦੇਹ ਵਿਚ ਰਹਿੰਦੀ ਜੋਤਿ ਨੂੰ ? ਅਥਵਾ ਦੇਹ ਵਿਚ ਔਣ ਜਾਣ ਵਾਲੀ ਨੂੰ ਸਮਝਦੇ ਹੋ ? ਸੋ ਭੀ ਆਵਾਗਵਣ ਵਿਚ ਸਦਾ ਆਉਣ ਜਾਣ ਵਾਲੀ ਜੋਤ ਗੁਰੂ ਹੈ ? ਜਾਂ ਕਦੇ ਕਦਾਈਂ ਨਿਮਿੱਤ ਅਥਵਾ ਲੀਲਾ ਕਰਕੇ ਔਣ ਵਾਲੀ ਜਿਉਂਦੀ ਜਾਗਦੀ ਨੂੰ ਗੁਰੂ ਜੋਤਿ ਸਮਝਦੇ ਹੋ ? ਜੇ ਦੇਹ ਨੂੰ ਹੀ ਜਿਉਂਦੀ ਸਮਝਦੇ ਹੋ ਤਾਂ ਮਰਨ ਤੋਂ ਪਿਛੋਂ ਉਸ ਨੂੰ ਜੱਫੀ ਪਾਕੇ ਕਿਉਂ ਨਹੀਂ

Digitized by Panjab Digital Library / www.panjabdigilib.org

ਰੱਖ ਲੈਂਦੇ ? ਜਿਸ ਕਰਕੇ ਬਾਰ ਬਾਰ ਨਵਾਂ ਦੇਹਧਾਰੀ ਗੁਰੂ ਧਾਰਨ ਦੀ ਮੁਸੀਬਤ ਹੱਟ ਜਾਵੇ। ਜੇ ਦੇਹ ਵਿਚ ਰਹਿਣ ਵਾਲੀ ਅਤੇ ਬਾਰ ਬਾਰ ਨਿਕਲ ਜਾਣ ਵਾਲੀ ਦੀ ਭਾਲ ਕਰਦੇ ਹੋ ਤਾਂ ਉਹੋ ਜਿਹੀ ਹੋਰ ਜਿਓਂਦੀ ਟੋਲੋਗੇ ਨਾ ? ਜੈਸੀ ਅੱਗੇ ਟੋਲੀ ਸੀ। ਅਰਥਾਤ ਜਿਵੇਂ ਆਪ ਦੀ ਮੰਨੀ ਹੋਈ ਦੇਹ ਵਾਲੀ ਜੋਤਿ ਅਗੇ ਜਿਉਂਦੀ ਨਹੀਂ ਰਹੀ ਉਹ ਹੁਣ ਕਿਵੇਂ ਰਹੇਗੀ ? ਜੇ ਕਿਸੇ ਖਾਸ ਨਿਮਿੱਤ ਤੇ ਪ੍ਰਗਟ ਹੋਣ ਵਾਲੀ ਸਦਾ ਸਲਾਮਤ ਜੋਤਿ ਨੂੰ ਜਿਉਂਦੀ ਜਾਗਦੀ ਸਮਝ ਕੇ ਗੁਰੂ ਮੰਨੋ ਤਾਂ ਭੀ ਇਕ ਬਾਰ ਪ੍ਰਗਟ ਹੋਕੇ ਪੂਰਨ ਗਿਆਨ ਪ੍ਰਕਾਸ਼ ਕਰ ਗਈ ਜੋਤਿ ਨੂੰ ਗੁਰੂ ਮੰਨੋਗੇ ? ਜਾਂ ਬਿਆਪਕ ਨੂੰ ? ਜੇ ਵਿਆਪਕ ਨੂੰ ਕਹੋ ਤਾਂ ਠੀਕ ਨਹੀਂ ਕਿਉਂਕਿ ਜਿਸ ਤਰ੍ਹਾਂ ਵਿਆਪਕ ਅਗਨੀ ਤੋਂ ਕੋਈ ਲਾਭ ਨਹੀਂ ਪਹੁੰਚਦਾ ਉਸੇ ਤਰ੍ਹਾਂ ਵਿਆਪਕ ਜੋਤਿ ਤੋਂ ਭੀ ਕੁਝ ਨਹੀਂ ਹੋ ਸਕਦਾ। ਜੇ ਪ੍ਰਗਟ ਹੋਏ ਰੂਪ ਨੂੰ ਕਹੋ ਤਾਂ ਉਹ ਸਦਾ ਲਈ ਰਿਹਾ ਨਹੀਂ ਕਰਦਾ। ਜੇ ਕਹੋ ਕਿ ਓਸਾ ਰੂਪ ਕਿਸੇ ਨਿਮਿੱਤ ਤੋਂ ਪ੍ਰਗਟ ਹੋਇਆ ਹੀ "ਗੁਰੂ" ਮੰਨਿਆ ਜਾਵੇਗਾ। ਤਾਂ ਪ੍ਰਸ਼ਨ ਹੁੰਦਾ ਹੈ ਕਿ ਉਹ ਜੋਤਿ ਅਗੇ ਕਦੇ ਪ੍ਰਗਟ ਹੋਈ ਹੈ ਜਾਂ ਨਹੀਂ ? ਜੇ ਕਹੋ ਹੋਈ ਹੈ। ਤਾਂ ਉਸ ਨੇ ਆਪਣਾ ਗਿਆਨ ਪ੍ਰਕਾਸ਼ਿਆ ਹੈ ਕਿ ਨਹੀਂ ? ਜੇ ਕਹੋ ਪ੍ਰਕਾਸ਼ਿਆ ਹੈ ਤਾਂ ਉਸਦਾ ਫੇਰ ਬਾਰ ੨ ਪ੍ਰਗਟ ਹੋਣ ਦਾ ਕੀ ਪ੍ਰਯੋਜਨ ਹੈ ? ਜੇ ਕਹੋ ਕਦੇ ਪ੍ਰਗਟ ਨਹੀਂ ਹੋਈ ਤਾਂ ਇਉਂ ਕਿਉਂ ਕਿਹੰਦੇ ਹੋ ਕਿ ਪਹਿਲੇ ਤੋਂ ਲੈਕੇ ਭੀ ਗੁਰੂ ਜੋਤਿ

Digitized by Panjab Digital Library | www.panjabdigilib.org

ਪ੍ਰਗਟ ਹੁੰਦੀ ਆਈ ਹੈ। ਜੇ ਕਹੋ ਕਿ ਜਿਵੇਂ ਪੁਰਾਤਨ ਸਮੇਂ ਤੋਂ ਗੁਰੂ ਜੋਤਿ ਪ੍ਰਗਟ ਹੁੰਦੀ ਆਈ ਹੈ ਹੁਣ ਭੀ ਉਸੇ ਤਰ੍ਹਾਂ ਪ੍ਰਗਟਣ ਦੀ ਲੋੜ ਹੈ ਤਾਂ ਪ੍ਰਸ਼ਨ ਹੁੰਦਾ ਹੈ ਕਿ ਬਾਰ ੨ ਪ੍ਰਗਟ ਹੋ ਕੇ ਗਿਆਨ ਪ੍ਰਕਾਸ਼ਦੀ ਹੋਈ ਭੀ ਕੋਈ ਗੁਰੂ ਜੋਤਿ ਆਪਣੇ ਕਾਰਜ ਵਿਚ ਕਿਉਂ ਨਾ ਸਫਲ ਹੋਈ ? ਅਤੇ ਏਸੇ ਤਰ੍ਹਾਂ ਅਗਾਹਾਂ ਨੂੰ ਪ੍ਰਗਟਣ ਵਾਲੀ ਭੀ ਕਿਸ ਤਰ੍ਹਾਂ ਸਫਲ ਹੋ ਸਕਦੀ ਹੈ। ਜੇ ਕਹੋ ਕਿ ਭੁਲੀ ਦੁਨੀਆਂ ਨਾ ਜੰਮਨੋਂ ਹਟੀ ਨਾ ਗੁਰੂ ਜੋਤਿ ਔਣੋਂ ਹਟੀ। ਅਰਥਾਤ ਜਿਸ ਤਰ੍ਹਾਂ ਹੋਰ ਦੁਨੀਆਂ ਜੰਮਦੀ ਮਰਦੀ ਰਹੀ। ਉਸੇ ਤਰ੍ਹਾਂ ਗੁਰੂ ਜੋਤਿ ਭੀ ਜੰਮਦੀ ਮਰਦੀ ਰਹੀ ਤਾਂ ਦੁਨੀਆਂ ਨਾਲੋਂ ਗੁਰੂ ਜੋਤਿ ਦਾ ਕੀ ਫਰਕ ਹੋਯਾ ? ਜੇ ਕਹੋ ਕਿ ਕਿਸੇ ਜੋਤਿ ਨੂੰ ਐਸਾ ਕੋਈ ਉਪਾਉ ਹੀ ਨਹੀਂ ਸੁਝਿਆ ਜਿਸ ਨਾਲ ਉਸ ਦਾ ਬਾਰ ੨ ਪ੍ਰਗਟ ਹੋਣਾ ਮੁਕ ਜਾਂਦਾ। ਤਾਂ ਇਹ ਭੀ ਤੁਹਾਡੀ ਭੁੱਲ ਹੈ ਕਿਉਂਕਿ ਇਹ ਉਪਾਉ ਤਾਂ ਸਤਿਗੁਰੂ ਨਾਨਕ ਦੇਵ ਜੀ ਕਰ ਗਏ ਹਨ। ਅਰਥਾਤ ਆਪਣੀ ਗਿਆਨ ਰੂਪ ਜੋਤਿ ਸਦਾ ਲਈ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਸਰੂਪ ਵਿਚ ਅਤੇ ਦੇਹ "ਖਾਲਸਾ ਪੰਥ" ਦੇ ਰੂਪ ਵਿਚ ਪ੍ਰਗਟ ਕਰ ਗਏ ਹਨ। ਜੋ ਹੁਣ ਨਿਤ ਗੁਰੂ ਅਵਤਾਰ ਹਨ। ਸੋ ਜਿਸ ਤਰ੍ਹਾਂ ਸੂਰਜ ਦੀ ਹੋਂਦ ਦੀ ਉੱਲੂ ਨੂੰ ਪਰਤੀਤ ਨਹੀਂ ਆਉਂਦੀ, ਉਸੇ ਤਰ੍ਹਾਂ ਸ੍ਰੀ ਜਗਮਗ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਗੁਰੂ ਪੰਥ' ਦੇ ਹੁੰਦਿਆਂ ਭੀ ਅਨੁਭਵ

Digitized by Panjab Digital Library | www.panjabdigilib.org

ਹੀਣ ਨਿਭਾਗੇ ਪੁਰਸ਼ਾਂ ਨੂੰ ਜੇ ਵਿਸ਼ਵਾਸ ਨਾ ਆਵੇ ਤਾਂ ਕਿਸੇ ਦੇ ਕੀ ਵਸ ਹੈ ।

ਜੇ ਕਹੋ ਕਿ ਪਹਿਲੇ ਜੁਗਾਂ ਵਿਚ ਹੋਏ ਗੁਰਾਂ ਨੇ ਇਹ ਕੰਮ ਕਿਉਂ ਨਾ ਕੀਤਾ । ਤਾਂ ਇਸਦਾ ਸਪਸ਼ਟ ਉੱਤਰ ਇਹੋ ਹੈ ਕਿ ਉਹ ਗੁਰੂ ਹੀ ਨਹੀਂ ਸਨ । ਤੁਸੀਂ ਗੁਰੂ ਦੇ ਲੱਛਣ ਤੋਂ ਅਨਜਾਣ ਹੋਣ ਕਰ ਕੇ ਉਹਨਾਂ ਨੂੰ ਗੁਰੂ ਮੰਨੀ ਜਾਂਦੇ ਹੋ । ਅਤੇ "ਹਰਿ ਜੀਵਦਾ ਪੁਰਖ ਧਿਆਇਆ" ਇਤਆਦਿ ਪਰਮਾਣ ਭੀ ਆਪ ਦੇ ਵਿਰੁਧ ਹੀ ਹਨ । ਕਿਉਂਕਿ ਪੂਰਬੋਕਤ ਵਿਚਾਰ ਤੋਂ ਤਾਂ ਦੇਹ ਅਤੇ ਦੇਹ ਧਾਰੀ ਪੁਰਖ ਹੀ ਬਾਰ ਬਾਰ ਜੰਮਣ ਮਰਨ ਕਰਕੇ ਮਰੇ ਹੋਏ ਸਿੱਧ ਹੁੰਦੇ ਹਨ । ਅਤੇ "ਜੀਂਵਦਾ ਪੁਰਖ" ਇਕੋ ਵਾਹਿਗੁਰੂ ਹੈ । ਜਿਸ ਨੇ ਕਿ ਇਕੋ ਵਾਰ ਪ੍ਰਗਟ ਹੋਕੇ ਸਦਾ ਲਈ ਅਪਣਾ ਗਿਆਨ ਪਰਕਾਸ਼ ਕਰਕੇ ਆਪਣੀ ਜਿਊਂਦੀ ਜਾਗਦੀ ਜੋਤਿ ਦਾ ਸਬੂਤ ਦਿਤਾ । "ਸੋ ਗੁਰੂ ਕਰਿ ਪੁਰਖ ਅਜਨਮਾ" ਆਦਿ ਅਨੁਸਾਰ ਅਸੀਂ ਇਕੋ ਸਦੀਵੀ ਅਤੇ 'ਅਜਨਮ ਪੁਰਖ' ਨੂੰ ਹੀ ਗੁਰੂ ਮੰਨਦੇ ਹਾਂ। ਜਿਸਨੂੰ ਬਾਰ ਬਾਰ ਜਨਮ ਲੈਣ ਦੀ ਲੋੜ ਨਹੀਂ ਪੈਂਦੀ । ਜੇ ਤੁਸੀਂ ਇਹ ਆਖਦੇ ਹੋ ਕਿ ਗੁਰਾਂ ਦੀ ਦੇਹ ਨਾ ਹੋਣ ਕਰਕੇ ਉਹ ਅੰਗ ਸੰਗ ਨਹੀਂ ਰਹਿ ਸਕਦੇ । ਕੇਵਲ ਭਾਵਨਾ ਕਰਕੇ ਹੀ ਮੰਨ ਲੈਂਦੇ ਹੋ । ਇਸ ਲਈ ਨਿਤ ਅਵਤਾਰ ਅਰਥਾਤ ਦੇਹ ਧਾਰੀ ਗੁਰੂ ਨੂੰ ਮੰਨਣਾ ਚਾਹੀਦਾ ਹੈ ।" ਇਸ ਦਾ ਉੱਤਰ ਇਹ ਹੈ ਕਿ ਅਸੀਂ ਦੇਹ ਰਹਿਤ ਗੁਰੂ ਨੂੰ ਭਾਵਨਾ ਕਰਕੇ ਹੀ ਅੰਗ ਸੰਗ ਨਹੀਂ ।

Digitized by Panjab Digital Library | www.panjabdigilib.org

ਮੰਨਦੇ, ਕਿੰਤੂ 'ਗਿਆਨ ਰੂਪ ਜੋਤਿ ਪ੍ਰਕਾਸ਼' ਤਥਾ 'ਪ੍ਰਗਟ ਗੁਰਾਂ' ਦੁਆਰਾ ਨਿਜ ਰੂਪ ਕਰਕੇ ਥਾਪੇ ਗਏ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਅੰਗ ਸੰਗ ਅਤੇ ਪ੍ਰਤੱਖ ਗੁਰੂ ਮੰਨਦੇ ਹਾਂ। ਇਸ ਪਰ ਦਸਮੇ ਪਾਤਸ਼ਾਹ ਜੀ ਦੇ ਮੁਖਾਰ-ਬਿੰਦ ਤੋਂ ਫੁਰਮਾਈ ਹੋਈ ਅਤੇ ਭਾਈ ਮਨੀ ਸਿੰਘ ਜੀ ਦੀਆਂ ਸਾਖੀਆਂ ਵਿਚ ਲਿਖੀ ਹੋਈ ਇਕ ਰਵਾਇਤ ਹੈ ਕਿ "ਜੋ ਮੇਰੀ ਦੇਹ ਨਾਲ ਪਿਆਰ ਕਰਦੇ ਹਨ ਉਹ ਮੇਰੇ ਨਾਸ-ਵਾਨ ਰੂਪ ਨਾਲ ਪਿਆਰ ਕਰਦੇ ਹਨ ਅਤੇ ਜੋ ਸ਼ਬਦ ਨਾਲ ਪਿਆਰ ਕਰਦੇ ਹਨ ਉਹ ਮੇਰੇ ਅਬਿਨਾਸੀ ਅਤੇ ਸਦੀਵੀ ਰੂਪ ਦਾ ਸਾਖਿਅਤ ਕਰਦੇ ਹਨ।"

## ਜੁਗੋ ਜੁਗ ਪੀੜ੍ਹੀ

ਸ਼ੰਕਾ:—ਸ੍ਰੀ ਗੁਰੂ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਲਿਖਿਆ ਹੈ ਕਿ—"ਜੁਗ ਜੁਗ ਪੀੜੀ ਚਾਲੈ ਗੁਰ ਕੀ" ਤਥਾ—"ਜੁਗ ਜੁਗ ਧਰੈ ਗੁਰੁ ਅਵਤਾਰਾ" ਅਰਥਾਤ ਪਿਤਾ ਪੁੱਤ੍ਰ ਦੀ ਪੀੜ੍ਹੀ ਵਾਂਗ ਗੁਰਾਂ ਦੇ ਚੇਲੇ ਭੀ ਅਗੇ ਗੁਰੂ ਬਣਦੇ ਹੋਏ ਗੁਰੂ ਪੀੜ੍ਹੀ ਨੂੰ ਕਾਇਮ ਰਖਣਗੇ ਅਤੇ ਗੁਰਾਂ ਦਾ ਅਵਤਾਰ ਜੁਗ ੨ ਹੁੰਦਾ ਰਹੇਗਾ। ਸੋ ਇਨ੍ਹਾਂ ਵਾਕਾਂ ਦੇ ਹੁੰਦਿਆਂ ਗੁਰਾਂ ਦੇ ਹਰ ਵਕਤ ਅਵਤਾਰ ਹੋਣ ਦਾ ਕੋਈ ਖੰਡਨ ਨਹੀਂ ਕਰ ਸਕਦਾ।

ਉੱਤਰ:—ਇਨ੍ਹਾਂ ਪ੍ਰਮਾਣਾਂ ਦਾ ਭਾਵ ਇਹ ਨਹੀਂ ਕਿ ਗੁਰੂ ਬਾਰ ੨ ਦੇਹ ਧਾਰਦਾ ਰਹੇਗਾ ਕਿੰਤੂ "ਸਫਲ ਜਨਮ ਹਰਿ ਜਨਕਾ ਉਪਜਿਆ ਜਿਨ ਕੀਨੋ ਸਉਤ ਬਿਧਾਤਾ"

Digitized by Panjab Digital Library | www.panjabdigilib.org

ਅਰਥਾਤ ਗੁਰੂ ਅਕਾਲ ਪੁਰਖ ਦੇ ਪ੍ਰਤਿਨਿਧੀ (ਪੁੱਤ੍ਰ) ਗੁਰੂ ਅਵ-
ਤਾਰਦੇ ਸਫਲ ਜਨਮ ਹੋਣ ਤੋਂ ਵਾਹਿਗੁਰੂ ਸੰਤਾਨਵਾਲਾ ਹੋ ਗਿਆ।
ਨਹੀਂ ਤਾਂ ਉਸਦਾ ਆਸ਼ਾ ਪ੍ਰਗਟ ਨਾ ਹੋਣ ਕਰਕੇ ਉਸ ਦੀ ਸੰਤਾਨ
ਨਾ ਹੁੰਦੀ ਤਾਂ ਉਹ ਬੇ-ਔਲਾਦਾ ਹੀ ਰਹਿ ਜਾਂਦਾ। ਸੋ
"ਜੁਗ ਜੁਗ ਪੀੜੀ ਚਲੈ ਗੁਰੂ ਕੀ" ਦਾ ਭਾਵ ਇਹ ਹੈ
ਕਿ ਗੁਰੂ ਅਕਾਲ ਪੁਰਖ ਦੇ ਪ੍ਰਤਿਨਿਧੀ "ਗਿਆਨ ਰੂਪ
ਸ਼ਬਦ ਗੁਰੂ" ਦੇ ਸਦਾ ਸਲਾਮਤ ਥੀਣ ਤੋਂ ਉਸਦੀ
ਪੀੜ੍ਹੀ ਸਦਾ ਲਈ ਕਾਇਮ ਹੋ ਗਈ ਅਤੇ ਦਸਮੇਂ ਪਾਤ-
ਸ਼ਾਹ ਦਾ ਪੰਥ ਨੂੰ ਆਪਣਾ ਰੂਪ ਬਨਾਉਣਾ ਅਤੇ ਆਪ
ਉਸ ਵਿਚ ਪ੍ਰਵੇਸ਼ ਕਰਨਾ ਤੇ "ਖਾਲਸਾ ਮੇਰਾ ਰੂਪ ਹੈ ਖਾਸ॥
ਖਾਲਸੇ ਵਿਚ ਹਉ ਕਰੋ ਨਿਵਾਸ॥" ਆਦਿ ਵਾਕਾਂ ਦੁਆਰਾ
ਗੁਰੂ ਪੰਥ ਦੀ ਦੇਹ ਨੂੰ ਆਪਣੀ ਦੇਹ ਥਾਪ ਕੇ ਗੁਰੂ
ਪੀੜ੍ਹੀ "ਸਦਾ ਸਲਾਮਤ" ਅਤੇ "ਜੁਗ ਜੁਗ ਅਬਿਨਾਸੀ"
ਕਰ ਦੇਣਾ ਉਕਤ ਪ੍ਰਮਾਣ ਦਾ ਭਾਵ ਹੈ। ਸੋ ਏਸ
ਤੋਂ ਭੀ ਦੇਹਧਾਰੀ ਗੁਰਾਂ ਦੀ ਪਰੰਪਰਾ (ਲੜੀ) ਸਿੱਧ ਨਹੀਂ
ਹੁੰਦੀ। ਜੇ ਇਉਂ ਨਾ ਹੁੰਦਾ ਤਾਂ ਗੁਰੂ ਦਸਮੇ ਪਾਤਸ਼ਾਹ
ਜ਼ਰੂਰੀ ਕਿਸੇ ਸਿਖ ਨੂੰ ਗੁਰੂ ਪਦਵੀ ਦਿੰਦੇ।

ਸ਼ੰਕਾ:—ਆਪ ਦ ਕਥਨ ਤੋਂ ਇਹ ਮਾਲੂਮ ਹੋਇਆ
ਕਿ ਆਪ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਖਾਲਸਾ ਪੰਥ ਨੂੰ
ਭੀ ਗੁਰੂ ਮੰਨਦੇ ਹੋ ਜੋ ਕਿ ਠੀਕ ਨਹੀਂ, ਕਿਉਂਕਿ ਜਦੋਂ
ਬਾਣੀ ਗੁਰੂ ਹੋਈ ਤਾਂ "ਪੰਥ ਗੁਰੂ" ਮੰਨਣ ਦੀ ਕੀ ਲੋੜ
ਹੈ ? ਜੇ ਇਕੱਲੇ ਪੰਥ ਨੂੰ ਹੀ ਗੁਰੂ ਮੰਨੋ ਤਾਂ ਤੁਸੀਂ
ਦੇਹਧਾਰੀ ਗੁਰੂ ਵਾਲੇ ਸਿਧ ਹੋ ਗਏ, ਕਿਉਂਕਿ ਦੇਹਧਾਰੀਆਂ

Digitized by Panjab Digital Library | www.panjabdigilib.org

ਦਾ ਇਕੱਠ ਹੀ ਪੰਥ ਹੈ।

ਉਤਰ—ਜਿਸ ਤਰ੍ਹਾਂ ਦੇਹ ਸਹਿਤ ਹੁੰਦਿਆਂ ਸਤਿਗੁਰਾਂ ਦਾ ਆਤਮਾ ਅਥਵਾ ਜੋਤਿ 'ਸ਼ਬਦ' ਜਾਂ ਗਿਆਨ ਸੀ, ਉਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਹੋਇਆ ਸ਼ਬਦ ਜਾਂ ਗਿਆਨ ਉਨ੍ਹਾਂ ਦੀ ਆਤਮਾ ਅਥਵਾ ਜੋਤਿ ਹੈ ਅਤੇ ਉਨ੍ਹਾਂ ਦੇ ਸ਼ਬਦਾਤਮ ਸਰੂਪ ਨੂੰ ਪ੍ਰਕਾਸ਼ ਕਰਨ ਲਈ ਪੰਥ ਦੀ ਪੰਜ ਭੌਤਿਕ ਦੇਹ ਹੀ ਉਨ੍ਹਾਂ ਦੀ ਬਿਸ਼ਾਲ ਅਤੇ ਏ-ਹਦ ਦੇਹ ਹੈ ਅਤੇ ਪ੍ਰਛਿੰਨ ਦੇਹ ਗੁਰਾਂ ਦੇ ਨਿਜ ਸੰਕੇਤ ਦੁਆਰਾ ਪੰਥ ਵਿਚੋਂ ਪੰਜ ਪਿਆਰਿਆਂ ਦੀ ਦੇਹ ਹੈ, ਜੋ ਕਿ ਖਾਲਸਾ ਪੰਥ ਅਤੇ ਗੁਰੂ ਸਾਹਿਬ ਦੇ ਪ੍ਰਤਿਨਿਧੀ ਹਨ ਅਤੇ ਜਿਨ੍ਹਾਂ ਕਰਕੇ ਗੁਰਾਂ ਦੀ ਪੀੜ੍ਹੀ ਸਦਾ ਲਈ ਚਲਦੀ ਰਹੇਗੀ। ਭਾਵ—ਅਗ ਤਾਂ ਗੁਰਾਂ ਦੀ ਜੋਤਿ ਦਾ ਟਿਕਾਣਾ ਦੇਹ ਅਤੇ ਗਿਆਨ ਸਰੂਪ ਜੋਤਿ ਦੋਵੇਂ ਸੰਯੁਕਤ ਸਨ, ਹੁਣ ਉਨ੍ਹਾਂ ਦੀ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਹੈ ਅਤੇ ਅੰਮ੍ਰਿਤ ਸੰਸਕਾਰ ਦੁਆਰਾ ਦੀਵੇ ਤੋਂ ਦੀਵਾ ਜਗਣ ਵਾਂਗ ਸੰਸਕਾਰੀ ਹੋਈ ਪੰਜ ਪਿਆਰਿਆਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਿੰਨ ਭੀ ਉਨ੍ਹਾਂ ਦੀ ਦੇਹ ਹੀ ਹੈ ਤਾਕਿ ਗੁਰੂ ਗਿਆਨ ਦਾ ਪ੍ਰਕਾਸ਼ ਦੇਹਧਾਰੀ ਜਗਤ ਨੂੰ ਉਸਦੇ ਹੀ ਤਰੀਕੇ ਅਨੁਸਾਰ ਸਦਾ ਕਰਦੀ ਰਹੇ। ਇਸ ਲਈ ਦੋਹਾਂ ਰੂਪਾਂ ਦੀ ਲੋੜ ਪੂਰੀ ਹੋਣ ਲਈ ਦੋਵੇਂ ਰੂਪ ਮੰਨਣ ਯੋਗ ਹਨ। ਜੇਹੜਾ ਪੰਥ ਨੂੰ ਦੇਹਧਾਰੀ ਹੋਣ ਕਰਕੇ ਦੇਹਧਾਰੀ ਗੁਰੂ ਮੰਨਣ ਦੀ ਸ਼ੰਕਾ ਕੀਤੀ ਹੈ, ਸੋ ਭੀ ਠੀਕ ਨਹੀਂ

Digitized by Panjab Digital Library | www.panjabdigilib.org

ਕਿਉਂਕਿ ਏਸ ਤਰ੍ਹਾਂ ਕੋਈ ਭੀ ਇਕ ਸਜਣ ਦੇਹ ਵਾਲਾ ਗੁਰੂ ਨਹੀਂ ਹੋ ਸਕਦਾ। ਦੂਜੇ ਕੇਵਲ ਸਿੰਘਾਂ ਦੇ ਸਮੂ-ਦਾਯ ਨੂੰ ਹੀ ਗੁਰੂ ਪੰਥ ਨਹੀਂ ਆਖਿਆ ਜਾਂਦਾ। ਕਿੰਤੂ ਜਿਸ ਤਰ੍ਹਾਂ ਅਧਿਕਾਰੀ ਕੀਤੇ ਗਏ ਹੀ ਮੈਂਬਰਾਂ ਦਾ ਨਾਉਂ ਕੌਂਸਲ ਜਾਂ ਪੰਚਾਇਤ ਹੁੰਦਾ ਹੈ, ਉਸੇ ਤਰ੍ਹਾਂ ਜਣੇ ਕਣਿਆਂ ਦੀ ਦੇਹ ਦਾ ਇਕੱਠ ਪੰਥ ਨਹੀਂ। ਕਿੰਤੂ ਵਿਸ਼ੇਸ਼ ਸੰਕੇਤ ਦੁਆਰਾ ਸੰਸਕ੍ਰਿਤ ਹੋਏ ਹੋਏ ਵਰਗ ਦਾ ਨਾਉਂ ਹੀ ਗੁਰੂ ਪੰਥ ਹੈ। ਭਾਵ ਇਹ ਕਿ ਕੋਈ ਭੀ ਦੇਹ ਗੁਰੂ ਨਹੀਂ। "ਗੁਰੂ ਸੰਕੇਤਿਤ" ਪੰਚਾਇਤ ਹੀ "ਗੁਰੂ" ਪਦਵੀ ਦੀ ਮਾਲਿਕ ਹੈ।

ਪ੍ਰਸ਼ਨ—ਗੁਰੂ ਦਸਮੇਸ਼ ਜੀ ਨੇ ਅਪਨੇ ਪਿਛੋਂ ਕੋਈ ਦੇਹਧਾਰੀ ਗੁਰੂ ਕਿਉਂ ਨਾ ਬਨਾਇਆ ?

ਉੱਤਰ—ਉਹਨਾਂ ਦੀ ਮਰਜ਼ੀ ! ਕਿਉਂਕਿ ਉਹ ਆਪ ਸੁਤੰਤਰ ਸਨ।

ਪ੍ਰਸ਼ਨ—ਕੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਪਹਿਲਾਂ ਭੀ ਕੋਈ ਦੇਹਧਾਰੀ ਗੁਰੂ ਬਣਿਆ ਕਿ ਨਾ, ਜੇ ਨਹੀਂ ਬਣਿਆ ਤਾ ਪੰਚਮੇਂ ਪਾਤਸ਼ਾਹ ਤੋਂ ਮਗਰੋਂ ਦੂਜੇ ਸਾਹਿਬਾਂ ਦਾ ਗੁਰੂ ਹੋਣਾ ਕਿਉਂ ਸਿੱਧ ਹੈ। ਜੇ ਬਣਨਾ ਠੀਕ ਹੈ ਤਾਂ ਹੁਣ ਕਿਉਂ ਨਹੀਂ ਕੋਈ ਬਣ ਸਕਦਾ ?

ਉੱਤਰ—ਹਾਂ ! ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਹੋਣ ਤੋਂ ਪਿਛੋਂ ਭੀ ਕਈ ਸਾਹਿਬ ਗੁਰੂ ਬਣੇ, ਮਗਰ ਉਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਹੀਂ ਥਾਪਿਆ ਗਿਆ ਸੀ।

ਪ੍ਰਸ਼ਨ—ਫੇਰ ਗੁਰੂ ਦਸਮੇਸ਼ ਜੀ ਨੇ ਇਹ ਸਿਲਸਿਲਾ

Digitized by Panjab Digital Library | www.panjabdigilib.org

ਕਿਉਂ ਬੰਦ ਕੀਤਾ ?

ਉੱਤ੍ਰ–ਉਹਨਾਂ ਦੀ ਮਰਜ਼ੀ। ਨਾਲੇ ਦੇਹਧਾਰੀ ਗੁਰੂ ਹੋਣ ਦਾ ਕੁਝ ਪ੍ਰਯੋਜਨ ਭੀ ਨਾ ਸੀ।

ਪ੍ਰਸ਼ਨ–ਹੁਣ ਗੁਰੂ ਗ੍ਰੰਥ ਸਾਹਿਬ ਦੇ ਠੀਕ ਠੀਕ ਅਰਥ ਸਮਝਾਉਣ ਵਾਲਾ ਕੌਣ ਹੈ ?

ਉੱਤ੍ਰ–ਖਾਲਸਾ ਪੰਥ।

ਪ੍ਰਸ਼ਨ–ਜਦੋਂ ਖਾਲਸਾ ਪੰਥ ਭੀ ਗੁਰੂ ਹੈ ਤੇ ਗੁਰੂ ਗ੍ਰੰਥ ਸਾਹਿਬ ਭੀ ਗੁਰੂ ਹਨ ਤਾਂ ਇਹ ਦੋ ਗੁਰੂ ਕਿਉਂ ਹੋਏ ?

ਉੱਤ੍ਰ–ਗੁਰੂ ਗ੍ਰੰਥ ਸਾਹਿਬ ਤਾਂ ਸ਼ਬਦ ਰੂਪ (ਆਤਮਾ ਵਾਂਗ) ਤੋਂ ਗੁਰੂ ਹੈ ਅਤੇ ਉਹਨਾਂ ਦੀ ਆਗਿਆ ਵਿਚ ਬਿਧੀ ਦਾ ਉਪਦੇਸ਼ ਕਰਨ ਲਈ ਖਾਲਸਾ ਪੰਥ ਗੁਰਾਂ ਦੀ ਦੇਹ ਰੂਪ ਤੇ ਗੁਰੂ ਹੈ।

ਪ੍ਰਸ਼ਨ–ਜਦੋਂ ਪੰਥ ਭੀ ਗੁਰੂ ਹੈ ਤਾਂ ਉਹ ਸੁਤੰਤ੍ਰ ਹੋਣ ਕਰਕੇ ਮੁੜ ਦੇਹਧਾਰੀ ਦਾ ਸਿਲਸਿਲਾ ਨਹੀਂ ਤੋਰ ਸਕਦਾ ?

ਉੱਤ੍ਰ–ਬਿਲਕੁਲ ਨਹੀਂ, ਕਿਉਂਕਿ ਕੋਈ ਹਸਤੀ ਗੁਰੂ ਹੋ ਕੇ ਭੀ ਆਪਣੇ ਆਪ ਦੇ ਵਿਰੁਧ ਕੰਮ ਨਹੀਂ ਕਰ ਸਕਦੀ, ਨਾਲੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਧੀਨ ਹੀ ਪੰਥ ਗੁਰੂ ਹੈ, ਸੁਤੰਤ੍ਰ ਨਹੀਂ ਕਿਉਂਕਿ ਆਤਮਾ 'ਮੁਖ' ਅਤੇ ਦੇਹ ਉਸ ਤੋਂ ਸੱਤਾ ਸਫੁਰਤੀ ਲੈਣ ਵਾਲੀ ਹੋਣ ਕਰਕੇ ਅਧੀਨ ਹੀ ਹੋਇਆ ਕਰਦੀ ਹੈ।

ਸ਼ੰਕਾ–ਸੰਗਤ ਭੀ ਤਾਹੀਂ ਰਹਿ ਸਕਦੀ ਹੈ ਜੇ ਉਸਦਾ ਮਾਲਿਕ ਕੋਈ ਹੋਵੇ, ਇਸ ਲਈ ਸੰਗਤ ਪੰਜਾਂ ਦਾ ਇਕੱਠ ਨਹੀਂ, ਕਿੰਤੂ 'ਸਾਧ ਦੀ ਸੰਗਤ' ਅਤੇ 'ਗੁਰੂ ਕੀ ਸੰਗਤ'

Digitized by Panjab Digital Library | www.panjabdigilib.org

ਅਜਿਹੇ ਬਿਵਹਾਰ ਤੋਂ ਇਹੋ ਜਾਣਿਆਂ ਜਾਂਦਾ ਹੈ ਕਿ ਸੰਗਤ ਵਾਲਾ ਕੋਈ ਇਕ ਪੁਰਖ ਗੁਰੂ ਚਾਹੀਦਾ ਹੈ। ਜੇ ਸਿੰਘਾਂ ਦੇ ਇਕੱਠ ਨੂੰ 'ਸੰਗਤ' ਆਖੋ ਤਾਂ ਠੀਕ ਨਹੀਂ ਕਿਉਂਕਿ ਆਪ ਦੇ ਖਿਆਲ ਮੂਜਬ ਸੰਗਤ ਭੀ ਸੁਤੰਤ੍ਰ ਹੋਣੀ ਚਾਹੀਦੀ ਹੈ, ਮਗਰ ਪੰਜਾਂ ਸਿੰਘਾਂ ਦਾ ਇਕੱਠ ਤਾਂ ਉਨ੍ਹਾਂ ਦੇ ਅੰਦਰ ਹੀ ਹੈ, ਵਖਰਾ ਨਹੀਂ, ਇਸ ਲਈ ਸੰਗਤ ਤਦੋਂ ਹੀ ਗੁਰੂ ਬਣ ਸਕਦੀ ਹੈ ਜਦ ਕਿ ਉਹ ਸੁਤੰਤ੍ਰ ਹੋਵੇ ਉਸਦਾ ਮਾਲਿਕ ਕੋਈ ਇਕ ਗੁਰੂ ਭੀ ਚਾਹੀਏ ਜੋ ਉਸ ਤੋਂ ਵਖਰਾ ਹੋਵੇ।

ਉੱਤ੍ਰ—ਇਹ ਗੱਲ ਥੋਹੜੀ ਤੋਂ ਥੋਹੜੀ ਸਮਝ ਵਾਲਾ ਭੀ ਜਾਣਦਾ ਹੈ ਕਿ ਜਦੋਂ ਇਹ ਆਖੀਏ—'ਫਲਾਣੇ ਥਾਂ ਬੜੀ ਸੰਗਤ ਆਈ' ਤਾਂ ਉਸਦਾ ਭਾਵ (ਸੰਗ੍ਰਹੀਤ ਨਾਉਂ ਮੰਨ ਕੇ) ਇਹ ਹੁੰਦਾ ਹੈ ਕਿ ਸਿੰਘਾਂ ਦਾ ਬੜਾ ਇਕੱਠ ਹੈ। ਸੋ ਸੰਗਤ ਦੇ ਸਾਧਾ-ਰਣ ਅਰਥ ਇਕੱਠ ਹੀ ਹੁੰਦਾ ਹੈ, ਜਿਸ ਵਿਚ ਕਿ ਓਹੋ (ਇਕੱਠੇ ਹੋਣ ਵਾਲੇ) ਆਪ ਸ਼ਾਮਲ ਹੋਣ ਅਤੇ 'ਸਾਧਾਂ ਦੀ ਸੰਗਤ' ਦਾ ਭਾਵ ਭੀ ਇਕੱਠ ਹੀ ਹੋਵੇਗਾ। ਜਿਥੇ ਇਹ ਆਖਿਆ ਜਾਵੇ ਕਿ ਸਾਧੂ ਦੀ ਸੰਗਤ ਕਰਨੀ ਅਥਵਾ ਸਿਖ ਦੀ ਸੰਗਤ ਕਰਨੀ ਚਾਹੀਏ ਉਥੇ ਭਾਵ ਵਾਚਕ ਨਾਮ ਮੰਨਕੇ 'ਸੰਗਤ' ਦਾ ਅਰਥ 'ਮੇਲ' ਜਾਂ 'ਮੁਹੱਬਤ' ਹੋਵੇਗਾ, ਇਸ ਲਈ ਇਹ ਨਿਯਮ ਨਹੀਂ ਕਿ 'ਸੰਗਤ' ਪਦ ਸਾਧ ਜਾਂ ਗੁਰੂ ਦੇ ਨਾਲ ਹੀ ਆਵੇ, ਇਸ ਲਈ 'ਸੰਗਤ' ਪਦ ਸੁਤੰਤ੍ਰ ਹੈ, ਮਗਰ ਜਦੋਂ ਇਸ ਤੋਂ ਸੰਗਤ ਦੇ ਮਾਲਿਕ ਦਾ ਅਰਥ ਲੈਣਾ ਹੋਵੇਗਾ ਤਾਂ ਇਸ ਤੋਂ ਸਦਾ ਹੀ ਗੁਰੂ ਦੀ ਸੰਗਤ ਅਰਥਾਤ ਸੰਪ੍ਰਦਾਯ ਹੋਵੇਗਾ। ਸੋ ਗੁਰੂ ਘਰ ਵਿਚ ਤਾਂ ਸੰਗਤਾਂ ਦੇ ਮਾਲਕ ਪ੍ਰਤੱਖ ਗੁਰੂ 'ਗੁਰੂ

Digitized by Panjab Digital Library | www.panjabdigilib.org

ਗ੍ਰੰਥ ਸਾਹਿਬ' ਜੀ ਹਨ, ਮਗਰ ਸਾਧ ਜਾਂ ਸੰਤ ਸਾਧਾਰਣ ਪਦ ਹੋਣ ਕਰਕੇ ਉਨ੍ਹਾਂ ਦੀ ਸੰਪ੍ਰਦਾਇ ਹੈ ਹੀ ਕੋਈ ਨਹੀਂ, ਜਿਸ ਨੂੰ ਸੰਗਤ ਆਖੀਏ। ਜੇ ਕਹੋ ਕਿ ਸਾਧਾਂ ਦੇ ਭੇਖ ਦਾ ਨਾਮ ਭੀ ਸੰਗਤ ਹੈ ਤਾਂ ਸਿੱਧ ਹੋ ਗਿਆ ਕਿ ਸੰਗਤ ਦੇ ਮਾਲਿਕ ਤੋਂ ਬਿਨਾਂ ਭੀ ਸਾਧਾਂ ਦੀ ਸੰਗਤ ਹੈ, ਜਿਸ ਵਿਚੋਂ ਕਿਸੇ ਸਾਧ ਨੂੰ ਭੀ ਨਿਆਰਾ ਨਹੀਂ ਸਮਝਿਆ ਜਾਂਦਾ। ਜੇ ਉਸ ਸੰਗਤ ਦਾ ਮਾਲਿਕ ਕੋਈ ਸਾਧ ਆਖੋ ਤਾਂ ਦਸੋ ਕਿ ਉਹ ਸਾਧ ਸੰਗਤ ਵਿਚ ਹੀ ਹੈ ਕਿ ਨਿਆਰਾ ? ਜੇ 'ਵਿਚ' ਆਖੋ ਤਾਂ ਉਹ ਮਾਲਿਕ ਨ ਠਹਿਰਿਆ ਸਗੋਂ ਦੂਜਿਆਂ ਦੇ ਰਲੇ ਹੀ ਰਲ ਗਿਆ। ਜੇ ਅੱਡ ਆਖੋ ਤਾਂ 'ਸਾਧ ਦੀ ਸੰਗਤ' ਤੋਂ (ਸਾਧ ਅੱਡ ਹੋਣ ਕਰਕੇ) ਇਹ ਅਰਥ ਕਦੇ ਭੀ ਨਹੀਂ ਨਿਕਲ ਸਕਦਾ ਕਿ ਸੰਗਤਾਂ ਵਾਲਾ ਕੋਈ ਖਾਸ ਸਾਧ ਹੋਇਆ ਕਰਦਾ ਹੈ ਮਗਰ ਇਸਦੇ ਮੁਕਾਬਲੇ ਤੇ 'ਗੁਰੂ ਕੀ ਸੰਗਤ ਬੜੀ ਦਿਆਲੂ ਹੈ।' ਇਸ ਵਿਚ ਸੰਗਤਾਂ ਦਾ ਸਾਹਿਬ ਸੰਗਤ ਤੋਂ ਵਖਰਾ ਖਾਸ 'ਗੁਰੂ' ਸਮਝਿਆ ਜਾਵੇਗਾ ਅਤੇ ਜੇ ਕਹੋ ਕਿ 'ਗੁਰੂ ਕੀ ਸੰਗਤ ਕਰ' ਤਾਂ ਭੀ 'ਗੁਰੂ' ਸੰਗਤ ਤੋਂ ਨਿਵੇਕਲਾ ਹੀ ਸਿਧ ਹੋਵੇਗਾ ਕਿਉਂਕਿ ਉਹ ਖਾਸ ਵਿਅਕਤੀ ਹੈ, ਇਸ ਲਈ ਸਿੰਘਾਂ ਦਾ ਇਕੱਠ ਹੀ ਸੰਗਤ ਹੈ ਅਤੇ ਉਹੀ ਪੰਥ ਗੁਰੂ ਹੈ ਅਤੇ ਉਸ ਵਿਚੋਂ ਹੀ ਪੰਜ ਪਿਆਰੇ ਉਸ ਦੇ ਪ੍ਰਤੀਨਿਧ ਹਨ।

ਜੋ ਇਹ ਕਿਹਾ ਹੈ ਕਿ "ਸਿੰਘਾਂ ਦਾ ਇਕੱਠ ਉਨ੍ਹਾਂ ਦੇ ਅੰਦਰ ਹੀ ਹੈ, ਕੋਈ ਸੁਤੰਤ੍ਰ ਇਕੱਠ ਨਹੀਂ।" ਸੋ ਭੀ ਗਲਤ ਹੈ, ਕਿਉਂਕਿ ਜੋ ਇਕੱਲਾ ਇਕੱਲਾ ਸਿੰਘ ਹੈ, ਉਨ੍ਹਾਂ ਦਾ ਇਕੱਠ ਉਨ੍ਹਾਂ ਤੋਂ ਵਿਲੱਖਣ ਵਸਤੂ

Digitized by Panjab Digital Library | www.panjabdigilib.org

ਹੈ। ਜੇ ਇਉਂ ਨਾ ਹੋਵੇ ਤਾਂ ਜੋ ਕੰਮ ਇਕ ਸਿੰਘ ਕਰਦਾ ਹੈ ਉਹ ਸੌ ਰਲਕੇ ਭੀ ਉਤਨਾ ਹੀ ਕਰਿਆ ਕਰਨ। ਅਥਵਾ ਜੋ ਕੰਮ ਸੌ ਸਿੰਘ ਕਰਦਾ ਹੈ ਉਹ ਇਕੱਲਾ ਹੀ ਕਰ ਲਿਆ ਕਰੇ। ਸੋ ਜਿਸ ਤਰ੍ਹਾਂ ਪਾਨ, ਸਪਾਰੀ ਅਤੇ ਚੂਨਾ ਆਦਿ ਵਸਤਾਂ ਮਿਲ ਕੇ ਸਭ ਤੋਂ ਵਿਲੱਖਣ ਲਾਲ ਰੰਗ ਉਤਪੰਨ ਕਰ ਦਿੰਦੀਆਂ ਹਨ, ਓਸੇ ਤਰ੍ਹਾਂ ਚਾਰ ਵਰਣ ਅਤੇ ਵਖੋ ਵਖ ਵਿਅਕਤੀਆਂ ਤੋਂ ਮਿਲਕੇ ਇਕ ਨਵੇਂ ਹੀ ਰੰਗ ਰੂਪ ਅਤੇ ਤਾਣ ਵਾਲੀ ਸੰਗਤ ਬਨ ਜਾਂਦੀ ਹੈ। ਸੋ ਸਿੰਘਾਂ ਦਾ ਇਕੱਠ ਵਿਅਕਤੀ ਭੇਦ ਤਾਂ ਉਨ੍ਹਾਂ ਦੇ ਅੰਦਰ ਹੀ ਹੈ ਮਗਰ ਸ਼ਕਤੀ ਅਤੇ ਅਧਿਕਾਰ ਭੇਦ ਤੋਂ ਵਿਲੱਖਣ ਅਤੇ ਨਿਆਰਾ ਭੀ ਹੈ। ਇਸਕਰਕੇ ਉਸ ਵਿਲੱਖਣ ਸਰੂਪ ਨੂੰ ਹੀ "ਪੰਥ ਗੁਰੂ" ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਹੀ ਦਰਗਾਹ ਵਾਲੇ ਨੇ ਧੁਰੋਂ ਦਸਮੇਂ ਜਾਮੇਂ ਵਿਚ "ਪੰਥ ਗੁਰੂ" ਦੀ ਪਦਵੀ ਦਿਤੀ ਹੈ। ਉਹੋ ਪੰਚਾਂ ਦੇ ਰੂਪ ਵਿਚ ਦੀਖਿਆ ਦੇਣ ਦੇ ਅਧਿਕਾਰੀ ਹਨ, ਨਾ ਕਿ "ਵਾਈ ਪੱਤੇ ਬਾਗ ਦੇ ਨਾਉਂ ਫੱਤੂ ਮਾਲੀ" ਵਾਂਗ ਵੇਦਾਂਤ ਦੇ ਢਾਈ ਟੱਪੇ ਪੜ੍ਹਨ ਵਾਲਾ ਅਨੁਭਵ ਹੀਨ ਅਤੇ ਨਿਗੁਰਾ ਚੁੰਚ ਗਿਆਨੀ। ਇਨ੍ਹਾਂ ਧੂਰਤਾਂ ਨੂੰ ਪਹਿਲਾਂ ਪੂਰਾ ਗੁਰੂ ਧਾਰਨ ਕਰਨਾ ਚਾਹੀਦਾ ਹੈ। ਪਿਛੋਂ ਗਿਆਨ ਅਤੇ ਉਪਦੇਸ਼ ਦੀਆਂ ਡੀਂਗਾਂ ਮਾਰਿਆ ਕਰਨ। ਤਾਂਤੇ "ਸੰਘਾਂ ਦਾ ਇਕੱਠ ਤਾਂ ਸਿੰਘਾਂ ਦੇ ਵਿਚ ਹੀ ਆ ਜਾਂਦਾ ਹੈ" ਇਹ ਕਥਨ ਕਰਨਾ ਗਲਤੀ ਹੈ। ਇਉਂ ਆਖਣ ਵਾਲੇ ਨੂੰ ਇਹ ਭੀ ਪਤਾ ਨਹੀਂ ਕਿ ਕਈ ਵਜਕਤੀਆਂ ਦਾ ਇਕੱਠ ਉਨ੍ਹਾਂ ਦੇ ਅੰਦਰ ਹੁੰਦਾ ਹੋਇਆ

Digitized by Panjab Digital Library | www.panjabdigilib.org

ਭੀ ਅਧਿਕਾਰਾਂ ਕਰਕੇ ਤਾਂ ਸੁਤੰਤਰ ਹੈ, ਮਗਰ ਵਿਅਕਤੀ ਗਤ ਆਪਣੇ ਅੰਗਾਂ ਦੇ ਅਧੀਨ ਹੀ ਹੁੰਦਾ ਹੈ ਅਰਥਾਤ ਆਪ ਦੀ ਮੰਨੀ ਹੋਈ ਕਿਸੇ ਸਾਧ ਦੀ ਸੰਗਤ ਆਪਣੇ ਮੈਂਬਰਾਂ ਤੋਂ ਬੜੀ ਹੋਣ ਕਰਕੇ ਆਪਣੀ ਬਣਤਰ ਵਿਚ ਸਾਧ ਦੇ ਅਧੀਨ ਨਹੀਂ ਅਰਥਾਤ ਇਸ ਵਿਚ ਕਿਸੇ ਸਾਧ ਦਾ ਨੱਕ ਮੂੰਹ ਤਾਂ ਨਹੀਂ ਜੜਿਆ ਹੁੰਦਾ, ਕਿੰਤੂ ਅਧਿਕਾਰਾਂ ਕਰਕੇ ਉਸ ਨਾਲ ਸੰਬੰਧਿਤ ਹੋਇਆ ਕਰਦੀ ਹੈ । ਸੋ ਵਿਆਪਰ ਦੇਸ ਦੇ ਭੇਦ ਤੋਂ 'ਸੰਗਤ' ਪਦ ਦੇ ਅਰਥਾਂ ਦਾ ਭੇਦ ਹੈ ਜਿਸ ਨੂੰ ਆਪ ਨਹੀਂ ਸਮਝਦੇ ।

ਸ਼ੰਕਾ—ਬਹੁਤੇ ਰਲਕੇ ਤਾਂ ਅਤੇ ਅੜੀ ਉਪਦੇਸ਼ ਕਰਨਗੇ । ਜਿਸ ਤੋਂ ਸ੍ਰੋਤਿਆਂ ਨੂੰ ਭਰਮ ਹੀ ਹੋਵੇਗਾ । ਸੋ ਭੀ ਜੇ ਉਹ ਗਿਆਨੀ ਹੋਣਗੇ ਤਾਂ ਕੁਝ ਉਪਦੇਸ਼ ਕਰਨਗੇ । ਜੇ ਉਹ ਅਗਿਆਨੀ ਹੋਣਗੇ ਤਾਂ ਭਾਵੇਂ ਹਜ਼ਾਰਾਂ ਹੋਣ ਤਦ ਭੀ ਉਹਨਾਂ ਤੇ ਕੁਝ ਲਾਭ ਨਹੀਂ ਹੋਵੇਗਾ । ਇਸ ਲਈ ਗਿਆਨਵਾਨ ਇਕੋ ਹੀ ਬਹੁਤੇਰਾ ਹੈ ਨਾਲੇ ਉਸ ਤੋਂ ਕਿਸੇ ਨੂੰ ਸੰਸਾ ਨਹੀਂ ਰਹੇਗਾ।

ਉੱਤਰ—ਜੋ ਉਪਦੇਸ਼ ਕਰਨ ਵਿਚ ਸਮਰਥ ਅਤੇ ਅਧਿਕਾਰੀ ਹੁੰਦੇ ਹਨ, ਉਹ ਇਕ ਆਸ਼ੇ ਵਾਲੇ ਬਹੁਤੇ ਸਜਨ ਹੀ ਉਪਦੇਸ਼ਟਾ ਹੋਣੇ ਠੀਕ ਹਨ ਕਿਉਂਕਿ ਉਹਨਾਂ ਦੀ ਆਤਮਕ ਸ਼ਕਤੀ ਜ਼ਿਆਦੇ ਹੁੰਦੀ ਹੈ ਮਗਰ ਜੋ ਇਕ ਪੁਰਖ ਅਸਮਰਥ ਅਤੇ ਅਨਧਿਕਾਰੀ ਹੋਵੇ ਉਸ ਨੂੰ ਆਪਣੇ ਆਪ ਵਿਚ ਹਜ਼ਾਰਾਂ ਹੀ ਸੰਸੇ ਅਤੇ ਭਰਮ ਹੋਣ ਕਰਕੇ ਉਸ ਦੇ ਉਪਦੇਸ਼ ਤੋਂ ਸ੍ਰੋਤਿਆਂ ਨੂੰ ਸੰਸੇ ਅਤੇ

Digitized by Panjab Digital Library | www.panjabdigilib.org

ਭਰਮ ਹੀ ਹੋਣਗੇ । ਨਾਲੇ ਉਸਦੀ ਆਤਮਕ ਸ਼ਕਤੀ ਬਿਲਕੁਲ ਇਕੈਹਰੀ ਹੋਣ ਕਰ ਕੇ ਜਗਿਆਸੂ ਨੂੰ ਜਿਉਂ ਕਾ ਤਿਉਂ ਅਪਨੇ ਵਰਗਾ ਨਹੀਂ ਕਰ ਸਕੇਗਾ । ਜੋ ਗਿਆਨ ਪਨੇ ਦੀ ਗੱਲ ਆਖੀ ਹੈ ਉਹ ਭੀ ਆਪ ਦੀ ਬ੍ਰਿਥਾ ਹੀ ਡੀਂਗ ਹੈ ਅਰਥਾਤ ਕੋਈ ਮਨੁੱਖ "ਗਿਆਨ ਨਾ ਗਲੀਈਂ ਢੂਢੀਐ ਕਥਨਾ ਕਰੜਾ ਸਾਰ ॥ ਕਰਮ ਮਿਲੈ ਤਾਂ ਪਾਈਐ ਹੋਰ ਹਿਕਮਤ ਹੁਕਮ ਖੁਆਰ" ਆਦਿ ਮਹਾਂ ਵਾਕਾਂ ਮੂਜਬ ਧੁਰੋਂ ਗਿਆਨ ਦੀ ਬਖਸ਼ਿਸ਼ ਬਿਨਾਂ ਪੂਰਾ ਗਿਆਨੀ ਨਹੀਂ ਹੋ ਸਕਦਾ । ਸੋ ਧੁਰੋਂ ਬਖਸ਼ੇ ਹੋਏ ਪੂਰਨ ਗਿਆਨੀ ਪੂਰੇ ਗੁਰਾਂ ਦੇ ਸਿੱਖ ਹੀ ਹੋ ਸਕਦੇ ਹਨ ਅਤੇ ਉਹਨਾਂ ਵਿਚ ਪੂਰਾ ਗੁਰੂ ਸਭ ਦੇ ਸਾਹਮਣੇ ਪ੍ਰਤਖਸ਼ ਜੋਤਿ ਕਰਕੇ ਸਮਾਇਆ ਹੋਇਆ ਪ੍ਰਸਿੱਧ ਹੈ ।

## ਗੁਰੂ ਬਾਣੀ ਸ੍ਰੁਤੀ ਰੂਪ ਹੈ ਜਾਂ ਸਿਮ੍ਰਤੀ ਰੂਪ ?

ਸ਼ੰਕਾ—ਗੁਰੂ ਬਾਣੀ ਸਿਮ੍ਰਤੀ ਰੂਪ ਹੈ ਕਿ ਸ੍ਰੁਤੀ ਰੂਪ ? ਜੇ ਸਿਮ੍ਰਤੀ ਰੂਪ ਕਹੋ ਤਾਂ ਵੇਦ ਦੇ ਅਨੁਕੂਲ ਹੋਣ ਕਰਕੇ ਸੁਤੰਤ੍ਰ ਨਹੀਂ ਕਹਾ ਸਕਦੀ । ਜੇ ਸ੍ਰੁਤੀ ਰੂਪ ਕਹੋ ਤਾਂ ਸ੍ਰੁਤੀ ਦੇ ਸ਼ਬਦ ਦੀ ਅਨੁਪੂਰਬੀ ਉਸ ਵਿਚ ਨਾ ਹੋਣ ਕਰਕੇ ਅਰਥ ਦੀ ਅਨੁਪੂਰਬੀ ਹੀ ਮੰਨਣੀ ਪਊ । ਇਸ ਤੋਂ ਇਹ ਸਿੱਧ ਹੋਇਆ ਕਿ ਜੋ ਸ੍ਰੁਤੀ ਦਾ ਅਰਥ ਹੈ, ਉਹੋ ਗੁਰੂ ਬਾਣੀ ਦਾ ਹੈ ਅਤੇ ਏਸ ਤਰ੍ਹਾਂ ਜੋ ਅਰਥ ਰੂਪ ਤੇ ਪਹਿਲ ਜੁਗਾਂ ਵਿਚ ਸ੍ਰੁਤੀ ਦੀ ਰਚਨਾ ਸੀ, ਉਹ ਦੂਜੇ ਸ਼ਬਦਾਂ ਵਿਚ (ਉਸੇ ਅਰਥ ਵਾਲੀ) ਐਸ ਸਮੇਂ ਗੁਰਬਾਣੀ

Digitized by Panjab Digital Library | www.panjabdigilib.org

ਦੀ ਸ਼ਕਲ ਵਿਚ ਪ੍ਰਗਟ ਹੋਈ ਹੈ ਅਤੇ ਅਗੇ ਨੂੰ ਭੀ ਏਸ ਦੀ ਅਰਥ ਰੂਪੀ ਆਨੁਪੂਰਬੀ ਪ੍ਰਗਟ ਕਰਨ ਲਈ ਦੇਹ-ਧਾਰੀ ਗੁਰੂਆਂ ਦੀ ਸਦਾ ਲੋੜ ਹੈ ।

ਉੱਤਰ–ਗੁਰਬਾਣੀ ਨਾ ਸ੍ਰੁਤੀ ਰੂਪ ਹੈ, ਨਾ ਸਿਮ੍ਰਤੀ ਰੂਪ ਅਰਥਾਤ 'ਦਿਨਸੁ ਰੈਣਿ ਵੇਦ ਨਹੀ ਸਾਸਤ੍ਰ ਤਹਾ ਵਸੈ ਨਿਰੰਕਾਰਾ' ਆਦਿ ਪ੍ਰਮਾਣਾਂ ਦੁਆਰਾ ਸ੍ਰੁਤੀ-ਸਿਮ੍ਰਤੀ ਤੋਂ ਕਿਤੇ ਉਚੇਰੀ ਭਾਵ ਨਿਰੰਕਾਰ ਦੇ ਮੰਡਲ ਤੋਂ ਆਈ ਹੋਈ 'ਪਰਾ ਪੂਰਬਲੀ ਭਾਵਨੀ' ਪ੍ਰਗਟ ਹੋਈ ਹੈ, ਜਿਸ ਨੂੰ "ਧੁਰਕੀ ਬਾਣੀ ਆਈ" ਇਤਆਦਿ ਵਾਕਾਂ ਅਨੁਸਾਰ ਅਕਾਲ ਪੁਰਖ ਦੇ ਨਿਜ ਰੂਪ ਦੀ ਪ੍ਰਕਾਸ਼ਕ ਹੋਣ ਕਰਕੇ ਸੰਪੂਰਨ ਨਾਦ ਸਰੂਪ ਤਥਾ "ਸਿਮ੍ਰਿਤ ਸਾਸਤ੍ਰ ਵੇਦ ਵਖਾਣੀ" ਇਤਆਦਿ ਕਰਕੇ ਗੁਰੂ ਘਰ ਦਾ ਸਾਸਤ੍ਰ ਵੇਦ ਅਤੇ ਸਿਮ੍ਰਿਤੀ ਕਥਨ ਕੀਤੀ ਗਈ ਹੈ ਅਤੇ ਰਿਗ ਆਦਿ ਵੇਦ, 'ਤੇਤ੍ਰੀ' ਆਦਿ ਸ੍ਰੁਤੀਆਂ ਅਤੇ 'ਮਨੂ' ਆਦਿ ਸਿਮ੍ਰ-ਤੀਆਂ ਨੂੰ "ਵੇਦ ਕੀ ਪੁਤ੍ਰੀ ਸਿਮ੍ਰਿਤਿ ਭਾਈ । ਸਾਂਕਲ ਜੇਵਰੀ ਲੈ ਹੈ ਆਈ ।" ਤਥਾ "ਤ੍ਰੈ ਗੁਰਬਾਣੀ ਵੇਦ ਵਿਚਾਰ । ਬਿਖਿਆ ਮੈਲ ਬਿਖਿਆ ਵਾਪਾਰ ।" ਆਦਿ ਪ੍ਰਮਾਣਾਂ ਦੁਆਰਾ ਵੇਦ–ਸਿਮ੍ਰਤੀ ਨੂੰ ਸੰਗਲ ਜੇਵੜੀਆਂ ਅਤੇ ਬਿਖ ਰੂਪ ਕਥਨ ਕੀਤਾ ਹੈ ਕਿਉਂਕਿ ਵੇਦ ਆਦਿਕ ਸ੍ਰੁਤੀਆਂ ਤਾਂ ਪ੍ਰਕ੍ਰਿਤੀ ਦੇ ਭਗਤ ਰਿਸ਼ੀਆਂ ਨੇ ਬਣਾਈਆਂ ਅਤੇ ਉਨ੍ਹਾਂ ਦੀ ਸੰਤਾਨ ਨੇ ਪਰੰਪਰਾ ਤੋਂ ਸੁਣੀਆਂ ਜਿਸ ਕਰਕੇ ਇਹ 'ਸ੍ਰੁਤੀ' ਕਹਾਈਆਂ ਅਤੇ ਉਨ੍ਹਾਂ ਨੂੰ ਸਿਮ੍ਰਨ ਕਰਕੇ ਜੋ ਉਨ੍ਹਾਂ ਦੀ ਵਿਆਖਿਆ ਲਿਖੀ ਗਈ ਉਹ

Digitized by Panjab Digital Library / www.panjabdigilib.org

'ਸਿਮ੍ਰਤੀਆਂ'' ਪ੍ਰਸਿੱਧ ਹੋਈਆਂ। ਸੋ ਇਨ੍ਹਾਂ ਵਿਚ ਜੰਗਲੀ ਮਨੁਖਾਂ ਵਲੋਂ ਸੰਸਾਰਿਕ ਗਿਆਨ ਕਰਕੇ ਇਹ ਗੁਰਬਾਣੀ ਦੀ ਤੁੱਲਤਾ ਨਹੀਂ ਪ੍ਰਾਪਤ ਕਰ ਸਕਦੀਆਂ।

ਸੋ ਗੁਰਬਾਣੀ ਕਿਸੇ ਦੀ ਆਨੂਪੂਰਬੀ (ਅਰਥ ਰੂਪ ਤੇ ਨਕਲ) ਨਹੀਂ ਹੈ। ਇਸੇ ਲਈ ਏਸ ਨੂੰ ਪ੍ਰਗਟ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਵਿਅਕਤੀ ਦਾ ਪ੍ਰਕਾਸ਼ ਹੋਇਆ ਅਤੇ ਹੁਣ ਏਸ (ਬਾਣੀ) ਦਾ ਪ੍ਰਕਾਸ਼ ਪੂਰਨ ਰੂਪ ਤੇ ਹੋ ਜਾਣ ਕਰਕੇ ਕਿਸੇ ਭੀ ਗੁਰ ਅਵਤਾਰ ਦੀ ਲੋੜ ਨਹੀਂ।

ਸ਼ੰਕਾ--ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਨਹੀਂ ਹੋ ਸਕਦੀ ਕਿਉਂਕਿ ਉਹ ਗੁਰਬਾਣੀ ਦਾ ਅਨੁਕਰਣ (ਨਕਲ) ਹੈ ਅਰਥਾਤ ਜੋ ਸੂਖਮ ਗੁਰਬਾਣੀ ਅਰਥ ਰੂਪ ਤੇ ਹੈ, ਉਸਦਾ ਤਾਂ ਗੁਰੂ ਨਾਲ ਅਭੇਦ ਹੈ ਮਗਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੱਖਰ ਰੂਪ ਹੋਣ ਕਰਕੇ ਅਨਿੱਤ ਹੈ ਇਸ ਲਈ ਗੁਰਬਾਣੀ ਦਾ ਅਨੁਕਰਣ ਹੈ ਅਤੇ ਗੁਰੂ ਗ੍ਰੰਥ ਸਾਹਿਬ ਕਿਸੇ ਜਗਿਆਸੂ ਨੂੰ ਉੱਤਰ ਭੀ ਨਹੀਂ ਦੇ ਸਕਦੇ ਇਸੇ ਲਈ ਇਹ ਸਾਖਿਆਤ ਗੁਰੂ ਨਹੀਂ।

ਉੱਤਰ--ਵਾਹ ਜੀ ਵਾਹ ! ਆਪ ਨੂੰ ਇਹ ਭੀ ਪਤਾ ਨਹੀਂ ਕਿ ਅਨੁਕਰਣ ਕੀ ਹੁੰਦਾ ਹੈ ? ਭਲਾ ਦਸੋ ਤਾਂ ਗੁਰੂ ਗ੍ਰੰਥ ਸਾਹਿਬ ਜੀ ਅਸਲ ਗੁਰਬਾਣੀ ਦਾ ਸ਼ਬਦ ਰੂਪ ਤੇ ਅਨੁਕਰਣ ਹਨ ਯਾ ਅਰਥ ਰੂਪ ਤੇ ? ਜੇ ਸ਼ਬਦ ਰੂਪ ਤੇ ਕਹੋ ਤਾਂ ਸੂਖਮ ਸ਼ਬਦ ਅਸਥੂਲ ਦੇ ਰੂਪ ਵਿਚ ਜਿਉਂ ਕਾ ਤਿਉਂ ਹੋਣ ਕਰਕੇ ਗੁਰਬਾਣੀ ਸਾਖਿਆਤ ਗੁਰੂ ਹੈ। ਜੇ ਅਰਥ ਰੂਪ ਤੇ ਅਨੁਕਰਣ ਕਹੋ, ਤਾਂ ਇਸ ਨੂੰ

Digitized by Panjab Digital Library | www.panjabdigilib.org

ਅਨੁਵਾਦ ਕਹਿਣਾ ਚਾਹੀਏ । ਅਨੁਵਾਦ ਕਹਿਣ ਤੋਂ "ਸਿਧ ਕਥਨ ਅਨੁਵਾਦ" ਇਸ ਲੱਛਣ ਤੋਂ ਇਹ ਸਾਬਤ ਹੋਇਆ ਕਿ ਇਹ ਬਾਣੀ ਗੁਰੂ ਸਾਹਿਬ ਤੋਂ ਪਹਿਲਾਂ ਬਣੀ ਹੋਈ ਸੀ, ਮਗਰ ਇਹ ਗੱਲ ਪ੍ਰਤੱਖ ਪ੍ਰਮਾਣ ਤੇ ਵਿਰੁਧ ਹੈ । ਹੋਰ ਭੀ ਹੈ, ਕਿ ਇਹ ਅਨੁਵਾਦ ਇੰਨ ਬਿੰਨ ਏਸੇ ਸ਼ਬਦ ਦੀ ਅਪੇਖਿਆ ਕਰਕੇ ਹੈ ਯਾ ਏਸ ਸ਼ਬਦ ਤੋਂ ਨਿਰਪੇਖਸ਼ਕ ਹੈ । ਜੇ ਪਹਿਲਾ ਪੱਖ ਕਹੋ, ਤਾਂ ਏਸ ਬਾਣੀ ਵਿਚ ਅਤੇ ਅਸਲੀ (ਸੂਖਮ) ਬਾਣੀ ਵਿਚ ਕੋਈ ਭੇਦ ਨਾ ਰਿਹਾ । ਜੇ ਸ਼ਬਦ ਨਿਰਪੇਖਸ਼ਕ ਕਹੋ, ਤਾਂ ਉਸ ਦਾ ਅਨੁਕਰਣ ਕਿਵੇਂ ਹੋਈ ? ਅਰਥਾਤ ਬਾਣੀ ਦਾ ਅਨੁਕਰਣ (ਨਕਲ) ਤਾਂ ਸ਼ਬਦ ਕਰਕੇ ਹੀ ਹੁੰਦਾ ਹੈ ਜੋ ਅਰਥ 'ਸਾਵੇਂ ਸ਼ਬਦ' ਦੀ ਅਪੇਖਿਆ ਨਹੀਂ ਰਖਦਾ, ਉਸ ਨੂੰ ਬਾਣੀ ਜਾਂ ਸ਼ਬਦ ਦਾ ਅਨੁਕਰਣ ਕਹਿਣਾ ਮੂਰਖਤਾ ਹੈ ।

ਜੇ ਕਹੋ ਕਿ ਗੁਰਬਾਣੀ ਕਿਸੇ ਹੋਰ ਸੂਖਮ ਬਾਣੀ ਦੀ ਬ੍ਰਿਤੀ ਹੈ ? ਜਾਂ ਵਾਰਤਕ ਹੈ ? ਜਾਂ ਟੀਕਾ ਹੈ ? ਅਥਵਾ ਭਾਸ਼ ਰੂਪ ਤੇ ਹੈ ? ਜੇ ਪਹਿਲਾ ਪੱਖ ਕਹੋ ਤਾਂ ਉਹ ਸੂਖਮ ਬਾਣੀ ਕੇਹੜੀ ਹੈ ? ਜੋ ਕਿ ਸੂਤ੍ਰ ਰੂਪ ਤੇ ਪ੍ਰਗਟ ਹੋਈ ਹੈ। ਨਾਲੇ ਉਸ ਨੂੰ 'ਸੂਤ੍ਰ' ਰੂਪ ਮੰਨਕੇ ਅਸਲੀ ਬਾਣੀ ਨਹੀਂ ਕਹਿ ਸਕਦੇ ਕਿਉਂਕਿ ਉਹ ਭੀ ਉੱਪਰ ਕਹੀ ਹੋਈ ਅੱਖਰ ਰੂਪ ਬਾਣੀ ਵਾਂਗ ਅਨਿੱਤ ਹੀ ਮੰਨਣੀ ਪਏਗੀ । ਜੇ 'ਵਾਰਤਿਕ' ਕਹੋ ਤਾਂ ਉਸ ਦੀ ਸੰਬੋਧਿਕ ਮੰਨਣੀ ਪਏਗੀ । ਜੇ 'ਟੀਕਾ' ਕਹੋ ਤਾਂ ਸੂਖਮ ਬਾਣੀ ਦਾ ਅਨੁ-

Digitized by Panjab Digital Library | www.panjabdigilib.org

ਕਰਣ ਹੋਣ ਕਰਕੇ ਇਹ ਬਾਣੀ ਜਾਂ ਤਾਂ ਤਦ ਰੂਪ ਹੀ ਮੰਨਣੀ ਪਏਗੀ ਯਾ ਅਸਲੀ ਬਾਣੀ ਸ਼ਬਦ ਰੂਪ ਹੋ ਜਾਣ ਕਰਕੇ ਨਿੱਤ ਨਹੀਂ ਰਹੇਗੀ। ਜੇ 'ਭਾਸ਼' ਕਹੋ ਤਾਂ 'ਅਨੁ-ਕਰਣਤਾ' ਸੰਬੰਧ ਨਾਲ ਦੋਹਾਂ ਬਾਣੀਆਂ ਦੀ ਏਕਤਾ ਹੋ ਜਾਣ ਕਰਕੇ ਉਨ੍ਹਾਂ ਦਾ ਕੋਈ ਹੋਰ ਮੂਲ ਮੰਨਣਾ ਪਏਗਾ। ਇਸ ਲਈ ਗੁਰੂ ਬਾਣੀ ਕਿਸੇ ਦੀ ਅਨੁਪੂਰਬੀ ਨਹੀਂ ਕਿੰਤੂ ਗੁਰੂ ਜੋਤਿ ਦਾ ਦ੍ਵਣ ਰੂਪ ਵਿਗਾਸ ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਖਿਆਤ ਹੀ 'ਜੋਤਿ ਪ੍ਰਕਾਸ਼ ਰੂਪ' ਹੈ। ਏਸੇ ਕਰਕੇ ਉਹ ਸਾਖਿਆਤ ਗੁਰੂ ਮੰਨੀ ਜਾਂਦੀ ਹੈ। ਭਲਾ ਜੇ ਤੁਸੀਂ ਅਜੇ ਭੀ ਹਠ ਕਰੋ ਤਾਂ ਅਨੁਕਰਣ ਭੀ ਅਸਲ ਦੀ ਹੀ ਨਕਲ ਹੁੰਦੀ ਹੈ। ਇਸ ਲਈ ਇਸ ਤੋਂ ਭੀ ਇਹੋ ਸਿੱਧ ਹੋਇਆ ਕਿ ਜੋ ਪਹਿਲਾਂ ਸੂਖਮ ਅਰਥ ਸੀ ਉਹੋ ਗੁਰੂ ਸਾਹਿਬ ਜੀ ਦੀ ਬਾਣੀ ਦੇ ਰੂਪ ਵਿਚ ਪ੍ਰਗਟ ਹੋ ਗਿਆ ਹੈ। ਸੋ ਗੁਰ ਗਿਆਨ ਦੀ ਪ੍ਰਤੀਨਿਧ ਹੋਣ ਕਰਕੇ ਇਉਂ ਮੰਨਣ ਨਾਲ ਭੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਸਾਖਿਆਤ ਗੁਰੂ' ਸਿੱਧ ਹੋਈ।

## ਜੀਉਂਦਾ ਮੂਰਖ

ਸ਼ੰਕਾ—ਗੁਰਬਾਣੀ ਵਿਚ ਲਿਖਿਆ ਹੈ—"ਨਾਮ ਰੱਤਾ ਸਤਿਗੁਰੂ ਹੈ।" ਅਤੇ "ਸਤਿਗੁਰ ਹੋਇ ਦਇਆਲ ਤਾਂ ਸਰਧਾ ਪੂਰੀਐ" ਤਥਾ "ਆਇਆ ਪ੍ਰਭ ਦਰਬਾਰਾ। ਤਾਂ ਮਿਟ ਗਈ ਸਗਲ ਪੁਕਾਰਾ" ਇਤਿ ਆਦਿ ਪ੍ਰਮਾਣਾਂ ਤੋਂ ਬਾਬਾ ਦਿਆਲ, ਬਾਬਾ ਦਰਬਾਰਾ ਸਿੰਘ ਅਤੇ ਬਾਬਾ ਰੱਤਾ ਜੀ ਦਾ ਗੁਰੂ

Digitized by Panjab Digital Library | www.panjabdigilib.org

ਹੋਣਾ ਸਿੱਧ ਹੁੰਦਾ ਹੈ। ਇਸ ਲਈ ਏਸੇ ਨਿਜ਼ਮ ਅਨੁਸਾਰ ਹੁਣ ਭੀ ਕਿਸੇ ਜਿਊਂਦੇ ਸੰਤ ਨੂੰ ਗੁਰੂ ਬਣਾਇਆ ਜਾਏ ਤਾਂ ਕੀ ਹਰਜ ਹੈ ?

ਉੱਤਰ–ਐਸਾ ਮੰਨਣਾ ਮਹਾਂ ਮੂਰਖਤਾ ਹੈ। ਜਿਉਂਦਾ ਪੁਰਖ ਅਤੇ ਸਦਾ ਸਲਾਮਤ ਇਕੋ ਵਾਹਿਗੁਰੂ ਹੈ। ਕੋਈ ਮਨੁੱ ਵਾਲਾ ਨਹੀਂ ਅਤੇ ਉਕਤ ਪ੍ਰਮਾਣਾਂ ਵਿਚ ਪੜ੍ਹੇ ਹੋਏ "ਦਿਆਲ" "ਦਰਬਾਰਾ" ਅਤੇ "ਰੱਤਾ" ਸ਼ਬਦ ਨਾਮ ਸੰਗਿਆ ਲਈ ਨਹੀਂ ਹਨ ਕਿੰਤੂ "ਰੱਤਾ" ਵਿਸ਼ੇਸ਼ਣ ਅਤੇ ਸੱਤਵੇਂ ਤੱਤ ਪੁਰਖ ਸਮਾਸ ਦਾ ਅੰਗ ਹੈ। ਏਸੇ ਤਰ੍ਹਾਂ "ਦਿਆਲਾ" ਵਿਸ਼ੇਸ਼ ਪਦਾਰਥ ਅਤੇ "ਦਰਬਾਰਾ" ਨਾਮ 'ਵਾਕਾਂ' ਦੇ ਵਿਧੇਯ ਅੰਸ (A Part of Predicate) ਹੋਣ ਕਰਕੇ ਕਿਸੇ ਖਾਸ ਵਿਅਕਤੀ ਦੇ ਨਾਮ ਨਹੀਂ ਹੋ ਸਕਦੇ। ਜੇ ਇਉਂ ਨਾ ਮੰਨੋ ਤਾਂ "ਮਨਮੁਖ ਮੁਗਧ ਰਤਾ" ਆਦਿ ਵਾਕਾਂ ਵਿਚੋਂ ਬਾਬਾ 'ਰਤਾ' ਨੂੰ ਕੀ ਸਮਝਿਆਂ ਜਾਵੇਗਾ ? ਫੇਰ ਤੁਸੀਂ ਇਹ ਭੀ ਦਸੋ ਕਿ ਜਦੋਂ ਇਹ ਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰੇ ਸੀ ਓਦੋਂ ਆਪ ਦੇ ਗੁਰੂ ਬਾਬਾ ਦਇਆਲ, ਬਾਬਾ ਦਰਬਾਰਾ ਅਤੇ ਬਾਬਾ ਰੱਤਾ ਕਿਥੇ ਸਨ ?

ਨਾਲੇ ਹੋਰ ਭੀ ਦਸੋ ਕਿ ਹੁਣ ਜਦੋਂ ਬਾਬੇ ਰੱਤੇ ਹਨ ਹੀ ਨਹੀਂ ਤਾਂ ਉਹ ਜੀਵੰਦੇ ਕਿਵੇਂ ਹੋਏ ? ਅਤੇ ਜਿਨ੍ਹਾਂ ਨੂੰ ਭੀ ਜੀਂਵਦੇ ਮੰਨਕੇ ਗੁਰੂ ਬਣਾਤੁਰੋਗੇ ਤਾਂ ਕੀ ਉਹ ਜੀਉਂਦੇ ਰਹਿ ਜਾਣਗੇ ? ਜੇ ਨਹੀਂ; ਤਾਂ ਏਸ ਤਾਣੇ ਤਣਨ ਤੋਂ ਕੀ ਲਾਭ ?

Digitized by Panjab Digital Library | www.panjabdigilib.org

# ਘਰ ਵਿਚ ਘਰ

ਸ਼ੰਕਾ:–"ਘਰ ਮਹਿ ਘਰ ਦਿਖਲਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣ" ਅਤੇ "ਬ੍ਰਹਮ ਬਿੰਦੇ ਸੋ ਸਤਿ-ਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ" ਇਤ ਆਦਿ ਵਾਕਾਂ ਤੋਂ ਸਾਫ ਸਾਫ ਜਾਣਿਆ ਜਾਂਦਾ ਹੈ ਕਿ ਘਰ ਵਿਚ ਘਰ ਦਿਖਲਾਉਣ ਵਾਲਾ ਅਤੇ ਹਰਿ ਕਥਾ ਸੁਣਾਉਣ ਵਾਲਾ ਦੇਹਧਾਰੀ ਮਨੁਖ ਹੀ ਗੁਰੂ ਹੋ ਸਕਦਾ ਹੈ, ਗੁਰੂ ਗ੍ਰੰਥ ਸਾਹਿਬ ਨਹੀਂ।

ਉੱਤਰ–ਕੋਈ ਮਨੁਖ 'ਕੇਵਲ ਦੇਹਧਾਰੀ' ਹੋਣ ਕਰਕੇ "ਘਰ ਵਿਚ ਘਰ" ਦਿਖਾਉਣ ਲਈ ਸਮਰਥ ਨਹੀਂ ਹੁੰਦਾ ਕਿਉਂਕਿ ਉਹ ਸ਼ਬਦ ਯਾ ਬਾਣੀ ਬਿਨਾਂ ਆਪਣੇ ਅੰਦਰੋਂ ਯਾ ਗੁਪਤ ਤਾਕਤ ਨਾਲ 'ਨਿਜ ਘਰ' ਨਹੀਂ ਦਿਖਲਾ ਸਕਦਾ। ਜੇ ਦਿਖਾ ਸਕਦਾ ਹੋਵ ਤਾਂ ਰਾਧਾ ਸੁਆਮੀਆਂ, ਨਿਰੰਕਾਰੀਆਂ ਅਤੇ ਕੂਕਿਆਂ ਅਥਵਾ ਹੋਰ ਦੇਹ ਵਾਦੀਆਂ ਨੂੰ ਉੱਚੀ ੨ ਟਾਹਰਾਂ ਮਾਰਨ ਦੀ ਲੋੜ ਨਾ ਪਵੇ। ਨਾਲ ਹਜਾਰਾਂ ਕੋਹਾਂ ਤੇ ਬੈਠੇ ਹੋਏ ਆਪਣੇ ਸੇਵਕਾਂ ਦੇ ਘਟਾਂ ਵਿਚ ਸ਼ਬਦ ਦਾ ਵਿਗਾਸ ਕਰਿ ਦੇਣ ਪਰ ਐਸਾ ਨਹੀਂ ਹੁੰਦਾ। ਤਾਂਤੇ ਸਬਦ ਵਿਗਾਸਣ ਲਈ ਦੇਹਧਾਰੀ ਨੂੰ ਸਦਾ ਹੀ ਸ਼ਬਦ ਦੀ ਜ਼ਰੂਰੀ ਲੋੜ ਹੈ ਮਗਰ ਸਬਦ ਨੂੰ ਆਪਣੇ ਪ੍ਰਕਾਸ਼ ਵਿਚ ਕਿਸੇ ਭੀ ਦੇਹਧਾਰੀ ਦੀ ਲੋੜ ਨਹੀਂ ਅਰਥਾਤ ਸ਼ਬਦ ਦੀ (ਵੈਖਰੀ) ਧੁਨੀ ਦੀ ਲੋੜ ਭੀ ਦੇਹਧਾਰੀ ਨੂੰ ਹੀ ਹੈ ਵਿਦੇਹੀ ਨੂੰ ਨਹੀਂ ਕਿਉਂਕਿ ਉਹ ਤਾਂ ਉਸਦਾ ਆਪਣਾ

Digitized by Panjab Digital Library | www.panjabdigilib.org

ਸਹਜ ਹੀ ਹੈ । ਇਸ ਕਰਕੇ ਸੁਰਤੀ ਅਤੇ ਉਪਸਥਿਤੀ ਤੋਂ ਲੰਘਿਆ ਹੋਇਆ ਸ਼ਬਦ ਆਪਣੇ ਨਿਜ ਰੂਪ ਨੂੰ ਪ੍ਰਕਾਸ਼ ਕਰਨ ਵੇਲੇ ਕਿਸੇ ਦੇਹ ਦੀ ਲੋੜ ਨਹੀਂ ਰਖਦਾ ਕਿਉ ਕਿ ਦੇਹ ਓਥੇ ਠੀਕਰ ਹੈ । ਜੇ ਇਉਂ ਨਾ ਮੰਨੀਏ ਤਾਂ "ਰਾਧਾ ਸੁਆਮੀ" ਆਦਿ ਦੇਹ ਵਾਦੀਆਂ ਦੇ ਪੁਸਤਕਾਂ ਨੂੰ ਪੜ੍ਹਨ ਵਾਲੇ ਵਿਰੁਧ ਧਰਮੀਆਂ ਨੂੰ ਭੀ 'ਉਨ੍ਹਾਂ ਦੇ ਨਿਸਚੇ ਅਨੁਸਾਰ' ਯਥਾਰਥ ਅਤੇ ਪੂਰਾ ੨ ਬੋਧ ਹੋ ਜਾਣਾ ਚਾਹੀਦਾ ਹੈ ਮਗਰ ਇਸ ਤੋਂ ਉਲਟ ਉਨ੍ਹਾਂ ਨੂੰ ਨਿਖੇਧ ਗਿਆਨ ਹੀ ਪ੍ਰਾਪਤ ਹੁੰਦਾ ਹੈ ਬਲਕਿ ਪੱਕੇ ਸ਼ਰਧਾਲੂ ਰਾਧਾ ਸੁਆਮੀ ਭੀ ੧੦੦ ਫੀ ਸਦੀ ਬੇਖਬਰ ਦੇਖੇ ਜਾਂਦੇ ਹਨ । ਇਸਦਾ ਕਾਰਨ ਇਹ ਹੈ ਕਿ ਜੈਸਾ ਕਿਸੇ ਪੁਸਤਕ ਦੇ ਸ਼ਬਦ (ਬਾਣੀ) ਦਾ ਅਸਲੀ ਰੂਪ ਹੈ ਉਹ ਆਪਣਾ ਪ੍ਰਕਾਸ਼ ਠੀਕ ੨ ਆਪ ਹੀ ਕਰਾਉਂਦਾ ਹੈ । ਤਾਂਤੇ 'ਘਰ ਵਿਚ ਘਰ ਦਿਖਲਾਉਣ ਵਾਲਾ' ਸ਼ਬਦ ਆਪ ਹੀ ਹੈ । ਸੋਈ 'ਗੁਰੂ' ਹੈ । ਕਿਸੇ ਤੋਂ ਸੁਣ ਕੇ ਕਥਾ ਵਾਰਤਾ ਸੁਣਾ ਦੇਣ ਵਾਲਾ ਗੁਰ ਨਹੀਂ ਬਣ ਜਾਂਦਾ ਕਿੰਤੂ "ਅਕਥ ਕਥਾ" ਸੁਣਾਉਣ ਵਾਲਾ ਹੀ ਸਤਿਗੁਰੂ ਹੈ ਜੋ ਕਿ ਬ੍ਰਹਮ ਨੂੰ ਪੂਰੀ ਤਰਾਂ ਬਿੰਦਦਾ ਹੈ, ਭਾਵ ਕਿਸੇ ਦੀ ਕਥੀ ਹੋਈ ਹਰਿ ਕਥਾ ਨੂੰ ਸੁਣਾ ਦੇਣ ਵਾਲਾ ਨਾ ਤਾਂ ਬ੍ਰਹਮ ਨੂੰ ਹੀ ਜਾਣਦਾ ਹੈ ਅਤੇ ਨਾ ਹੀ 'ਅਕਥ ਕਥਾ' ਦਾ ਵਕਤਾ ਹੋ ਸਕਦਾ ਹੈ । ਭਲਾ ਜੇ ਹਠ ਕਰਕੇ ਇਉਂ ਹੀ ਮੰਨੋ ਤਾਂ ਏਸ ਤਰ੍ਹਾਂ ਤਾਂ ਜਣਾ ਖਣਾ ਅਨੁਵਾਦਿਕ ਗੁਰੂ ਹੀ ਬਣ ਜਾਵੇਗਾ। ਤੁਹਾਡੇ "ਦੇਹਧਾਰੀ" ਅਥਵਾ "ਵਕਤ ਦੇ ਗੁਰੂ" ਵਿਚ ਕੀ ਵਾਧਾ ਰਹੇਗਾ ? ਜੇ

Digitized by Panjab Digital Library | www.panjabdigilib.org

ਅੱਖਰੀ ਪੜ੍ਹਤ ਲਈ ਕਿਸੇ ਸਿਖ੍ਯਕ (ਉਸਤਾਦ) ਦੀ ਲੋੜ ਹੋਵੇ ਤਾਂ ਸਿਖ ਮਤ ਵਿਚ ਸਾਰਾ ਪੰਥ ਸਿਖ੍ਯਕ ਹੀ ਹੈ, ਓਥੋਂ ਸਭ ਦੀ ਲੋੜ ਪੂਰੀ ਹੋ ਜਾਂਦੀ ਹੈ ਮਗਰ ਜਿਸਦੇ ਮਤ ਵਿਚ ਆਪਣੀ ਸੰਪ੍ਰਦਾਇ ਉੱਕੀ ਹੀ ਥੋਥੀ ਹੋਣ ਕਰਕੇ ਘਰ ਪੂਰਾ ਨਾ ਕਰ ਸਕਦੀ ਹੋਵੇ ਉਹ "ਦੇਹਧਾਰੀ" ਗੁਰੂ ਨੂੰ ਢੂੰਢਣ ਦੀ ਪਿਆ ਝਖ ਮਾਰਦਾ ਫਿਰੇ ।

ਕਈ ਮੂਰਖ ਪੰਡਤ ਕਹਿੰਦੇ ਹੁੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਵਾਸਤਵ ਵਿਚ ਤਾਂ ਗੁਰੂ ਨਹੀਂ ਹਨ, ਕਿੰਤੂ ਉਨ੍ਹਾਂ ਵਿਚ 'ਗੁਰੂ' ਸ਼ਬਦ ਦਾ ਆਹਾਰਯ ਆਰੋਪ ਕੀਤਾ ਜਾਂਦਾ ਹੈ ।

ਉੱਤਰ—ਇਹ ਭੀ ਉਨ੍ਹਾਂ ਦੀ ਹੁੱਜਤ ਹੈ ਜੋ ਉਨ੍ਹਾਂ ਨੂੰ ਸਾਹਿਤ ਸ਼ਾਸਤਰ ਵਲੋਂ ਅਗਿਆਤ ਹੀ ਸਿੱਧ ਕਰਦੀ ਹੈ ਕਿਉਂਕਿ 'ਆਹਾਰਯ ਆਰੋਪ' ਓਥੇ ਹੁੰਦਾ ਹੈ ਜਿਥੇ ਕਿਸੇ ਨੂੰ ਦੂਜੇ ਦਾ ਸ੍ਵਾਂਗ ਪਹਿਰਾਇਆ ਜਾਵੇ ਜੈਸੇ ਸੀਤਾ ਯਾ ਰਾਮ ਦਾ ਸ੍ਵਾਂਗ ਕਿਸੇ ਲੜਕੇ ਨੂੰ ਬਣਾਕੇ ਉਸ ਨੂੰ 'ਸੀਤਾ ਯਾ ਰਾਮ' ਆਖ ਦੇਈਦਾ ਹੈ, ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਦੇ ਸ੍ਵਾਂਗ ਨਹੀਂ ਹਨ, ਦੂਜੇ ਕਿਸੇ ਦੀ ਪ੍ਰਤਿਮਾ (ਮੂਰਤੀ) ਦਾ ਕਿਸੇ ਵਿਚ ਆਹਾਰਯ ਆਰੋਪ ਕਰੀਦਾ ਹੈ। ਜੈਸੇ ਧਾਰੀ ਵਾਲੇ ਬੱਟੇ ਨੂੰ 'ਸਾਲਿਗ ਰਾਮ ਮੰਨਕੇ' ਵਿਸ਼ਨੂੰ ਆਖ ਦੇਈਦਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਗੁਰੂ ਸਾਹਿਬ ਦੀ ਪ੍ਰਤਿਮਾ ਨਾ ਹੋਣ ਕਰਕੇ ਉਨ੍ਹਾਂ ਵਿਚ ਇਸ ਤਰਾਂ ਦਾ 'ਆਹਾਰਯ ਆਰੋਪ ਭੀ ਨਹੀਂ ਕਿਹਾ ਜਾ ਸਕਦਾ।

ਤੀਜੇ ਸ਼ੇਰ ਦੇ ਬਹਾਦਰੀ ਆਦਿ ਗੁਣਾਂ ਦੀ ਕਿਸੇ

Digitized by Panjab Digital Library | www.panjabdigilib.org

ਲੜਕੇ ਵਿਚ ਆਰੋਪ ਕਰਕੇ ਉਸ ਨੂੰ ਸ਼ੇਰ ਆਖ ਦਿੰਦੇ ਹਨ, ਇਸ ਤਰਾਂ ਦਾ 'ਗਉਣ ਆਰੋਪ' ਭੀ ਕਿਸੇ ਪਦ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੋ ਸਕਦਾ ਕਿਉਂਕਿ ਇਹਨਾਂ ਵਿਚ ਗੁਰੂ ਦੇ ਕੁਝ ਗੁਣਾਂ ਦੀ ਸਦ੍ਰਿਸ਼ਤਾ ਨਹੀਂ ਹੈ।

ਚੌਥੇ—ਕਿਸੇ ਸੰਬੰਧ ਕਰਕੇ ਕਿਸੇ ਵਸਤੂ ਦਾ ਦੂਜੀ ਵਿਚ *ਉਪਚਾਰ ਦੁਆਰਾ ਆਰੋਪ ਭੀ ਕੀਤਾ ਜਾਂਦਾ ਹੈ; ਜੈਸੇ ਵਿਆਕਰਣ ਦੀ ਪੁਸਤਕ ਨੂੰ 'ਵਿਆਕਰਣ' ਹੀ ਆਖਿਆ ਜਾਂਦਾ ਹੈ। ਉਸ ਤਰਾਂ ਕਿਸੇ ਸੰਬੰਧ ਵਿਸ਼ੇਸ਼ ਕਰਕੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਗੁਰੂ' ਸ਼ਬਦ ਦਾ ਆਰੋਪ ਨਹੀਂ ਹੋ ਸਕਦਾ; ਪੰਜਵੇਂ ਜਿਵੇਂ ਸ਼ੇਰ ਦੇ ਚਿਤ੍ਰ ਨੂੰ ਹੀ 'ਸ਼ੇਰ' ਆਖ ਦੇਈਦਾ ਹੈ ਉਸ ਤਰਾਂ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਗੁਰੂ' ਪਦ ਦਾ ਆਰੋਪ ਨਹੀਂ ਕਿਉਂਕਿ ਇਹ ਕਿਸੇ ਗੁਰੂ ਸਾਹਿਬ ਦੀ ਪ੍ਰਤਿਕ੍ਰਤੀ (ਸ਼ਕਲ) ਯਾ ਅਨੁਕਰਣ (ਨਕਲ) ਨਹੀਂ।

ਜੇ ਕਹੋ ਕਿ 'ਗੁਰੂ' ਪਦ ਇਨ੍ਹਾਂ ਲਈ ਰੂਢ ਹੀ ਹੋ ਗਿਆ ਹੈ, ਤਾਂ ਭੀ ਇਸ਼ਟਾ ਪੱਤੀ ਹੈ ਕਿਉਂਕਿ ਉਪਦੇਸ਼ਟਾ ਯਾ ਵਕਤਾ ਦੀ ਇੱਛਾ ਯਾ ਸੰਕੇਤ ਦੁਆਰਾ ਹੀ ਨਾਉਂ ਰੂਢ ਹੋਇਆ ਕਰਦੇ ਹਨ, ਸੋ ਗੁਰੂ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਵੇਲੇ 'ਗੁਰੂ' ਨਾਉਂ ਕਰਕੇ ਪ੍ਰਸਿੱਧ ਕੀਤਾ, ਇਸ ਲਈ ਸ੍ਰੀ ਗੁਰੂ ਦੁਆਰਾ ਸੰਕੇਤਿਤ ਹੋ ਜਾਣ ਤੇ 'ਗੁਰੂ' ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਕੇਵਲ ਰੂਢ ਹੀ ਨਹੀਂ ਕਿੰਤੂ ਸਾਰਥਿਕ (ਅਰਥ ਵਾਲਾ) ਭੀ ਹੈ, ਤਾਂਤੇ ਸ੍ਰੀ ਗੁਰੂ ਗ੍ਰੰਥ

*ਅਤਦਭਾਵ ਵਿਚ ਤਦ ਭਾਵ ਦੀ ਕਲਪਣਾ ਦਾ ਨਾਉਂ ਉਪਚਾਰ ਹੈ

Digitized by Panjab Digital Library | www.panjabdigilib.org

ਸਾਹਿਬ ਜੀ ਵਾਸਤਵ ਵਿਚ ਹੀ ਗੁਰੂ ਹਨ ਅਤੇ ਕਿਸੇ ਤਰਾਂ ਭੀ 'ਗੁਰੂ' ਪਦ ਦੇ ਆਰੋਪ ਦਾ ਵਿਸ਼ਯ ਨਹੀਂ ਹਨ।

[ਨੋਟ–ਪਾਠਕ ਜੀ, ਇਸ ੧੦੮ਵੇਂ ਸਫੇ ਤੋਂ ਅਗੇ ੧੪੫ ਗ਼ਲਤੀ ਨਾਲ ਛਪਿਆ ਹੈ, ਏਥੋਂ ੧੦੯ ਸਫ਼ਾ ਪੜ੍ਹਨਾ ਸ਼ੁਰੂ ਕਰਨਾਂ।]

ਪੰਡਿਤ ਕਰਤਾਰ ਸਿੰਘ

KHALSA ...
ਖਾਲਸਾ ...
DHAMI ...

Digitized by Panjab Digital Library | www.panjabdigilib.org

ਸ਼ੰਕਾ–ਗੁਰੂ ਨਾਨਕ ਦੇਵ ਨੇ ਸਿਖ ਪੰਥ ਨਵਾਂ ਨਹੀਂ ਚਲਾਇਆ, ਕਿੰਤੂ ਜੋ ਧਰਮ ਪਹਿਲੇ ਜੁਗਾਂ ਵਿਚ ਪੁਰਾਤਨ ਸੰਤਾਂ ਨੇ ਪ੍ਰਚਾਰਿਆ ਸੀ ਓਸੇ ਨੂੰ ਗੁਰਦੇਵ ਨੇ ਪ੍ਰਚਾਰਿਆ ਅਤੇ 'ਗੁਪਤ ਨਾਮ ਪਰਗਾਝਾ' ਆਦਿ ਵਾਕ ਇਸ ਵਿਚ ਪ੍ਰਮਾਣ ਹਨ। ਜੇ ਨਵਾਂ ਧਰਮ ਮੰਨਿਆ ਜਾਵੇ ਤਾਂ ਹੁਣ ਇਸਤੋਂ ਭੀ ਨਵਾਂ ਕੋਈ ਹੋਰ ਪ੍ਰਚਲਤ ਹੋ ਜਾਣਾ ਭੀ ਮੰਨਣਾ ਪਵੇਗਾ। ਇਸ ਲਈ ਗੁਰੂ ਨਾਨਕ ਦੇਵ ਜੀ ਸਿਖ ਮਤਿ ਦੇ ਬਾਨੀ ਯਾ ਗੁਰੂ ਨਹੀਂ ਹਨ ਕਿੰਤੂ ਪ੍ਰਚਾਰਕ ਹਨ।

ਉੱਤਰ–ਭਾਵੇਂ ਅਨਾਦੀ ਕਾਲ ਤੋਂ ਕਿਸੇ ਨਾ ਕਿਸੇ ਸ਼ਕਲ ਵਿਚ ਅਕਾਲ ਪੁਰਖ ਵਲੋਂ ਗੁਰਮਤਿ ਦਾ ਗਿਆਨ ਸਾਧਕਾਂ ਦੇ ਹਿਰਦੇ ਵਿਚ ਪ੍ਰਕਾਸ਼ ਹੁੰਦਾ ਰਿਹਾ ਹੈ, ਮਗਰ ਉਹ ਸਭ ਦੇ ਸਮਝਣ ਅਤੇ ਕਮਾਉਣ ਯੋਗ ਪ੍ਰਗਟ ਨਹੀਂ ਹੋਇਆ ਸੀ, ਇਸ ਕਰਕੇ ਉਹ ਪ੍ਰਕਾਸ਼ ਕਰਦਾ ਹੋਇਆ ਭੀ ਸਭ ਸਾਧਾਰਣ ਪੁਰਖਾਂ ਤੋਂ ਗੁਪਤ ਹੀ ਸੀ, ਜਿਸ ਕਰਕੇ ਗੁਰੂ ਨਾਨਕ ਦੇਵ ਦੇ ਸ੍ਰੂਪ ਨੇ ਹੀ ਉਸ ਨੂੰ ਪੂਰੀ ਤਰਾਂ ਵੈਖਰੀ ਬਾਣੀ ਅਤੇ ਆਪਣੇ ਚਰਿਤ੍ਰਾਂ ਦੁਵਾਰਾ ਪ੍ਰਗਟ ਕੀਤਾ। ਜਿਸ ਤਰਾਂ ਧਰਤੀ ਦਾ ਗੋਲ ਹੋਣਾ ਤਾਂ ਬੇਹੱਦ ਸਮੇਂ ਤੋਂ ਸੀ, ਮਗਰ ਉਸਦਾ ਪ੍ਰਗਟ ਕਰਤਾ ਹੋਣ ਕਰਕੇ ਏਸ ਸਿਧਾਂਤ ਦਾ ਚਲਾਉਣ ਵਾਲਾ ਨਿਊਟਨ ਹੀ ਕਿਹਾ ਜਾਂਦਾ ਹੈ। ਏਸੇ ਤਰਾਂ ਜੋ ਗਿਆਨ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਰਬ ਸਾਧਾਰਣ ਲਈ ਪ੍ਰਗਟ ਨਹੀਂ ਸੀ ਹੋਇਆ, ਉਹ ਗੁਪਤ ਅਰਥਾਤ ਨ ਹੋਏ ਦੇ ਤੁਲ ਹੀ ਸੀ। ਉਸ ਨੂੰ ਪ੍ਰਗਟ ਕਰਨ ਵਾਲੇ ਗੁਰੂ ਨਾਨਕ ਦੇਵ ਉਸਦੇ ਚਲਾਉਣ ਵਾਲੇ

Digitized by Panjab Digital Library | www.panjabdigilib.org

ਹੀ ਆਖੇ ਜਾਣਗੇ। ਨਹੀਂ ਤਾਂ ਦਸੋ ਗੁਰਮਤਿ ਦਾ ਕੇਹੜਾ ਸਿਧਾਂਤ ਕਦੋਂ ਅਤੇ ਕਿਸ ਨੇ ਪ੍ਰਗਟ ਕੀਤਾ ਸੀ? ਜੇ ਪ੍ਰਗਟ ਹੁੰਦਾ ਤਾਂ 'ਗੁਪਤ ਨਾਮ ਪਰਗਾਝਾ' ਦੇ ਕੋਈ ਅਰਥ ਹੀ ਨਾ ਹੁੰਦੇ ਅਤੇ ਗੁਰੂ ਨਾਨਕ ਦੇਵ ਨੂੰ ਦੋਬਾਰਾ ਪ੍ਰਗਟ ਕਰਨ ਦੀ ਕੀ ਲੋੜ ਸੀ? ਨਾਲੇ ਆਪ ਦੇ ਮੰਨੇ ਹੋਏ ਪੁਰਾਤਨ ਸੰਤਾਂ ਅਤੇ ਨਾਰਦ ਜੇਹੇ ਗੁਰੂਆਂ ਨੂੰ ਤਾਂ ਗੁਰਬਾਣੀ ਵਿਚ 'ਹਿੰਦੂ ਮੂਲੋ ਭੂਲੇ ਅਖੁਟੀ ਜਾਹੀ। ਨਾਰਦਿ ਕਹਿਆ ਸਿ ਪੂਜ ਕਰਾਹੀ' ਆਦਿ ਵਾਕਾਂ ਦੁਆਰਾ ਗੁਰਮਤਿ ਤੋਂ ਬਿਲਕੁਲ ਅਗਿਆਤ ਦਸਿਆ ਗਿਆ ਹੈ। ਫੇਰ ਪੁਰਾਤਨ ਸਮੇਂ ਵਿਚ ਗੁਰਮਤਿ ਨੂੰ ਗੁਪਤ ਢੰਗ ਨਾਲ ਭਗਤਾਂ ਦੇ ਹਿਰਦੇ ਵਿਚ ਪ੍ਰਕਾਸ਼ ਕਰਨ ਵਾਲਾ ਬਿਨਾਂ ਅਕਾਲ ਪੁਰਖ ਦੇ ਹੋਰ ਕੌਣ ਹੋ ਸਕਦਾ ਸੀ? ਇਸ ਲਈ ਪੂਰਨ ਰੀਤੀ ਨਾਲ ਗੁਰਮਤਿ ਦਾ ਪ੍ਰਕਾਸ਼ ਕਰਨ ਲਈ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਅਤੇ ਹੁਣ ਕਿਸੇ ਨਵੇਂ ਧਰਮ ਯਾ ਨਵੇਂ ਆਚਾਰਯ ਦੇ ਪ੍ਰਗਟ ਹੋਣ ਦਾ ਕੋਈ ਕੰਮ ਨਹੀਂ ਰਹਿ ਗਿਆ। ਸੋ ਗੁਰਮਤਿ ਦੀ ਕਾਢ ਗੁਰੂ ਨਾਨਕ ਦੇਵ ਵਲੋਂ ਹੀ ਕਢੀ ਗਈ ਮੰਨੀ ਜਾਵੇਗੀ ਅਤੇ ਉਨ੍ਹਾਂ ਨੂੰ ਨਿਸਚੇ ਕਰਕੇ ਗੁਰਮਤ ਦਾ ਬਾਨੀ ਯਾ ਗੁਰੂ ਹੀ ਆਖਿਆ ਜਾਵੇਗਾ।

ਸ਼ੰਕਾ—ਧਰਮ ਤਾਂ ਰੱਬੀ ਗਿਆਨ ਅਤੇ ਅਨਾਦਿ-ਅਨੰਤ ਹੋਣ ਕਰਕੇ ਇਕ ਰਸ ਹੈ, ਉਸ ਵਿਚ ਅਦਲਾ ਬਦਲੀ ਨਹੀਂ ਹੋ ਸਕਦੀ, ਮਗਰ ਕਰਮ ਉਪਾਸਨਾ ਆਦਿ ਦੇ ਤ੍ਰੀਕੇ ਨੂੰ ਸਮੇਂ ਅਨੁਸਾਰ ਬਦਲਨ ਲਈ ਸੰਤਾਂ ਦੇ ਪ੍ਰਗਟ ਹੋਣ ਦੀ ਲੋੜ ਹੈ।

ਉੱਤਰ—ਵਾਹ ਜੀ ਵਾਹ! ਤੁਸੀਂ ਠੀਕ ਸਮਝਿਆ

Digitized by Panjab Digital Library | www.panjabdigilib.org

ਹੈ। ਜਰਾ ਬੋਂਹੁ ਨਾਲ ਤਾਂ ਗੱਲ ਕਰਿਆ ਕਰੋ। ਜਦੋਂ ਕਰਮ ਉਪਾਸਨਾ ਆਦਿ ਦੇ ਤ੍ਰੀਕੇ ਹੀ ਬਦਲ ਗਏ ਤਾਂ ਕਰਮ ਉਪਾਸਨਾ ਆਦਿ ਸਭ ਬਦਲ ਗਏ। ਕਰਮ ਉਪਾ-ਸਨਾ ਆਦਿ ਦੇ ਬਦਲ ਜਾਣ ਨਾਲ ਧਰਮ ਭੀ ਬਦਲ ਗਿਆ, ਕਿਉਂਕਿ ਕਰਮ ਉਪਾਸਨਾ ਆਦਿ ਤੋਂ ਬਿਨਾਂ ਕੇਹੜਾ ਰੱਬੀ ਧਰਮ ਅਨਾਦਿ-ਅਨੰਤ ਹੈ, ਜੋ 'ਇਕ ਰਸ' ਮੰਨਿਆ ਜਾਵੇਗਾ? ਭਾਵ ਇਹ ਹੈ ਕਿ ਸ਼੍ਰੁਤੀ ਸਿੰਮ੍ਰਤੀ ਦੁਆਰਾ ਕਥਿਤ ਉਪਦੇਸ਼ ਹੀ ਧਰਮ ਹੈ ਅਤੇ *ਸਿੰਮ੍ਰਤੀ ਨੂੰ ਪਹਿਲਾਂ ਜਾਣ ਲੈਣ ਤੇ ਹੀ ਸ਼੍ਰੁਤੀ ਦਾ ਗਿਆਨ ਹੁੰਦਾ ਹੈ ਅਰਥਾਤ ਜੋ ਸ਼੍ਰੁਤੀ ਦਾ ਅਰਥ ਸਿੰਮ੍ਰਤੀ ਕਰੇ, ਓਹੋ ਪ੍ਰਮਾਣੀਕ ਹੈ। ਸਿੰਮ੍ਰਤੀ ਧਰਮ (ਕਰਮ-ਉਪਾਸਨਾ ਆਦਿ ਦੀ ਵਿਧੀ) ਦੇ ਬਦਲ ਜਾਣ ਤੋਂ ਸ਼੍ਰੁਤੀ ਧਰਮ ਭੀ ਝਟ ਪਟ ਹੀ ਬਦਲ ਜਾਂਦਾ ਹੈ,ਇਸ ਲਈ ਸਮੇਂ ੨ ਸਿਰ ਬਦਲਨ ਵਾਲਾ ਸ਼੍ਰੁਤੀ ਗਿਆਨ ਇਕ ਰਸ ਨ ਹੋਣ ਕਰਕੇ ਰੱਬੀ ਗਿਆਨ ਨਹੀਂ ਹੋ ਸਕਦਾ, ਫੇਰ ਉਸਦੇ ਬਦਲੋਣ ਵਾਲੇ ਨੂੰ 'ਸੰਤ' ਕਹਿਣਾ ਕਿੰਨੀ ਬੇਸਮਝੀ ਹੈ। ਉਹ ਸੰਤ ਕਾਹਦੇ ਸਗੋਂ ਧੂਰਤ ਹੋਏ ਜੋ ਸ਼੍ਰੁਤੀ, ਸਿੰਮ੍ਰਤੀ ਦੇ ਧਰਮ ਨੂੰ ਸਮੇਂ ਦੇ ਰੰਗ ਅਨੁਸਾਰ ਆਪਣੀ ਕਮਜ਼ੋਰੀ ਯਾ ਖੁਦਗਰਜ਼ੀ ਲਈ ਵਿਗਾੜ ਦੇਣ। ਅਸਲ ਵਿਚ ਇਹ ਸਭ ਗੱਲਾਂ ਧਰਮ ਤੋਂ ਭ੍ਰਸ਼ਟ ਹੋਏ ਹੋਏ ਹੀ ਕਰਦੇ ਹਨ, ਜੋ ਆਪਣੇ ਧਰਮ ਛਡ ਦੇਣ ਨੂੰ ਸਮੇਂ ਅਨੁਸਾਰ ਕਹਿਕੇ ਸਚੇ ਹੋਣਾ ਚਾਹੁੰਦੇ ਹਨ ਅਥਵਾ

---

*ਪੂਰਬੰ ਸਿੰਮ੍ਰਤੀਂ ਗਿਆਤ੍ਵਾ ਸ਼੍ਰੁਤਿਰ ਵਿਗਯਾਯਤੇ ਤਤ:।
ਇਤੀ ਕੁਮਾਰਿਲ ਭੱਟ ਕ੍ਰਿਤ ਤੰਤ੍ਰ ਵਾਰਤਿਕ:।

Digitized by Panjab Digital Library | www.panjabdigilib.org

ਇਹ ਨਿਸਚਾ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਨੂੰ ਨਾ ਤਾਂ ਧਰਮ ਪ੍ਰਾਪਤ ਹੀ ਹੋਇਆ ਹੈ, ਨਾ ਹੀ ਉਨ੍ਹਾਂ ਨੂੰ ਇਸਦੀ ਸਾਰ ਹੈ ਅਤੇ ਨਾ ਹੀ ਉਹ ਧਰਮ ਦੀ ਕੋਈ ਲੋੜ ਰਖਦੇ ਹਨ। ਜੋ ਪੂਰਨ ਸੰਤ ਗੁਰੂ ਹਨ ਉਹ ਤਾਂ 'ਏਕੋ ਧਰਮ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਹੋਈ ॥'' ਦੁਆਰਾ ਧਰਮ ਨੂੰ ਸਦਾ ਇਕ ਰਸ ਅਤੇ ਅਟੱਲ ਦਸਦੇ ਹਨ, ਇਸ ਲਈ ਗੁਰਮਤਿ ਵਿਚ ਘੜੀ ਘੜੀ ਬਦਲ ਜਾਣ ਵਾਲੇ ਧਰਮ ਦਾ ਅਤੇ ਉਸ ਨੂੰ ਵਿਗਾੜਨ ਵਾਲੇ ਨਕਲੀ ਸੰਤਾਂ ਦਾ ਅੰਗੀਕਾਰ ਨਹੀਂ।

ਸ਼ੰਕਾ—ਅਸਾਡਾ ਭਾਵ ਇਹ ਹੈ ਕਿ ਤੁਸੀਂ ਤਾਂ *ਸਿੱਖੀ ਦਾਇਰੇ ਵਿਚ ਹੀ ਅਨੰਦ ਮੰਨਦੇ ਹੋ। ਕਦੇ ਕਿਸੇ 'ਗੁਰੂ' ਦੀ ਖੋਜ ਭੀ ਕਰ ਲਿਆ ਕਰੋ।

ਉਤਰ—ਵਾਹ ਭਾਈ ਜੀ! ਤੁਸੀਂ ਸੁਤੇ ਪਏ ਗੱਲਾਂ ਕਰਦੇ ਹੋ ਕਿ ਜਾਗਦੇ? ਭਲਾ ਜਿਸ ਨੂੰ ਸਿੱਖੀ ਦਾਇਰੇ ਵਿਚ ਆਨੰਦ ਲੱਭ ਪਵੇ ਉਸ ਨੇ ਹੋਰ ਪੱਥਰ ਲੈਣੇ ਹਨ? ਭਾਈ ਜੀ! 'ਰਾਜ ਨ ਚਾਹਉ ਮੁਕਤਿ ਨਾ ਚਾਹਉ ਪ੍ਰੀਤਿ ਸੰਗਿ ਚਰਨ ਕਮਲਾਰੇ' ਅਤੇ 'ਹਮ ਕਾਹੂ ਕੀ ਕਾਣ ਨ ਕਢਤੇ ਅਪਨੇ ਗੁਰ ਪਰਸਾਦੇ' ਅਨੁਸਾਰ ਸਿਖ ਦਾ ਨਿਸਚਾ ਤਾਂ ਆਪਣੇ ਗੁਰੂ ਪਰ ਰੱਬ ਨਾਲੋਂ ਭੀ ਵਧਕੇ ਹੁੰਦਾ ਹੈ। ਫੇਰ ਉਸ ਨੂੰ ਕਿਸੇ ਪਾਖੰਡੀ ਦੀ ਖੋਜ ਕਰਨ ਦੀ ਕੀ ਲੋੜ ਪਈ ਹੈ?

---

*ਇਹ ਇਕ ਗੁਰੂ ਡੰਮੀਏ ਸਾਧੜੇ ਦੇ ਕਹੇ ਹੋਏ ਸਾਵੇਂ ਹੀ ਸਬਦ ਹਨ ਹੋਰ ਭੀ ਕਈ ਥਾਈਂ ਅਜੇਹੇ ਵਾਕ ਲਖੇ ਗਏ ਅਤੇ ਲਿਖੇ ਜਾਣਗੇ।

Digitized by Panjab Digital Library | www.panjabdigilib.org

ਨਾਲੇ ਤੁਹਾਨੂੰ ਇਹ ਥੌਹ ਨਹੀਂ ਕਿ ਜਿਹੜਾ ਸਿੱਖ ਹੋਵੇ, ਨਾਲੇ ਸਿੱਖੀ ਦਾਇਰੇ ਵਿਚ ਆਨੰਦ ਭੀ ਮਾਣਦਾ ਹੋਵੇ, ਕੀ ਉਸ ਨੇ ਅਜੇ ਗੁਰੂ ਖੋਜਿਆ ਹੀ ਨਹੀਂ ? ਕੀ ਉਹ ਗੁਰੂ ਪ੍ਰਾਪਤੀ ਤੋਂ ਬਿਨਾਂ ਐਵੇਂ ਹੀ ਸਿੱਖ ਹੈ।

ਸ਼ੰਕਾ–ਅਸਾਡਾ ਆਸ਼ਾ ਇਹ ਹੈ ਕਿ ਜੋ ਰੱਬ ਵਿਚ ਅਭੇਦ ਹੋਇਆ ਹੋਵੇ, ਉਹੋ ਸੰਤ ਸਬਦ ਗਿਆਨ ਦਾ ਅਨੁਭਵ ਕਰਾ ਸਕਦਾ ਹੈ, ਦੂਜਾ ਨਹੀਂ, ਇਸ ਲਈ ਅਕਾਲ ਪੁਰਖ ਨਾਲ ਮਿਲੇ ਹੋਏ ਸੰਤ ਦੀ ਖੋਜ ਕਰਨੀ ਚਾਹੀਦੀ ਹੈ।

ਉਤਰ–ਤੁਸੀਂ ਆਖਦੇ ਹੋ ਕਿ ਰੱਬ ਨਾਲ ਮਿਲੇ ਹੋਏ ਦੀ ਖੋਜ ਕਰੋ, ਮਗਰ ਅਸੀਂ ਆਖਦੇ ਹਾਂ ਕਿ ਅਕਾਲ ਪੁਰਖ ਦੀ ਜੋਤਿ ਅਥਵਾ ਸਬਦ ਦੀ ਖੋਜ ਕਰੋ, ਕਿਉਂਕਿ ਅਕਾਲ ਪੁਰਖ ਨਾਲ ਮਿਲੇ ਹੋਏ ਨਾਲੋਂ ਉਸਦੀ ਸਬਦ ਰੂਪੀ ਜੋਤਿ ਉਸਦਾ ਆਪਾ ਹੋਣ ਕਰਕੇ ਵਾਹਿਗੁਰੂ ਨੂੰ ਨੇੜੇ ਹੈ। ਜੇ ਕਹੋ ਉਹ ਸਬਦ ਜਾਣਿਆਂ ਕਿਵੇਂ ਜਾਵੇ ? ਤਾਂ ਇਹ ਪ੍ਰਸ਼ਨ ਐਸਾ ਹੈ ਕਿ ਜਿਵੇਂ ਸੂਰਜ ਦੇ ਹੁੰਦਿਆਂ ਉੱਲੂ ਪੁਛੀ ਜਾਵੇ ਕਿ ਮੈਨੂੰ ਸੂਰਜ ਦਿਖਾਉ ਕਿਥੇ ਹੈ ? ਜਦੋਂ ਉਸ ਨੂੰ ਦਿਖਾਈਏ ਤਾਂ ਵਾਰ ੨ ਏਹੋ ਆਖੇ ਕਿ ਸੂਰਜ ਜਾਣਿਆਂ ਕਿਵੇਂ ਜਾਵੇ ? ਅਰਥਾਤ 'ਆਪ ਨਰਾਇਣ ਕਲਾਧਾਰਿ ਜਗ ਮੈ ਪਰਵਰਿਉ ॥ ਨਿਰੰਕਾਰਿ ਅਕਾਰ ਜੋਤਿ ਜਗ ਮੰਡਲ ਕਰਯਉ ॥ ਜਹ ਕਹ ਤਹ ਭਰਪੂਰਿ ਸਬਦ ਦੀਪਕ ਦੀਪਾਯਉ॥ ਜਹ ਸਿਖਹ ਸੰਗ੍ਰਹਯੋ ਤਤ ਹਰਿਚਰਨ ਮਿਲਾਯਉ ॥" ਤਥਾ 'ਜੋਤਿ ਰੂਪ ਹਰਿ ਆਪਿ ਗੁਰ ਨਾਨਕੁ ਕਹਾਯਉ ॥ ਤਾਂਤੇ ਅੰਗਦੁ ਭਯੋ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ

Digitized by Panjab Digital Library | www.panjabdigilib.org

ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅੰਮ੍ਰਿਤ ਛਤ੍ਰ ਗੁਰ ਰਾਮਹਿ ਦੀਅਉ । ਗੁਰੁ ਰਾਮਦਾਸ ਦਰਸਨ ਪਰਸਿ ਕਹਿ ਮਥਰਾ ਅੰਮ੍ਰਿਤ ਬਯਨ ॥ ਮੂਰਤਿ ਪੰਚ ਪ੍ਰਮਾਣ ਪੁਰਖ ਗੁਰੁ ਅਰਜਨੁ ਪਿਖਹੁ ਨਯਨ ।' ਇਤਿ ਆਦੀ ਵਾਕਾਂ ਦੇ ਹੁੰਦਿਆਂ ਜੋ ਆਦਮੀ ਇਹ ਪੁਛੀ ਜਾਵੇ ਕਿ ਅਕਾਲ ਪੁਰਖ ਦਾ ਗਿਆਨ ਯਾ ਸਬਦ ਕਿਵੇਂ ਜਾਣਿਆ ਜਾਵੇ ? ਉਸ ਨੂੰ ਉੱਲੂ ਨ ਆਖੀਏ ਤਾਂ ਹੋਰ ਕੀ ਆਖੀਏ ? ਇਸ ਲਈ ਜਦੋਂ ਅਕਾਲ ਪੁਰਖ ਦਾ ਗਿਆਨ ਗੁਰੂ ਨਾਨਕ ਦੇਵ ਜੀ ਦੇ ਰਾਹੀਂ ਪ੍ਰਗਟ ਹੋਕੇ ਸਭ ਦੀ ਕਲਿਆਣ ਕਰਿ ਰਿਹਾ ਹੈ ਤਾਂ ਉਹਦੇ ਹੁੰਦਿਆਂ ਕਿਸੇ ਸਾੜ ਸਤੀ ਦੇ ਮਾਰੇ ਹੋਏ, ਪੈਸੇ ਯਾ ਮਾਨ ਦੇ ਭੁਖੇ 'ਸੰਤ' ਨੂੰ ਖੋਜਣ ਦੀ ਕੀ ਲੋੜ ਹੈ ? ਯਾ ਦਸੋ ਤਾਂ ਅਕਾਲ ਪੁਰਖ ਨਾਲ ਮਿਲੇ ਹੋਏ ਦੀ ਸਰਬ ਸਾਧਾਰਣ ਦੇ ਮੰਨਣ ਯੋਗ ਕੀ ਨਿਸ਼ਾਨੀ ਹੈ ? ਤੁਸੀਂ ਕੇਵਲ ਏਹੋ ਆਖੋਗੇ ਕਿ ਜੋ ਭੀ ਹਰਿ ਕਥਾ ਯਾ ਉਪਦੇਸ਼ ਸੁਣਾ ਦੇਵੇ । ਇਸ ਪਰ ਅਸੀਂ ਕਹਿੰਦੇ ਹਾਂ ਕਿ ਇਉਂ ਤਾਂ ਸਾਰੇ ਹੀ ਗਿਆਨ ਸੁਣਾ ਦਿੰਦੇ ਹਨ । ਅਕਾਲ ਪੁਰਖ ਨਾਲ ਅਭੇਦ ਹੋਏ ਦੇ ਨਾਲ ਅਭੇਦ ਦੀ ਕੇਹੜੀ ਦੁੰਮ ਲਗੀ ਹੁੰਦੀ ਹੈ ? ਅਰਥਾਤ ਤੁਸੀਂ ਅਸਾਡੇ ਦੁਆਰਾ ਕੀਤੇ ਗਏ ਪਰਥੋਕਤ ਲੱਛਣ ਤੋਂ ਬਿਨਾਂ ਉਸਦਾ ਕੋਈ ਚਿੰਨ੍ਹ ਨਹੀਂ ਦਸ ਸਕਦੇ, ਇਸ ਲਈ ਅਕਾਲ ਪੁਰਖ ਦੇ ਜੋਤਿ ਪ੍ਰਕਾਸ਼ ਰੂਪ 'ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰੂ ਮੰਨੇ ਬਿਨਾਂ ਕਿਸੇ ਦਾ ਛੁਟਕਾਰਾ ਨਹੀਂ ਹੋ ਸਕਦਾ ।

Digitized by Panjab Digital Library / www.panjabdigilib.org

# ਵੇਲੇ ਦੇ ਗੁਰੂ ਦੀ ਹਰ ਸਮੇਂ ਲੋੜ

ਸ਼ੰਕਾ–ਦੁਨੀਆਂ ਦੇ ਆਰੰਭ ਕਾਲ ਤੋਂ ਹੀ ਗੁਰੂ ਵਿਅਕਤੀ ਦਾ ਪ੍ਰਕਾਸ਼ 'ਹੋਇਆ ਪ੍ਰਤੀਤ ਹੁੰਦਾ ਹੈ ਅਤੇ ਗੁਰਬਾਣੀ ਵਿਚ ਭੀ "ਗੁਰਿ ਦੀਨੀ ਵਸਤੁ ਕਬੀਰ ਕਉ ਲੇਵਹੁ ਵਸਤੁ ਸਮਾਰੁ ॥ ਕਬੀਰ ਦੀਈ ਸੰਸਾਰ ਕਉ ਲੀਨੀ ਜਿਸ ਮਸਤਕਿ ਭਾਗ।" ਆ.ਦੇ ਵਾਕਾਂ ਦੁਆਰਾ ਜਾਣਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ ਭੀ ਅਨਾਦੀ ਸਮੇਂ ਤੋਂ ਲੈਕੇ ਗੁਰੂ ਵਿਅਕਤੀਆਂ ਹੁੰਦੀਆਂ ਆਈਆਂ ਅਤੇ ਏਵੇਂ ਹੀ ਹੁਣ ਭੀ ਦੇਹਧਾਰੀ ਗੁਰੂਆਂ ਦੀ ਲੋੜ ਹੈ।

ਉਤਰ–ਜੇ ਦੁਨੀਆਂ ਦੇ ਆਰੰਭ ਤੋਂ ਕਿਸੇ ਗੁਰੂ ਵਿਅਕਤੀ ਦਾ ਪ੍ਰਕਾਸ਼ ਹੋਇਆ ਹੁੰਦਾ ਤਾਂ ਉਸਦਾ ਨਾਤੁੰ ਭੀ ਸਾਰੇ ਪ੍ਰਸਿੱਧ ਹੋਇਆ ਹੁੰਦਾ। ਜੇ ਅਜੇ ਭੀ ਤੁਸੀ ਕਿਸੇ ਖਾਸ ਵਿਅਕਤੀ ਦਾ ਨਾਤੁੰ ਦਸ ਦੇਵੋ ਤਾਂ ਆਪਦਾ ਬੜਾ ਧੰਨਵਾਦ ਹੋਵੇਗਾ। ਹੋਰ ਭੀ ਹੈ ਕਿ ਜੇ ਕੋਈ ਗੁਰੂ ਹਸਤੀ ਮਨੁਖ ਦੇ ਰੂਪ ਵਿਚ ਪ੍ਰਗਟ ਹੋਈ ਹੁੰਦੀ ਤਾਂ ਗੁਰੂ ਨਾਨਕ ਦੇਵ ਨੂੰ ਭੀ ਪ੍ਰਗਟ ਹੋਣ ਦੀ ਲੋੜ ਨਾ ਪੈਂਦੀ। ਜੇਹੜਾ ਕਬੀਰ ਸਾਹਿਬ ਦਾ ਪ੍ਰਮਾਣ ਦਿਤਾ ਹੈ, ਉਸਦਾ ਇਹ ਭਾਵ ਹੈ ਕਿ ਕਬੀਰ ਸਾਹਿਬ ਜੀ ਨੂੰ ਸ ਤਗੁਰ ਨਾਨਕ ਦੇਵ ਜੀ ਤੋਂ ਜੋ ਵਸਤੁ ਪ੍ਰਾਪਤ ਹੋਈ ਉਹ ਸਾਰੇ ਸੰਸਾਰ ਨੂੰ ਸਤਿਗੁਰਾਂ ਨੇ ਬਖਸ਼ੀ, ਮਗਰ ਉਨ੍ਹਾਂ ਪਾਸੋਂ ਭਾਗਾਂ ਵਾਲਿਆਂ ਨੇ ਹੀ ਲਈ। ਏਸ ਸ਼ਬਦ ਵਿਚ 'ਕਬੀਰ' ਪਦ ਦਾ 'ਰ' ਮੁਕਤਾ ਹੋਣ ਕਰਕੇ ਵਕਤਾ ਸੂਚਕ ਹੈ 'ਕਰਤਾ ਕਾਰਕ' ਨਹੀਂ ਜੋ 'ਕਰਤਾ'

Digitized by Panjab Digital Library / www.panjabdigilib.org

ਹੁੰਦਾ ਤਾਂ 'ਰ' ਨੂੰ ਸਿਹਾਰੀ ਹੁੰਦੀ, ਇਸ ਲਈ "ਦੀਈ" ਕ੍ਰਿਆ ਦਾ ਕਰਤਾ ਭੀ ਉਪਰਲੀ ਤੁਕ ਵਿਚਲਾ 'ਗੁਰਿ' ਪਦ ਹੋਣ ਕਰਕੇ ਉਕਤ ਪ੍ਰਮਾਣ ਤੋਂ ਕਬੀਰ ਸਾਹਿਬ ਦਾ ਗੁਰੂ ਹੋਣਾ ਨਹੀਂ ਜਾਣਿਆ ਜਾਂਦਾ, ਬਲਕਿ ਸਤਿਗੁਰਾਂ ਦੀ ਦਾਤ ਦੀ ਮਹਿਮਾਂ ਦਾ ਕਬੀਰ ਸਾਹਿਬ ਦੁਆਰਾ ਡੰਕੇ ਦੀ ਚੋਟ ਨਾਲ ਦੁਨੀਆਂ ਵਿਚ ਪ੍ਰਚਾਰ ਅਤੇ ਗੁਰੂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਣਾ ਹੀ ਸਾਬਤ ਹੁੰਦਾ ਹੈ, ਇਸਦੀ ਪੁਸ਼ਟੀ ਦਾ ਹੋਰ ਭੀ ਕਾਰਣ ਹੈ ਕਿ ਜੇ ਕਬੀਰ ਸਾਹਿਬ ਗੁਰੂ ਹੁਦੇ ਤਾਂ ਉਹ ਆਪ ਐਤਨੇ ਜ਼ੋਰ ਨਾਲ ਆਪਦੇ ਹੀ ਮੂੰਹੋਂ ਆਪਣੀ ਮਹਿਮਾ ਨਾ ਕਰਦੇ। ਜੈਸੇ ਕਿ ਗੁਰੂ ਨਾਨਕ ਦੇਵ ਨੇ ਨਹੀਂ ਕੀਤੀ। ਐਸਾ ਆਚਾਰ ਮਹਾਂ ਪੁਰਖਾਂ ਦੇ ਯੋਗ ਨਹੀਂ। ਇਸ ਲਈ ਪੂਰਬੋਕਤ ਪ੍ਰਮਾਣ ਤੋਂ ਕਬੀਰ ਸਾਹਿਬ ਦਾ ਆਪ ਨੂੰ ਗੁਰੂ ਕਹਿਣਾ ਸਿੱਧ ਨਹੀਂ ਹੁਦਾ, ਸਗੋਂ ਅਗੋਚਰ ਵਸਤੂ ਦੀ ਪ੍ਰਾਪਤੀ ਕਰਾਉਣ ਵਾਲੇ ਸਤਿਗੁਰਾਂ ਦੀ ਮਹਿਮਾਂ ਪ੍ਰਗਟ ਕਰਨਾ ਹੀ ਜਾਣਿਆ ਜਾਂਦਾ ਹੈ। ਤਾਂਤੇ ਗੁਰੂ ਨਾਨਕ ਦੇਵ ਹੀ ਗੁਰੂ ਸਿੱਧ ਹੁੰਦੇ ਹਨ ਅਤੇ ਉਹ ਆਪਣਾ ਕੰਮ ਮੁਕੰਮਲ ਕਰਿ ਗਏ ਹਨ। ਹੁਣ ਕਿਸੇ ਹੋਰ ਗੁਰੂ ਦੀ ਲੋੜ ਨਹੀਂ।

ਸ਼ੰਕਾ—ਅਸੀਂ ਆਖਦੇ ਹਾਂ ਕਿ ਗੁਰਾਂ ਦਾ ਕੰਮ ਪੂਰਾ ਨਹੀਂ ਹੋਇਆ। ਇਸ ਲਈ ਹਰ ਸਮੇਂ ਗੁਰਾਂ ਦੀ ਲੋੜ ਰਹਿਣ ਕਰਕੇ ਅਗੇ ਨੂੰ ਭੀ ਗੁਰਾਂ ਦੀ ਲੋੜ ਬਣੀ ਹੀ ਰਹੇਗੀ।

ਉੱਤਰ—ਕਿਸੇ ਮਹਾਂ ਪੁਰਖ ਦਾ ਕੰਮ ਪੂਰਾ ਹੋਣਦੇ ੪ ਚਿੰਨ ਹੁੰਦੇ ਹਨ, (੧) ਉਸ ਦੀ ਬਾਣੀ, (੨) ਉਸਦੀ ਉੱਮਤ (ਸੰਪ੍ਰਦਾਇ), (੩) ਬਾਣੀ ਦਾ ਰਿਜ਼ੀ ਹੋਣਾਂ, (੪)

Digitized by Panjab Digital Library | www.panjabdigilib.org

ਰਹਿਤ ਮਰਯਾਦਾ ਦਾ ਹੋਣਾ। ਸੋ ਗੁਰਮਤਿ ਵਿਚ ਬਾਣੀ ਯਾ ਮੰਤ੍ਰ ਭੀ ਸ੍ਵੈਪ੍ਰਕਾਸ਼ ਹੋਣ ਕਰਕੇ ਸ੍ਵਤੰਤਰ ਅਤੇ ਸੁਤੇ ਪ੍ਰਮਾਣ ਹਨ। ਰਿਸ਼ੀ ਆਪ ਹੀ ਗੁਰੂ ਨਾਨਕ ਦੇਵ ਹਨ। (ਬਲਕਿ ਸਭ ਪਾਤਸ਼ਾਹੀਆਂ ਸ੍ਵਤੰਤਰ ਰਚਨਹਾਰ ਆਪ ਅਤੇ ਭਗਤ, ਭੱਟਾਂ ਆਦਿ ਬਾਣੀ ਦੇ ਦ੍ਰਿਸ਼੍ਰਾ ਦੀ ਹੈਸੀਅਤ ਵਿਚ ਰਚਨਹਾਰ ਸਿੱਧ ਹੁੰਦੇ ਹਨ) ਖਾਲਸਾ ਪੰਥ ਅਤੇ ਉਸਦੀ ਰਹਿਤ ਮਰਯਾਦਾ ਦਾ ਪ੍ਰਕਾਸ਼ ਚਿਰੋਕਣਾ ਹੋ ਚੁਕਿਆ ਹੈ ਤਾਂਤੇ ਕੋਈ ਅਜੇਹਾ ਕੰਮ ਬਾਕੀ ਨਹੀਂ ਜਿਸਦੇ ਕਰਨ ਦੀ ਗੁਰਮਤਿ ਵਿਚ ਲੋੜ ਹੋਵੇ। ਸੋ ਗੁਰਮਤਿ ਮੁਕੰਮਲ ਹੋਣ ਕਰਕੇ ਹੁਣ ਕਿਸੇ ਤਰਾਂ ਭੀ ਗੁਰੂ ਹਸਤੀ ਦੇ ਪ੍ਰਗਟ ਹੋਣ ਦੀ ਲੋੜ ਅਤੇ ਸੰਭਾਵਨਾ ਨਹੀਂ, ਜੇ ਅਜੇ ਭੀ 'ਲੋੜ ਰਹੀ' ਮੰਨੋ ਤਾਂ ਜਿਵੇਂ ਅਗੇ ਗੁਰਮਤਿ ਅਪੂਰਣ ਰਹਿ ਗਈ ਹੈ ਓਸੇ ਤਰਾਂ ਅਗਾਹਾਂ ਨੂੰ ਅਪੂਰਣ ਹੀ ਰਹਿਣ ਕਰਕੇ ਉਸਦਾ ਪ੍ਰਕਾਸ਼ ਮੁੜ ਘਿੜ ਹੋਣਾ ਨਿਸਫਲ ਹੀ ਮੰਨਣਾ ਪਵੇਗਾ।

ਸ਼ੰਕਾ—ਜਿਸ ਤਰਾਂ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਹੋਰ ਗੁਰੂ ਸਾਹਿਬਾਂ ਨੇ ਆਪਣੇ ੨ ਸਮੇਂ ਵਿਚ ਭਿੰਨ ੨ ਤ੍ਰੀਕੇ ਨਾਲ ਗੁਰਮਤਿ ਦਾ ਪ੍ਰਕਾਸ਼ ਕੀਤਾ। ਏਥੋਂ ਤਕ ਕਿ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਸਾਹਿਬਾਂ ਤੋਂ ਉਲਟ ਸਿਖ ਪੰਥ ਨੂੰ ਜੰਗ ਯੁੱਧ ਕਰਨ ਵਾਲੇ ਬਣਾ ਦਿਤਾ। ਇਸੇ ਤਰਾਂ ਸਮੇਂ ਦੇ ਰੰਗ ਅਨੁਸਾਰ ਹੀ ਗੁਰਮਤਿ ਨੂੰ ਪ੍ਰਕਾਸ਼ ਕਰਨ ਵਾਲਾ ਸਮੇਂ ਦਾ ਗੁਰੂ ਜ਼ਰੂਰ ਹੋਣਾ ਚਾਹੀਦਾ ਹੈ।

ਉੱਤਰ—ਦਸਾਂ ਗੁਰਾਂ ਦਾ ਮੰਤਵ ਜੀਅ ਦਾਨ ਦੇਣਾ

Digitized by Panjab Digital Library | www.panjabdigilib.org

ਸੀ । ਜੋ ਕਿ ਅਧਿਕਾਰੀ ਭੇਦ ਤੇ ਵਖੋ ਵਖ ਸਾਧਨਾਂ ਨਾਲ ਦਿਤਾ ਗਿਆ । 'ਸਾਧਨ ਦੇ ਭੇਦ ਨਾਲ ਵਿਅਕਤੀ ਦਾ ਭੇਦ ਨਹੀਂ ਹੋ ਜਾਂਦਾ ਇਸ ਨਿਆਇ ਅਨੁਸਾਰ ਸਭ ਸਾਹਿਬਾਂ ਦੀ ਜੋਤਿ ਇਕੋ ਹੋਣ ਕਰਕੇ ਸਭਨਾਂ ਦਾ ਇਹੋ ਮੰਤਵਜ ਸਿੱਧ ਹੁੰਦਾ ਹੈ । ਇਸ ਲਈ ਜਦੋਂ ਇਕੋ ਜੋਤਿ ਨੇ ਦਸ ਜਾਮਿਆਂ ਵਿਚ ਹਰ ਸਮੇਂ ਲਈ ਲਾਭਦਾਇਕ ਸਾਧਨਾਂ ਦੁਆਰਾ ਇਕ ਮੰਤਵਜ ਨੂੰ ਪੂਰਾ ਕਰਿ ਦਿਖਾਇਆ ਅਤੇ ਪੰਥ ਨੂੰ ਓਹੀ ਮੰਤਵਜ ਦ੍ਰਿੜਾਕੇ ਸਦਾ ਲਈ ਤਿਆਰ ਬਰਤਿਆਰ ਰਹਿਣਾ ਸਿਖਾ ਦਿਤਾ ਤਾਂ ਹੁਣ ਵਕਤ ਦੇ ਰਿਵਾਜੀ ਗੁਰੂਆਂ ਨੇ ਕੀ ਖੋਹਣਾ ਹੈ ? ਜੋ ਕਿ ਹਨੇਰੇ ਦੇ ਜੀਵਾਂ ਵਾਂਗ ਅੰਦਰੀਂ ਲੁਕ ਕੇ ਆਪਣਾ ਝੱਟ ਲੰਘਾਉਂਦੇ ਹਨ ਅਤੇ ਗੁਰਮਤਿ ਰੂਪੀ ਸੂਰਜ ਦੇ ਸੌਂਹੇ ਹੋਣ ਤੋਂ ਅਸਮਰਥ ਹੋਕੇ * ਘੁਗੂਆਂ ਵਾਂਗ ਉਜੜੇ ਖੋਲਿਆਂ ਦੇ ਜੰਤਾਂ ਨੂੰ ਘੁੱਟ ੨ ਖਾਂਦੇ ਹਨ ਅਤੇ ਅੰਧਿਆਰੀ ਰਾਤ ਵਿਚ 'ਤੀਸ ਮਾਰ ਖਾਂ' ਹੋਣ ਦੀ ਸ਼ੇਖੀ ਭੀ ਮਾਰਦੇ ਰਹਿੰਦੇ ਹਨ । ਇਸ ਲਈ ਹੁਣ ਅਜੇਹੇ ਸਮੇਂ ਦੇ ਗੁਰੂਆਂ ਦੀ ਕੋਈ ਲੋੜ ਨਹੀਂ । ਨਾਲੇ ਇਸ ਤਰਾਂ ਮੰਨਣ ਨਾਲ ਇਕ ੨ ਮਨੁਖ ਲਈ ਥਾਂ ਅਤੇ ਸਮੇਂ ਦੇ ਭੇਦ ਨਾਲ ਅਨੇਕ ਗੁਰੂਆਂ ਦੀ ਨੌਕਰੀ ਜਿਹੀ ਲਗ ਜਾਵੇਗੀ। ਘਟ ਤੋਂ ਘਟ ਅੱਧੇ ਗੁਰੂ ਅਤੇ ਅੱਧੇ ਚੇਲੇ ਮੰਨਣੇ ਪੈਣਗੇ ਅਤੇ ਉਨ੍ਹਾਂ ਦੇ ਫਰਕ ਦਾ ਕੋਈ ਖਾਸ ਚਿੰਨ੍ਹ ਨਾ ਹੋਣ

---

*ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨਾ ਧੀਰ ਧਰੋਆ।

Digitized by Panjab Digital Library | www.panjabdigilib.org

ਕਰਕੇ ਸਭ ਚਾਲਾਕ ਆਦਮੀ 'ਗੁਰੂ' ਹੀ ਬਣ ਬੈਠਣਗੇ। ਮਗਰ 'ਗੁਰੂ ਸਦਾਏ ਅਗਿਆਨੀ ਅੰਧਾ ਕਿਸ ਉਹ ਮਾਰਗਿ ਪਾਏ' ਅਨੁਸਾਰ ਉਸ ਦੀ ਅਗੇ ਅੰਧ ਪਰੰਪਰਾ (ਸੰਪ੍ਰਦਾਇ) ਹੀ ਚੱਲ ਪਵੇਗੀ।

ਸ਼ੰਕਾ—ਕਈ ਸੱਜਣ ਆਖਿਆ ਕਰਦੇ ਹਨ ਨਾਮ ਦੇ ਉਪਦੇਸ਼ ਕਰਨ ਵਾਲੇ ਨੂੰ 'ਸੰਤ' ਤਾਂ ਕਹਿ ਸਕਦੇ ਹਾਂ, ਮਗਰ 'ਗੁਰੂ' ਨਹੀਂ ਕਹਿ ਸਕਦੇ। ਭਲਾ ਜਦ 'ਸੰਤ' ਆਖਦੇ ਹੋ ਤਾਂ 'ਗੁਰੂ' ਆਖਣ ਵਿਚ ਕੀ ਹਰਜ ਹੈ ?

ਉੱਤਰ—ਇਹ ਤਾਂ 'ਖਸਮ ਫਿਰੇ ਨੱਕ ਵਢਾਉਣ ਨੂੰ ਰੰਨ ਫਿਰੇ ਨੱਥ ਕਰਾਉਣ ਨੂੰ' ਇਹ ਗੱਲ ਹੋਈ ਅਰਥਾਤ ਅਸੀਂ ਤਾਂ ਕਹਿੰਦੇ ਹਾਂ ਕਿ ਗੁਰੂ ਸਾਹਿਬਾਂ ਤੋਂ ਬਿਨਾਂ ਹੋਰ ਕਿਸੇ ਨੂੰ ਪੂਰਨ ਸੰਤ ਕਹਿਣਾ ਠੀਕ ਹੀ ਨਹੀਂ। ਤੁਸੀਂ ਆਖਦੇ ਹੋ ਕਿ 'ਸੰਤ' ਦੇ ਥਾਂ 'ਗੁਰੂ' ਆਖਿਆ ਕਰੋ ਜੋ ਸੱਜਣ ਕਿਸੇ ਸਿਖ ਨੂੰ ਸੰਤ ਕਹਿੰਦੇ ਹਨ ਉਹ ਰਿਵਾਜੀ ਆਖਦੇ ਹਨ ਸਿਖ ਲਈ 'ਸਿਖ' ਤੋਂ ਵਧਕੇ ਕੋਈ ਵਡੀ ਪਦਵੀ ਨਹੀਂ, ਗੁਰੂ ਘਰ ਵਿਚ ਮੁਢ ਤੋਂ ਹੀ ਬਾਬਾ ਬੁਢਾ ਜੀ ਆਦਿ ਨੂੰ 'ਸਿਖ' ਅਤੇ 'ਭਾਈ' ਹੀ ਆਖਿਆ ਜਾਂਦਾ ਰਿਹਾ ਹੈ। 'ਸੰਤ' ਨਾਮ ਸਿਖਾਂ ਲਈ ਥੋੜੇ ਚਿਰ ਤੋਂ ਗੁਰਿਆਈ ਦੇ ਭੁਖੇ ਅਤੇ ਜਗਿਆਸੂਆਂ ਦੀ ਆਤਮਾ ਨੂੰ ਠਗਣ ਵਾਲਿਆਂ ਨੇ ਰਸਤਾ ਚਲਾਇਆ ਹੈ। ਗੁਰਬਾਣੀ ਬਲਕਿ ਪੁਰਾਤਨ ਸਿਖ ਆਪਣੇ ਆਪ ਨੂੰ 'ਸੰਤ' ਯਾ 'ਗੁਰੂ ਕਹਾਉਣਾ ਕੁਫਰ ਸਮਝਿਆ ਕਰਦੇ ਸੀ। ਦੇਖੋ ਭਾਈ ਰਾਮ ਸਿੰਘ ਜੀ, ਜਿਨ੍ਹਾਂ ਨੂੰ ਨਾਮਧਾਰੀ ਭਾਈ 'ਗੁਰੂ' ਯਾ 'ਸਤਿਗੁਰੂ' ਕਹਿਣ

Digitized by Panjab Digital Library | www.panjabdigilib.org

ਤੇ ਜ਼ੋਰ ਦਿੰਦੇ ਹਨ। ਆਪ ਆਪ ਨੂੰ 'ਗੁਰੂ' ਕਹੇ ਜਾਣ ਤੇ ਸਖਤ ਉਲਟ ਸਨ। ਦੇਖੋ 'ਸਤਿਜੁਗ' ਦਾ ਮਈ ੧੯੩੪ ਮਹੀਨੇ ਦਾ ਪਰਚਾ। ਉਥੇ ਲਿਖਿਆ ਹੈ ਕਿ 'ਸਤਿਗੁਰੂ' ਰਾਮ ਸਿੰਘ ਜੀ ਨੇ ਕਿਸੇ ਸਿਖ ਨੂੰ ਆਖਿਆ ਕਿ ਜੇ ਤੂੰ ਅਗੇ ਨੂੰ ਮੈਨੂੰ 'ਸਤਿਗੁਰੂ' ਯਾ 'ਗੁਰੂ' ਆਖੇਂਗਾ ਤਾਂ ਮੈਂ ਤੈਨੂੰ ਸੰਗਤ ਤੋਂ ਬਾਹਰ ਕੱਢ ਦੇਊਂਗਾ, ਮਗਰ ਉਸ ਨੇ ਕਿਹਾ ਕਿ ਮਹਾਰਾਜ ਜੀ ਮੈਂ ਨਹੀਂ ਹਟਣਾ, ਮੈਨੂੰ ਭਾਵੇਂ ਮਾਰ ਦੇਵੋ। ਸੋ ਦੂਜੇ ਦਿਨ ਉਸਦੇ 'ਸਤਿ-ਗੁਰੂ' ਆਖਣ ਤੇ ਮਹਾਰਾਜ ਜੀ ਨੇ ਉਸ ਨੂੰ ਬੇਇਜ਼ਤ ਕਰਕੇ ਸੰਗਤ ਤੋਂ ਬਾਹਰ ਕੱਢ ਦਿਤਾ। ਇਸ ਤੋਂ ਜਾਣਿਆ ਜਾਂਦਾ ਹੈ ਕਿ ਪੁਰਾਤਨ ਬਜ਼ੁਰਗ ਸਿਖ ਤਾਂ ਆਪ ਨੂੰ ਗੁਰਾਂ ਦੇ ਸਿਖ ਮੰਨਦੇ ਸਨ, ਮਗਰ ਉਨ੍ਹਾਂ ਦੇ ਮੰਨਣ ਵਾਲੇ ਖਾਹ-ਮਖਾਹ ਉਨ੍ਹਾਂ ਨੂੰ 'ਗੁਰੂ' 'ਸਤਿਗੁਰੂ' ਅਥਵਾ 'ਸੰਤ' ਆਦਿ ਅਸਾਧਾਰਣ ਪਦਵੀਆਂ ਦੇਈ ਜਾਂਦੇ ਹਨ ਤਾਕਿ ਅਸਾਨੂੰ ਭੀ ਕਿਸੇ ਵੇਲੇ ਕੋਈ ਇਹ ਪਦਵੀ ਦੇ ਹੀ ਦੇਵੇ। ਗੁਰਬਾਣੀ ਵਿਚ ਭੀ ਜਿਥੇ ਸੰਤਾਂ ਤੋਂ ਉਪਦੇਸ਼ ਲੈਣ ਦਾ ਜ਼ਿਕਰ ਆਇਆ ਹੈ ਉਥੇ 'ਸੰਤ' ਪਦ ਦਾ ਅਰਥ ਉੱਤਮ ਪੁਰਖ ਆਦਿ ਹੋਣ ਕਰਕੇ ਸਿਖਾਂ ਦੀ ਹੀ ਸਿਫਤ ਹੈ, ਨਾਉਂ ਨਹੀਂ। ਅਤੇ ਜਿਥੇ 'ਸੰਤਾਂ' ਨੂੰ ਉਪਦੇਸ਼ ਦੇਣ ਲਈ ਬੇਨਤੀ ਕੀਤੀ ਗਈ ਹੈ ਉਥੇ ਇਹਦਾ ਅਰਥ ਗੁਰੂ ਹੈ ਕਿਉਂਕਿ ਉਥੇ ਭੀ ਇਹ ਪਦ ਗੁਰੂ ਪਦਵੀ ਬੋਧਕ ਨਹੀਂ ਕਿੰਤੂ ਸਿਫਤ ਦਾ ਬੋਧਕ ਹੈ, ਇਸ ਲਈ ਗੁਰੂ ਸਾਹਿਬ ਦੀ ਪਦਵੀ 'ਸੰਤ' ਨਹੀਂ ਕਿੰਤੂ 'ਗੁਰੂ' ਹੈ ਅਤੇ ਸਿਖ ਦੀ ਪਦਵੀ 'ਸੰਤ' ਨਹੀਂ ਕਿੰਤੂ ਸਿਖ ਹੈ ਅਤੇ 'ਸੰਤ' ਪਦ ਦੋਹਾਂ ਦੀ ਉੱਤਮ ਸਿਫਤ ਲਈ ਆਇਆ ਹੈ, ਸੰਗਿਆ ਲਈ ਨਹੀਂ ਅਤੇ ਇਹ ਪੂਰਨ ਸੰਤ ਹੋਣ ਦੀ

Digitized by Panjab Digital Library | www.panjabdigilib.org

ਸਿਫਤ ਗੁਰੂ ਸਾਹਿਬ ਵਿਚ ਹੀ ਘਟਣ ਕਰਕੇ ਉਹਨਾਂ ਤੋਂ ਬਿਨਾਂ ਕਿਸੇ ਸਿਖ ਯਾ ਦੂਜੇ ਤੀਜੇ ਨੂੰ ਅਸੀਂ ਜਦੋਂ ਸੰਤ ਹੀ ਨਹੀਂ ਕਹਿੰਦੇ ਤਾਂ 'ਗੁਰੂ' ਕਹਾਉਣ ਦੀ ਆਸਾ ਅਸੰਭਵ ਹੀ ਸਮਝੋ।

ਸ਼ੰਕਾ– ਜੋ ਕੋਈ ਸੱਜਨ ਗੁਰਾਂ ਨੂੰ ਮਿਲਾ ਦੇਵੇ ਅਥਵਾ ਪਰਮਾਤਮਾਂ ਨੂੰ ਮਿਲਾ ਦੇਵੇ ਉਸ ਨੂੰ ਗੁਰੂ ਕਿਉਂ ਨ ਮੰਨਿਆ ਜਾਵੇ ?

ਉਤਰ–ਜੋ ਗੁਰੂ ਨੂੰ ਮਿਲਾ ਦੇਵੇ ਉਹ 'ਗੁਰੂ' ਕਿਵੇਂ ਹੋਇਆ ? ਸਿਖ ਹੀ ਹੋਇਆ । ਫੇਰ ਗੁਰਾਂ ਨੂੰ ਮਿਲ ਜਾਣ ਤੇ ਉਹਦੀ ਕੀ ਲੋੜ ਰਹਿ ਗਈ ? ਕੀ ਉਹ ਕਹਿਣ ਮਾਤ੍ਰ ਹੀ 'ਗੁਰੂ' ਹੈ ? ਫੇਰ ਜਹੜਾ ਪਰਮਾਤਮਾ ਨੂੰ ਮਿਲਾ ਰਿਹਾ ਹੈ ? ਕਦੇ ਇਨ੍ਹਾਂ ਅੱਖਾਂ ਨਾਲ ਪਰਮਾਤਮਾ ਉਸ ਵਿਚ ਕਿਸੇ ਨੂੰ ਮਿਲਦਾ ਹੋਇਆ ਡਿੱਠਾ ਹੈ ? ਜੇ ਕਹੋ ਕਿ ਉਸਦੀ ਜੋਤੀ ਵਿਚ ਜੋਤਿ ਮਿਲਾ ਦਿੰਦਾ ਹੈ । ਤਾਂ ਜੇ ਆਮ ਜੋਤਿ ਕਰਕੇ ਨਹੀਂ ਮਿਲਿਆ ਉਸ ਦੇ ਵਾਸਤੇ 'ਛੱਪੜ ਵਿਚ ਮੂਤੇ ਦਾ ਕੌਣ ਉਗਾਹ' ਵਾਲੀ ਗਲ ਨਹੀਂ ? ਅਰਥਾਤ ਐਵੇਂ ਹੀ ਅੱਖਾਂ ਮੀਟਕੇ 'ਅੰਦਰ ਲਾਟਾਂ ਮਚਦੀਆਂ, ਅਨ-ਹਦ ਸਬਦ ਦੀ ਧੁਨੀ ਹੁੰਦੀ ਅਤੇ ਅੰਦਰੇ ਕਰੋੜਾਂ ਯੋਜਨਾਂ ਵਿਚ ਬਾਗ ਤੇ ਮਹਿਲ-ਮਾੜੀਆਂ' ਦਸਣ ਵਾਲੇ ਯਾ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਕਰਾਉਣ ਵਾਲੇ ਅਥਵਾ ਉਨ੍ਹਾਂ ਨੂੰ ਪ੍ਰਸਾਦ ਛਕਾਉਣ ਵਾਲੇ ਲੱਖਾਂ ਹੀ ਠੱਗ ਹਨ। ਜਿਨ੍ਹਾਂ ਦੀਆਂ ਬੇਹਿਸਾਬੀਆਂ ਅਤੇ ਅਣਮਿਣੀਆਂ ਗੱਲਾਂ ਸੁਣ ੨ ਕੇ ਰਿਜੂ ਬੁੱਧੀ ਲੋਕ ਉਨ੍ਹਾਂ ਨੂੰ ਗੁਰੂ ਮੰਨ ਬੈਠਦੇ ਹਨ।

ਸ਼ੰਕਾ–ਗੁਰਬਾਣੀ ਵਿਚ 'ਇਸ ਕਾਇਆ ਅੰਦਰ ਨਉ

Digitized by Panjab Digital Library | www.panjabdigilib.org

ਖੰਡ ਪ੍ਰਿਥਵੀ ਹਟ ਪਟਣ ਬਾਜਾਰਾ' ਆਦਿ ਕਰਕੇ ਅੰਦਰ ਹੀ ਬ੍ਰਹਮੰਡ ਦੇ ਪਦਾਰਥਾਂ ਦਾ ਹੋਣਾ ਕਿਉਂ ਲਿਖਿਆ ਗਿਆ ਹੈ।

ਉਤਰ–ਏਥੇ ਉਪਮਾ ਆਦਿ ਅਲੰਕਾਰਾਂ ਦੁਆਰਾ ਬਾਹ-ਰਲੇ ਪਦਾਰਥਾਂ ਦਾ ਭਾਵ (Abstract) ਰੂਪ ਤੇ ਅੰਦਰੇ ਹੋਣਾ ਦਸਿਆ ਗਿਆ ਹੈ ਅਤੇ ਏਵੇਂ ਹੀ ਬਾਹਰਲੇ ਬਿਉਪਾਰ ਦੇ ਮੁਕਾਬਲੇ ਤੇ ਅੰਦਰਲੇ ਭਾਵਾਂ ਦਾ ਬਿਉਪਾਰ ਕਰਨ ਦਾ ਉਪਦੇਸ ਹੈ। ਕਿਸੇ ਪਦਾਰਥ ਦੇ Physicaly ਅੰਦਰ ਹੋਣ ਦਾ ਮਤਲਬ ਨਹੀਂ ਹੁਣ ਅਸੀਂ ਅਪਣੇ ਪੱਖ ਦੀ ਪੁਸ਼ਟੀ ਲਈ ਸਮੁਚੇ ਤੌਰ ਤੇ, ਹੋਰ ਭੀ ਪ੍ਰਮਾਣ ਲਿਖਦੇ ਹਾਂ।

ਭਗਤ ਜਨਾ ਕੌ ਹਰਿ ਕਿਰਪਾ ਧਾਰੀ॥
ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ॥
ਬਿਲਾਵਲ ਮਃ ੪ ਸ: ੨

ਭਾਵ–ਗੁਰੂ ਨਾਨਕ ਦੇਵ ਹੀ ਵਾਹਿਗੁਰੂ ਨੂੰ ਮਿਲਾ ਸਕਦੇ ਹਨ।

'ਗੁਰ ਕਾ ਸਬਦ ਗੁਰਥੈ ਟਿਕੈ ਹੋਰ ਥੈ ਪ੍ਰਗਟ ਨ ਹੋਵੈ'।
ਵਾਰ ਸਾਰੰਗ ਪਉੜੀ ੩੨

ਭਾਵ–ਗੁਰੂ ਜੋਤਿ ਦਾ ਅਧਿਕਾਰ ਧੁਰੋਂ ਹੋਇ ਗੁਰੂ ਨੂੰ ਹੀ ਹੈ।

ਗੁਰ ਪੂਰੇ ਕੀ ਦਾਤਿ ਨਿਤ ਚੜੈ ਦੇਵੈ ਚੜੈ ਸਵਾਈਆ॥
ਤੁਸਿ ਦੇਵੈ ਆਪਿ ਦਿਆਲਿ ਨ ਛਪੈ ਛਪਾਈਆ॥
ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ॥
ਜੇ ਕੋ ਕਰੈ ਉਸ ਦੀ ਰੀਸ ਸਿਰ ਛਾਈ ਪਾਈਆ॥

Digitized by Panjab Digital Library | www.panjabdigilib.org

ਨਾਨਕ ਅਪੜਿ ਕੋਇ ਨ ਸਕਈ ਪੂਰੇ ਸਤਿਗੁਰ
ਕੀ ਵਡਿਆਈਆ ॥ (ਵਃ ਸਃ ੫ਃ ੩੪)

ਭਾਵ–ਪੂਰੇ ਗੁਰੂ ਦੀ ਰੀਸ ਕਰਨ ਵਾਲੇ ਦੇ ਸਿਰ ਸੁਆਹ ਪੈਂਦੀ ਹੈ ।

"ਹਰਿ ਕਾ ਚਿੰਨ ਸੋਈ ਹਰਿ ਜਨ ਕਾ ਹਰਿ ਆਪੇ
ਜਨ ਮਹਿ ਆਪਿ ਰਖਾਂਤਿ ॥ ਧੰਨ ਧੰਨਿ ਗੁਰੂ ਨਾਨਕ
ਸਮਦਰਸੀ ਜਿਨਿ ਉਸਤਤਿ ਨਿੰਦਿਆ ਤਰੀ ਤਰਾਂਤ ॥"
(ਮਲਾਰ ਮ: ੩ ਸ਼: ੫)

ਅਰਥਾਤ ਵਾਹਿਗੁਰੂ ਅਤੇ ਉਸਦੇ ਸੇਵਕ ਦਾ ਰੂਪ ਇਕੋ ਹੀ ਹੈ, ਕਿਉਂਕਿ ਵਾਹਿਗੁਰੂ ਨੇ ਆਪਣੇ ਆਪ ਨੂੰ ਉਸ ਵਿਚ ਰਖਿਆ ਹੋਇਆ ਹੈ । ਸੋ ਐਸਾ ਗੁਰੂ 'ਗੁਰੂ ਨਾਨਕ ਦੇਵ' ਹੀ ਹੈ ।

"ਜਿਸ ਘਰਿ ਵਿਰਤੀ ਸੋਈ ਜਾਣੈ **ਜਗਤਿ ਗੁਰੂ
ਨਾਨਕ** ਪੂਛਿ ਕਰੋ ਵੀਚਾਰਾ ॥" (ਸੂਹੀ ਮ: ੪ ਸ਼: ੮)

ਭਾਵ–ਗੁਰੂ ਨਾਨਕ ਦੇਵ ਹੀ ਜਗਤ ਗੁਰੂ ਹਨ ।

ਗਿਆਨ ਧਿਆਨ ਕਿਛੁ ਕਰਮ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭਿ ਤੇ ਵਡਾ ਸਤਿਗੁਰ ਨਾਨਕੁ ਜਿਨ ਕਲ ਰਾਖੀ ਮੇਰੀ ॥
(ਸੂਹੀ ਮ: ੫)

ਭਾਵ–ਸਤਿਗੁਰ ਨਾਨਕ ਸਭਨਾਂ ਤੋਂ ਵੱਡਾ ਹੈ।

'ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ ॥
ਉਹ ਅਬਿਨਾਸੀ ਪੁਰਖ ਹੈ ਸਭਿ ਮਹਿ ਰਹਿਆ ਸਮਾਇ'॥
(ਸੂਹੀ ਮ: ੪ ਅਸਟ: ੨)

Digitized by Panjab Digital Library | www.panjabdigilib.org

ਭਾਵ–ਅਬਿਨਾਸ਼ੀ ਪੁਰਖ ਹੀ ਗੁਰੂ ਹੋ ਸਕਦਾ ਹੈ।

'ਗੁਰੂ ਜਿਨਾਂ ਦਾ ਅੰਧੁਲਾ ਸਿੱਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੇ ਚਲਨਿ ਆਪਣੈ ਨਿਤ ਝੂਠੋ ਝੂਠਿ ਬੋਲੇਨਿ' ॥
(ਵਾਰ ਰਾਮਕਲੀ ਸ: ੧੦)

ਭਾਵ–ਅੰਧੀ ਜੋਤਿ ਵਾਲੇ ਗੁਰੂ ਦੇ ਚੇਲੇ ਭੀ ਅੰਨ੍ਹੇ ਕਰਮ ਕਰਦੇ ਹਨ।

'ਹਰਿ ਗੁਰ ਵਿਚ ਆਪ ਰਖਿਆ ਹਰਿ ਮੇਲੇ ਗੁਰ ਸਾਬਾਸਿ' ॥
(ਮਾਰੂ ਮ: ੪ ਸ: ੪)

ਭਾਵ–ਗੁਰੂ ਅਤੇ ਵਾਹਿਗੁਰੂ ਦਾ ਅਭਦ ਹੈ।

'ਘਰਿ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰ ਪੁਰਖ ਸੁਜਾਨ ॥'
(ਵਾਰ ਸਾਰੰਗ ਸ: ੨੭)

ਭਾਵ–ਸਤਿਗੁਰ ਉਹ ਹੈ ਜੋ ਘਟ ਪ੍ਰਗਟ ਕਰ ਦੇਵੇ।

'ਕਬੀਰ ਮਾਇ ਮੂਡਉ ਤਿਹ ਗੁਰੂ ਕੀ ਜਾਤੇ ਭਰਮੁ ਨ ਜਾਇ ॥

ਭਾਵ–ਅਗਿਆਨੀ ਗੁਰੂ ਨੂੰ ਦਫੇ ਕਰੋ।

'ਤੈਂ ਜਨਮਤ ਬ੍ਰਹਮ ਪਛਾਨਿਓ" ॥ (ਸਵਯੇ ੧ ਮਹਲਾ ੪)

ਭਾਵ–ਗੁਰੂ ਸਾਹਿਬ ਨੇ ਗੁਰੂ ਪ੍ਰਗਟ ਹੋਣ ਦੇ ਦਿਨ ਤੋਂ ਹੀ ਗੁਰਤਾ ਪ੍ਰਾਪਤ ਕੀਤੀ।

"ਬਿਨ ਗੁਰ ਪੂਰੇ ਨਹੀਂ ਉਧਾਰੁ ॥
ਬਾਬਾ ਨਾਨਕੁ ਆਖਹਿ ਇਹ ਵੀਚਾਰ ॥

ਪੁਨਾ–"ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ
ਨਾਨਕ ਗੁਰ ਮਿਲਿਆ ਸੋਈ ਜੀਉ" ॥

ਭਾਵ–ਸੋਈ ਪ੍ਰਮੇਸ਼ਰ ਗੁਰੂ ਰੂਪ ਹੋਕੇ ਮਿਲਿਆ ਹੈ।

"ਦੈਤ ਪੁਤ੍ਰ ਪ੍ਰਹਿਲਾਦ ਕਰਮ ਧਰਮ ਕਿਛੁ ਸੰਜਮੁ ਨ

Digitized by Panjab Digital Library | www.panjabdigilib.org

ਪੜੈ ਦੂਜਾ ਭਾਉ ਨ ਜਾਣੈ ॥ ਸਤਿਗੁਰ ਭੇਟੀਐ ਨਿਰਮਲ ਹੋਇਆ ਅਨਦਿਨ ਨਾਮਿ ਵਖਾਣੈ" ॥

ਇਨਾਂ ਤੋਂ ਭੀ ਅਕਾਲ ਪੁਰਖ ਹੀ ਗੁਰੂ ਸਿੱਧ ਹੁੰਦਾ ਹੈ। ਕਿਉਂਕਿ ਮੂਰਤੀ ਪੂਜਕ ਨਾਰਦ ਆਦੀ ਪ੍ਰਹਿਲਾਦਿ ਆਦਿਕਾਂ ਭਗਤਾਂ ਦੇ ਗੁਰੂ ਨਹੀਂ ਹੋ ਸਕਦੇ।

'ਸਤਿਗੁਰ ਬਾਝਹੁ ਗੁਰ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ' ॥

ਭਾਵ ਸਤਿ ਪੁਰਖ (ਅਕਾਲ ਪੁਰਖ) ਹੀ ਗੁਰੂ ਹੋ ਸਕਦਾ ਹੈ।

'ਗੁਰੂ ਜਿਨਾ ਕਾ ਅੰਧਲਾ ਚੇਲੇ ਨਾਹੀਂ ਠਾਉ' ॥
(ਸ੍ਰੀ ਰਾਗ ਅਸ਼ਟਪਦੀ ੮)

ਅਰਥਾਤ ਜਿਨਾਂ ਦਾ ਗੁਰੂ ਹੀ ਅਗਿਆਨੀ ਹੋਵੇ ਚੇਲੇ ਨੂੰ ਥਾਂ ਕਿਥੇ।

'ਭੁਲਣ ਅੰਦਰ ਸਭੁ ਕੋ ਅਭੁਲ ਗੁਰੂ ਕਰਤਾਰ'।
(ਸ੍ਰੀ ਰਾਗ ਅਸ਼ਟਪਦੀ ੧੧)

ਭਾਵ—ਸਭ ਮਨੁਖ ਭੁਲ ਵਿਚ ਹਨ ਗੁਰੂ ਅਤੇ ਪ੍ਰਮੇਸ਼੍ਵਰ ਅਭੁਲ ਹੁੰਦਾ ਹੈ।

'ਇਹ ਨੀਸਾਣੀ ਸਾਧ ਕੀ ਜਿਸ ਭੇਟਤ ਤਰੀਐ ॥
ਜਮ ਕੰਕਰ ਨੇੜਿ ਨ ਆਵਈ ਫਿਰਿ ਬਹੁੜ ਨ ਮਰੀਐ' ॥
(ਗਉੜੀ ਮ: ੫)

ਭਾਵ—ਸਾਧੂ ਅਰਥਾਤ ਗੁਰੂ ਓਹ ਹੈ ਜੋ ਜਨਮ ਮਰਨ ਤੋਂ ਰਹਿਤ ਕਰ ਦੇਵੇ।

'ਛਿਅ ਘਰ ਛਿਅ ਗੁਰ ਛਿਅ ਉਪਦੇਸ ਗੁਰ ਗੁਰ ਏਕੋ ਵੇਸ ਅਨੇਕ' ॥ (ਆਸਾ ਮ: ੧ ਸ਼ਬਦ ੩੦)

Digitized by Panjab Digital Library | www.panjabdigilib.org

ਅਰਥਾਤ ਗੁਰੂਆਂ ਦਾ ਗੁਰੂ ਇਕੋ ਹੀ ਹੈ ਬਹੁਤੇ ਨਹੀਂ।

'ਕਰਿ ਹੁਕਮ ਮਸਤਕਿ ਹੱਥ ਧਰ ਵਿਚੋ ਮਾਰ ਕਢੀਆ ਬੁਰਿਆਈਆ।' ॥ (ਆਸਾ ਦੀ ਵਾਰ)

ਅਰਥਾਤ ਗੁਰੂ ਓਹ ਹੈ ਜੋ ਮਥੇ ਤੇ ਹੱਥ ਰੱਖਕੇ ਬੁਰਿਆ-ਈਆਂ ਦੂਰ ਕਰ ਦੇਵੇ।

'ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਇ॥ ਗੁਰੂ ਸਦਾਏ ਅਗਿਆਨੀ ਅੰਧਾ ਕਿਸ ਉਹ ਮਾਰਗਿ ਪਾਇ' ॥ (ਗੂਜਰੀ ਮ: ੩ ਸ਼ਬਦ ੭)

ਅਰਥਾਤ ਗੁਰੂ ਜੋਤਿ ਦੇ ਅਧਿਕਾਰ ਬਿਨਾਂ ਗੁਰੂ ਸਦਾਉਣ ਵਾਲਾ ਅੰਨਾਂ ਹੈ।

'ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ' ॥
(ਸੋ: ਮ: ੫ ਸ: ੧੨)

## ਤੀਜਾ ਪ੍ਰਕਰਣ

### ਹਿੰਦੂ, ਸਿਖਾਂ, (ਨਿਰਮਲੇ ਆਦਿਕਾਂ) ਦਾ ਪੱਖ

ਉਪਰੋਕਤ ਵਿਚਾਰ ਨੂੰ ਠੀਕ ਮੰਨਦਾ ਹੋਇਆ ਇਕ ਹਿੰਦੂ ਸਿਖ ਆਪਣੀ ਵਿਦਵਤਾ ਦੇ ਮਾਣ ਵਿਚ ਭਰਿਆ ਇਸ ਅੰਸ ਵਿਚ ਸ਼ੰਕਾ ਕਰਨ ਲਗਾ।

ਸ਼ੰਕਾ—ਗੁਰੂ ਦੇ ੩ ਰੂਪ ਹਨ। (੧) ਨਿਰਗੁਣ ਬ੍ਰਹਮ (੨) ਗੁਰੂ ਗ੍ਰੰਥ ਸਾਹਿਬ ਜੀ (੩) ਪੰਥ ਗੁਰੂ ਅਰਥਾਤ ਪੰਜ ਪਿਆਰੇ। ਸੋ 'ਗਿਆਨ ਦਾਤਾ ਗੁਰੂ ਹੈ' ਇਹ ਲੱਛਣ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਘਟ ਸਕਦਾ ਕਿਉਂਕਿ ਉਨ੍ਹਾਂ ਦੀ ਦੇਹ ਨਹੀਂ। ਇਸ ਲਈ ਉਨ੍ਹਾਂ ਦੇ ਨਾਲ ਕੋਈ

Digitized by Panjab Digital Library | www.panjabdigilib.org

ਦੇਹਧਾਰੀ ਗੁਰਦੇਵ ਭੀ ਚਾਹੀਦਾ ਹੈ।

ਉੱਤਰ–ਆਪ ਦੇ ਕਥਨ ਤੋਂ ਹੀ ਸਿੱਧ ਹੋ ਗਿਆ ਕਿ ਦੇਹਧਾਰੀ ਗੁਰੂ ਦੀ ਅਸਲੋਂ ਕੋਈ ਲੋੜ ਨਹੀਂ ਕਿਉਂਕਿ ਆਪ ਹੁਣੇ ਹੀ ਕਹਿ ਚੁਕੇ ਹੋ ਕਿ ਗੁਰੂ ਗੰਥ ਸਾਹਿਬ ਜੀ ਗੁਰੂ ਹਨ ਅਤੇ ਗੁਰੂ ਦਾ ਤੀਜਾ ਰੂਪ 'ਪੰਥ' ਹੈ ਫੇਰ 'ਦੇਹਧਾਰੀ ਪੰਥ' ਦੇ ਹੁੰਦਿਆਂ ਕਿਸੇ ਇਕ ਵਿਅਕਤੀ ਨੂੰ ਗੁਰੂ ਮੰਨਣ ਦੀ ਕੀ ਲੋੜ ਹੈ? ਕਿਉਂਕਿ ਜੋ ਪੰਥ ਨੇ ਦਸਣਾ ਹੈ ਉਹ ਇਕ ਦੇਹਧਾਰੀ ਨਹੀਂ ਦਸ ਸਕਦਾ। ਨਾਲੇ ਗੁਰੂ ਗ੍ਰੰਥ ਸਾਹਿਬ ਦਾ ਸਿਖ ਬਣਕੇ ਉਨ੍ਹਾਂ ਦੀ ਬਰਾਬਰੀ ਕਰਨੀ ਬੱਜਰ ਪਾਪ ਹੈ। ਇਸ ਲਈ ਕੋਈ ਭੀ ਸਿਖ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ 'ਗੁਰੂ' ਨਹੀਂ ਥਾਪਿਆ ਜਾ ਸਕਦਾ। ਕੀ ਕੋਈ ਯੋਗ ਪੁਤ੍ਰ ਹੋਣ ਤੇ ਭੀ 'ਬਾਪ' ਬਣ ਸਕਦਾ ਹੈ?

ਸ਼ੰਕਾ–ਭਲਾ ਪੰਥ ਤਾਂ ਗੁਰੂ ਠਹਿਰਿਆ, ਮਗਰ ਜਿਸ ਤੋਂ ਅਧਿਆਤਮ ਵਿੱਦਿਆ ਸਿਖੀ ਜਾਵੇ ਉਸਨੂੰ ਕੀ ਆਖਿਆ ਜਾਵੇ? ਅਰਥਾਤ ਪੰਥ ਵਿਚਲੀਆਂ ਸਭ ਵਿਅਕਤੀਆਂ ਆਤਮ ਵਿਦਿਆ ਤਾਂ ਜਾਣਦੀਆਂ ਨਹੀਂ ਹੁੰਦੀਆਂ। ਜੋ ਅਧਿਆਤਮ ਵਿਦਿਆ ਦਾ ਸਿਖ ਹੋਵੇ ਉਸ ਨੂੰ "ਗੁਰੂ" ਹੀ ਆਖਣਾ ਯੋਗ ਹੈ।

ਉੱਤਰ–ਵਿਦਿਆ ਸਿਖਾਉਣ ਵਾਲੇ ਨੂੰ ਸਿਖਯਕ (ਉਸਤਾਦ) ਕਹੋ, ਅਧਿਆਪਕ ਕਹੋ ਅਥਵਾ ਉਪਾਧਿਆਇ ਕਹੋ।

ਪ੍ਰਸ਼ਨ–ਗੁਰੂ ਭੀ ਆਤਮ ਵਿਦਿਆ ਦਾ ਉਪਦੇਸ਼

Digitized by Panjab Digital Library | www.panjabdigilib.org

ਕਰਦੇ ਹਨ ਅਤੇ ਉਪਾਧਿਆਇ ਭੀ, ਫੇਰ ਦੋਹਾਂ ਵਿਚ ਫਰਕ ਕੀ ਹੋਇਆ ?

ਉੱਤਰ–ਪਹਿਲਾਂ ਆਪ ਉਪਦੇਸ਼ ਦੇ ਹੀ ਅਰਥ ਸਮਝ ਲਵੋ, ਕੀ ਹਨ ? ਅਰਥਾਤ ਉਪਦੇਸ਼ ਉਸ ਵਿਧੀ ਦਾ ਨਾਉਂ ਹੈ ਜੋ ਅਗੇ ਕਿਸੇ ਨੇ ਨਾ ਜਣਾਈ ਹੋਵੇ ਅਤੇ ਨਾਂ ਕਿਸੇ ਨੂੰ ਪ੍ਰਾਪਤ ਹੋਵੇ ਕਿਉਂਕਿ ਅਗਿਆਤ ਅਰਥ ਨੂੰ ਜਣਾਉਣ ਵਾਲੀ ਸਰਬ ਤੋਂ ਆਦਿਲੀ ਵਿਧੀ ਹੀ 'ਪ੍ਰਮਾਣ' ਹੁੰਦੀ ਹੈ, ਉਹੋ* 'ਉਪਦੇਸ਼' ਹੈ, ਜੋ ਪਹਿਲੇ ਸਿੱਧ ਕਥਨ ਨੂੰ ਹੀ ਦੁਹਰਾਉਣਾ ਹੈ ਉਹ ਅਨੁਵਾਦ ਕਹਾਉਂਦਾ ਹੈ, ਵਿਧੀ ਯਾ ਉਪਦੇਸ਼ ਨਹੀਂ, ਸੋ ਗੁਰੂ ਹਸਤੀ ਉਹ ਹੈ ਜੋ ਅਗਿਆਤ (ਨਾਂ ਜਾਣੀ ਹੋਈ) ਵਸਤੂ ਨੂੰ ਜਣਾਵੇ ਅਤੇ ਅਪ੍ਰਾਪਤ ਦੀ ਪ੍ਰਾਪਤੀ ਕਰਾਵੇ। ਜੋ ਵਸਤੂ ਅਗੇ ਨਾਂ ਜਾਣੀ ਹੋਵੇ ਅਤੇ ਨਾਹੀਂ ਪ੍ਰਾਪਤ ਹੋਵੇ ਉਸਨੂੰ ਗੁਰੂ ਆਪਣੇ ਪਾਸੋਂ ਹੀ ਜਣਾਵੇਗਾ । ਅਤੇ ਪ੍ਰਾਪਤ ਭੀ ਅਪਣੇ ਕੋਲੋਂ ਹੀ ਕਰਾਵੇਗਾ ਮਗਰ ਜੋ ਸਿਖਸ਼ਕ ਹੈ ਉਹ 'ਅਗੇ ਜਾਣੀ ਗਈ' ਅਤੇ 'ਪ੍ਰਾਪਤ' ਵਸਤੂ ਦਾ ਅਨੁਵਾਦ ਯਾ ਵਿਆਖਿਆਨ ਹੀ ਕਰੇਗਾ । ਅਪਣੇ ਕੋਲੋਂ ਪਾਉਣ ਦੀ ਸਮਰਥਾ ਉਸਨੂੰ ਨਹੀਂ । ਸੋ ਜਿਸ ਤਰਾਂ ਸੂਰਜ ਅਪਣੇ ਆਪ ਚਮਕਦਾ ਹੈ ਅਤੇ ਚੰਦ ਤੇ ਤਾਰੇ ਆਦਿ ਉਸ ਤੋਂ ਚਾਨਣ ਲੈਕੇ ਹੀ ਚਮਕਦੇ ਹਨ, ਉਸੇ ਤਰਾਂ 'ਗੁਰੂ' ਉਹ ਹੈ, ਜਿਸਦਾ ਗਿਆਨ ਆਪਣਾ ਹੈ ਅਤੇ ਸਿਖਸ਼ਕ ਉਹ ਹੈ ਜਿਸਦਾ ਗਿਆਨ ਉਧਾਰਾ ਹੈ, ਇਸ ਲਈ ਗੁਰੂ ਅਤੇ ਸਿਖਸ਼ਕ ਦਾ

---

* ਉਪਦੇਸ਼ ਆਦਜੋਚਾਰਣਮ (ਛੋ: ਸਿਧਾਂਤ ਕੌਮਦੀ)

Digitized by Panjab Digital Library | www.panjabdigilib.org

ਬੜਾ ਭੇਦ ਹੈ ।

## ਪੰਜ ਪਿਆਰਿਆਂ ਤੇ ਸ਼ੰਕਾ

ਪੰਜ ਪਿਆਰੇ ਭੀ ਤਾਂ ਗੁਰੂ ਤੋਂ ਗਿਆਨ ਲੈਕੇ ਹੀ ਪ੍ਰਕਾਸ਼ ਕਰਦੇ ਹਨ । ਉਨ੍ਹਾਂ ਨੂੰ ਗੁਰੂ ਕਿਉਂ ਮੰਨਿਆ ਜਾਂਦਾ ਹੈ ।

ਉੱਤਰ–ਬੇਸ਼ਕ ਉਹ ਗੁਰਾਂ ਪਾਸੋਂ ਹੀ ਗਿਆਨ ਲੈਂਦੇ ਹਨ ਮਗਰ ਪੰਜ ਪਿਆਰਿਆਂ ਦੀ ਪੰਚਾਇਤ ਨੂੰ ਇਕੋ ਵਾਰ ਹੀ ਗੁਰੂ ਜੋਤਿ ਹੋਣ ਅਤੇ ਦੀਖਯਾ ਦਾ ਅਧਿਕਾਰ ਮਿਲ ਚੁਕਿਆ ਹੈ । ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਕੇ ਫੇਰ ਉਨ੍ਹਾਂ ਤੋਂ ਆਪ ਛਕਕੇ ਇਹ ਸਾਬਤ ਕਰ ਦਿਤਾ ਹੈ ਕਿ ਮੇਰੇ ਅਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਰਿਹਾ । ਜਿਵੇਂ ਵਿਆਪਕ ਅਗਨੀ ਦਾ ਪੁੰਜ-ਸੂਰਜ ਕਿਸੇ ਵੇਲੇ ਪਰਿਛਿੰਨ ਰੂਪ ਵਿਚ ਬਣ ਚੁਕਿਆ ਹੈ ਅਤੇ ਬਾਰ ੨ ਤੇਜ ਯਾ ਪ੍ਰਕਾਸ਼ ਲੈਣ ਦੀ ਇਸਨੂੰ ਲੋੜ ਨਹੀਂ । ਉਸੇ ਤਰਾਂ ਪੰਜਾਂ ਪਿਆਰਿਆਂ ਦੀ ਪੰਚਾਇਤ ਦੇ ਘਟ ਵਿਚ ਇਕ ਵਾਰ ਹੀ ਜੋਤਿ ਹਮੇਸ਼ਾ ਲਈ ਪ੍ਰਗਟ ਹੋ ਚੁਕੀ ਹੈ । ਹੁਣ ਓਸ ਪੰਚਾਇਤ ਨੂੰ ਫੇਰ ਜੋਤਿ ਨਹੀਂ ਲੈਣੀ ਪੈਂਦੀ । ਅਰਥਾਤ ਜਿਸ ਤਰਾਂ ਕਿਸੇ ਪੰਚਾਇਤ ਦਾ ਮੈਂਬਰ ਗੁਣ ਵਿਸ਼ੇਸ਼ ਕਰਕੇ ਇਕਲਾ ਹੀ ਚੁਗਿਆ ਜਾਂਦਾ ਹੈ ਮਗਰ ਉਨ੍ਹਾਂ ਦੇ ਸਮੂਹ ਰੂਪ ਵਿਚ ਨਿਯੰਤਾ ਵਲੋਂ ਇਕੋ ਵਾਰ ਹੀ ਅਧਿਕਾਰ ਦੀ ਪ੍ਰਵਾਨਗੀ ਹੋ ਜਾਂਦੀ ਹੈ । ਫੇਰ ਅਦਲਾ ਬਦਲੀ ਦੀ ਲੋੜ ਨਹੀਂ ਰਹਿੰਦੀ । ਓਸੇ ਤਰਾਂ

Digitized by Panjab Digital Library | www.panjabdigilib.org

ਪੰਜ ਪਿਆਰਿਆਂ ਦੀ ਪੰਚਾਇਤ ਵਿਚ ਏਸ. ਦੇ ਮਾਲਿਕ ਨੇ ਆਪ ਪ੍ਰਵੇਸ਼ ਹੋਕੇ ਏਸ ਨੂੰ ਇਕੋ ਵਾਰ ਹੀ ਦੀਖਯਾ ਦੇਣਦੀ ਸ਼ਕਤੀ ਅਤੇ ਅਧਿਕਾਰ ਬਖਸ਼ ਦਿੱਤਾ ਹੈ ਬਲਕਿ ਆਪਣੇ ਅਮਲ ਨਾਲ ਸਾਰੀ ਦੁਨੀਆ ਨੂੰ ਪ੍ਰਤੱਖ ਕਰਕੇ ਦਿਖਾ ਦਿਤਾ ਕਿ ਪੰਚ ਸਮੂਹ ਦੇ ਹੁੰਦਿਆਂ ਕਿਸੇ ਦਾ ਅਧਿਕਾਰ ਅਤੇ ਤਾਣ ਨਹੀਂ ਜੋ ਗੁਰੂ ਬਣ ਸਕੇ?

ਸ਼ੰਕਾ–ਜਿਨ੍ਹਾਂ ਪੰਜ ਪਿਆਰਿਆਂ ਤੋਂ ਆਪ ਨੇ ਅੰਮ੍ਰਿਤ ਛਕਿਆ ਸੀ ਅਤੇ ਉਨ੍ਹਾਂ ਨੂੰ ਗੁਰੂ ਰੂਪਤਾ ਦਿਤੀ ਸੀ ਉਹਨਾਂ ਦੀ ਜਗਾ ਤੇ ਪਰੰਪਰਾ ਤੋਂ ਚਲੇ ਆਉਣ ਵਾਲੇ ਅੱਜ ਕੇਹੜੇ ਹਨ ? ਜੇ ਉਹ ਨਹੀਂ ਹਨ ਤਾਂ ਗੁਰੂ ਜੋਤਿ ਕਿਸੇ ਵਿਚ ਭੀ ਨਾ ਹੋਣ ਕਰਕੇ ਗੁਰੂ ਦੀਖਯਾ ਦੇਣ ਦਾ ਅਧਿਕਾਰ ਹੀ ਕਿਸੇ ਨੂੰ ਨਹੀਂ ਹੈ। ਇਸ ਲਈ ਕਿਸੇ ਇਕ 'ਗੁਰਮੁਖ' ਸਿੰਘ ਨੂੰ ਕਿਉਂ ਨਾ ਗੁਰੂ ਮੰਨ ਲਿਆ ਜਾਵੇ ?

ਉਤਰ–ਕੋਈ ਖਾਸ ੨ ਵਿਅਕਤੀਆਂ ਦੇ ਸੰਮੂਹ ਦਾ ਨਾਉਂ 'ਪੰਚ' ਨਹੀਂ। ਕਿੰਤੂ ਜਿਨ੍ਹਾਂ ਨੇ ਭੀ 'ਪਹਿਲ ਪੰਜ ਪਿਆਰਿਆਂ' ਤੋਂ ਅੰਮ੍ਰਿਤ ਛਕਿਆ ਹੈ ਉਹ ਪੰਚ ਬਣਨ ਦੇ ਭੀ ਹਕਦਾਰ ਹੋ ਗਏ ਹਨ। ਜਿਸ ਤਰਾਂ ਦੀਵੇ ਤੋਂ ਦੀਵਾ ਪ੍ਰਕਾਸ਼ਤ ਹੋ ਜਾਣ ਤੇ ਪਹਿਲੇ ਦੀਵੇ ਦੀ ਮੌਜੂਦਗੀ ਵਿਚ (ਦੂਜੇ ਦੀਵਿਆਂ ਦਾ ਸਮਾਨ ਰੂਪ ਹੋਣ ਕਰਕੇ) ਦੂਏ ਦੀਵੇ ਨਾ ਤਾਂ ਹਟ ਸਕਦੇ ਹਨ ਨਾਹੀਂ ਪਹਿਲੇ ਦੀਵੇ ਬੁਝ ਜਾਣ ਤੋਂ ਦੂਜੇ ਦੀਵੇ ਬੁਝ ਸਕਦੇ ਹਨ ਮਗਰ ਪਹਿਲੇ ਦੀਵੇ ਦਾ ਸੰਸਕਾਰ ਰੂਪ ਫਲ ਪਿਛਲਿਆਂ ਦੀਵਿਆਂ ਵਿਚ ਹੋਣ ਕਰਕੇ ਉਨ੍ਹਾਂ ਦੀ ਪਰੰਪਰਾ ਸਦਾ ਲਈ ਜਾਰੀ ਰਹਿੰਦੀ ਹੈ ਉਸੇ ਤਰਾਂ ਜੋ ਸੱਜਨ ਪੰਜ ਪਿਆਰਿਆਂ ਵਿਚ ਆਈ ਗੁਰੂ

Digitized by Panjab Digital Library | www.panjabdigilib.org

ਜੋਤਿ ਦੁਆਰਾ ਸੰਸਕਾਰੀ ਹੋ ਚੁਕੇ ਹਨ ਉਨ੍ਹਾਂ ਦੀ ਸੰਸਕਾਰੀ ਪਰੰਪਰਾ ਨਾਦੀ ਸੰਤਾਨ ਹੁਣ ਤਕ ਚਲੀ ਆਈ ਹੈ ਅਤੇ ਏਵੇਂ ਹੀ ਅਗੇ ਨੂੰ ਭੀ ਜਾਰੀ ਰਹੇਗੀ। ਨਿਆਇ ਅਨੁਸਾਰ ਸ੍ਵ ਜੋਤਿ ਅਵਛੇਦਕ ਸੰਸਕਾਰਤਾ ਅਵਛਿੰਨ ਪੰਚ ਪ੍ਰਮਾਣਤਾ ਧਰਮ' ਵਾਲਾ ਖਾਲਸਾ ਪੰਥ (ਸੰਪ੍ਰਦਾਇ) ਗੁਰੂ ਹੈ ਅਰਥਾਤ ਸ੍ਵਜੋਤਿ ਤੋਂ ਭਾਵ ਗੁਰੂ ਜੋਤਿ ਉਸਦੇ ਭਿੰਨ ਕਰਨ ਵਾਲਾ ਜੋ ਅੰਮ੍ਰਿਤ ਸੰਸਕਾਰ ਸਹਿਤ ਜੋ 'ਪੰਚ ਪ੍ਰਮਾਣਤਾ ਧਰਮ' ਹੈ ਉਹ ਸਾਰੀ ਸਿਖ ਸੰਪ੍ਰਦਾਇ ਉਪਰ ਘਟਦਾ ਹੈ, ਭਾਵ ਸਿਖ ਸੰਪ੍ਰ-ਦਾਇ ਵਿਚੋਂ ਜੋ ਭੀ ਸੰਸਕਾਰੀ (ਅੰਮ੍ਰਤਧਾਰੀ) ਵਿਅਕਤੀ ਹੋਵੇ ਉਹ ਉਪਰੋਕਤ ਸੰਸਕਾਰ ਦੁਆਰਾ ਹੋਰ ਜੋਤਾਂ ਤੋਂ ਭਿੰਨ ਹੋਣ ਕਰਕੇ 'ਪੰਚ-ਪ੍ਰਮਾਣਤਾ' ਵਾਲੀ ਹੈ, ਉਨ੍ਹਾਂ ਦੇ ਪੰਜਾਂ ਦੇ ਸੰਮੂਹ ਦਾ ਨਾਮ 'ਪੰਚ ਪ੍ਰਮਾਣ' ਰੂਪ ਤੇ ਗੁਰੂ ਹੈ।

ਇਸ ਤਰਾਂ ਪੰਥ ਦੀਆਂ ਸਾਰੀਆਂ ਵਿਅਕਤੀਆਂ ਦੇ ਸੰਗ੍ਰਹਿ ਦੀ ਸ਼ੰਕਾ ਭੀ ਨਹੀਂ ਰਹਿੰਦੀ। ਨਾਲੇ ਖਾਸ ੨ ਟਿਕੇ ਹੋਇਆਂ ਪ ਸਿੰਘਾਂ ਦੇ ਜਾ-ਨਸ਼ੀਨਾਂ (ਗੱਦੀ ਵਾਲੇ) ਦੀ ਲੋੜ ਭੀ ਨਹੀਂ ਰਹਿ ਜਾਂਦੀ ਅਤੇ ਇਕ ਆਦਮੀ ਨੂੰ ਗੁਰੂ ਮੰਨ ਲੈਣ ਦੀ ਹੁੱਜਤ ਭੀ ਉੜ ਜਾਂਦੀ ਹੈ। ਨਾਲੇ ਹੋਰ ਦੇਖੋ, ਜੇ ਪਹਿਲੇ ਪੰਜਾਂ ਪਿਆਰਿਆਂ ਦੇ 'ਅਜ ਗੱਦੀ ਨਿਸ਼ੀਨ ਕੋਈ ਪੰਜ ਪਿਆਰੇ' ਨ ਮਿਲਣ ਕਰਕੇ ਕਿਸੇ ਇਕ ਨੂੰ ਗੁਰੂ ਬਣਾਵਾਂਗੇ, ਤਾਂ ਕੇਹੜ ਗੁਣ ਕਰਕੇ ਉਸ ਨੂੰ ਗੁਰੂ ਮੰਨਿਆਂ ਜਾਵੇਗਾ ? ਜਦ ਕਿ ਉਸ ਨੇ ਆਪ ਤਾਂ ਅੰਮ੍ਰਿਤ ਛਕਿਆ ਨਹੀਂ ਅਤੇ ਜੇਕਰ ਗੁਰੂਆਂ ਦੀ ਪੀਹੜੀ ਖਤਮ ਹੋਈ ਮੰਨਦੇ ਹੋ ਤਾਂ ਕਿਸੇ ਮੋਟੇ ਡਾਢੇ ਜੇਹੇ ਅੱਖੀਂ ਮੀਟਣ ਵਾਲੇ ਬਣੌਟੀ ਸੰਤ ਨੂੰ ਗੁਰੂ ਕਿਵੇਂ ਮੰਨ ਲਵੋਗੇ ? ਜੋ ਕਿ ਆਪ ਨਿਗੁਰਾ ਹੈ

Digitized by Panjab Digital Library | www.panjabdigilib.org

ਸ਼ੰਕਾ- ਪੰਥ ਦੀਆਂ ਸਾਰੀਆਂ ਵਿਅਕਤੀਆਂ ਪੰਜ ਪਿਆਰਿਆਂ ਵਿਚ ਭਰਤੀ ਹੋਣ ਯੋਗ ਨਹੀਂ ਹੁੰਦੀਆਂ ਕਿਉਂਕਿ ਪੰਜ ਪਿਆਰਿਆਂ ਵਰਗੇ ਗੁਣ ਕਿਸੇ ਵਿਚ ਭੀ ਨਹੀਂ ਦਿਖਾਈ ਦਿੰਦੇ ।

ਉਤਰ–ਜੇ ਕੋਈ ਭੀ ਐਸਾ ਨਹੀਂ ਜੋ ਪੰਜ ਪਿਆਰਿਆਂ ਵਿਚ ਹੋਣ ਯੋਗ ਹੋਵੇ ਤਾਂ ਤੁਸੀਂ ਕੇਹੜੇ ਦੇਹਧਾਰੀ ਇਕ ਨੂੰ ਗੁਰੂ ਬਣਾਓਗੇ ? ਸੱਜਨ ਜੀ ! ਪੰਜ ਪਿਆਰਿਆਂ ਤੋਂ ਸੰਸਕ੍ਰਿਤ ਖਾਲਸਾ ਪੰਥ ਅੰਦਰ ਅਨੇਕਾਂ ਹੀ ਸਿੰਘ ਸੱਜਣ ਹਨ ਜੋ ਪੰਜ ਪਿਆਰਿਆਂ ਵਾਲੇ ਗੁਣ ਰਖਦੇ ਹਨ। ਆਪ ਨੂੰ 'ਬਿਖਮ ਦ੍ਰਿਸ਼ਟੀ ਨਾਲ ਚੰਦਰਮਾ ਦੇਖਣ' ਦੀ ਤਰਾਂ ਨਜ਼ਰ ਨਹੀਂ ਆ ਸਕਦੇ। ਹਾਂ ਸਭ ਵਿਅਕਤੀਆਂ ਜਰੂਰ ਓਸੇ ਗੁਣ ਨਹੀਂ ਰਖਦੀਆਂ। ਸੋ ਭੀ ਉਪਰ ਕੀਤੇ ਗਏ (ਨਿਆਇ) ਲੱਛਣ ਦੁਆਰਾ ਪੰਥ ਨੂੰ ਗੁਰੂ ਰੂਪਤਾ ਨਿਰਦੋਸ਼ ਹੈ। ਦੂਜੇ ਜਦ ਤੁਸੀਂ ਮੰਨਦੇ ਹੋ ਕਿ ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਅੰਮ੍ਰਿਤ ਛਕਾਇਆ ਅਤੇ ਆਪ ਭੀ ਅੰਮ੍ਰਿਤ ਛਕਕੇ ਉਨ੍ਹਾਂ ਦੀ ਪ੍ਰਮਾਣਤਾ ਨੂੰ ਪ੍ਰਸਿਧ ਕਰਦੇ ਹੋਏ ਆਪ ਪੰਥ ਵਿਚ ਲੀਨ ਹੋਏ ਤਾਂ ਆਪ ਅਜੇਹੇ ਗੁਰੂ ਪੰਥ ਦਾ ਗੁਰੂ ਕੇਹੜੇ ਆਦਮੀ ਨੂੰ ਬਣਾਉਣ ਦੇ ਬਿਰਥਾ ਸੁਪਨ ਲੈ ਰਹੇ ਹੋ ?

ਸ਼ੰਕਾ–ਸਭ ਪੰਜ ਪਿਆਰਿਆਂ ਦਾ ਆਪਸ ਵਿਚ ਮਤ ਭੇਦ ਹੋਣ ਕਰਕੇ ਕੋਈ ਭੀ ਪਰਮਾਣੀਕ ਪੰਚਾਇਤ ਨਹੀਂ ਜਿਸ ਨੂੰ 'ਗੁਰੂ' ਮੰਨਿਆ ਜਾਵੇ ਤਾਂਤੇ ਕਿਸੇ ਇਕ ਸੱਜਨ ਨੂੰ ਹੀ ਗੁਰੂ ਮੰਨਣਾ ਠੀਕ ਹੈ।

Digitized by Panjab Digital Library | www.panjabdigilib.org

ਉਤਰ–ਕਿਸੇ ਭੀ ਪੰਜ ਪਿਆਰਿਆਂ ਦੀ ਪੰਚਾਇਤ ਦਾ ਬੁਨਿਆਦੀ ਅਸੂਲਾਂ ਵਿਚ ਮਤ ਭੇਦ ਨਹੀਂ, ਵਿਧੀਆਂ ਦੇ ਕਿਸੇ ੨ ਅੰਸ ਵਿਚ ਫਰਕ ਹੁੰਦਾ ਹੈ ਉਹ ਹਾਨੀ ਕਾਰਕ ਨਹੀਂ ਸਗੋਂ ਇਕੱਲਾ ਆਦਮੀ ਆਪਣੇ ਮਨ ਦੀ ਮਤਿ ਅਧਿਕ ਵਰਤੇਗਾ ਦੂਜੇ ਦੀ ਮਤਿ ਦਾ ਖੰਡਨ ਕਰੇਗਾ ਤਾਂ ਬਹੁਤੇ ਗੁਰੂ ਹੋ ਜਾਣ ਕਰਕੇ (ਤੁਹਾਡੀ ਆਪਣੀ ਦਿਤੀ ਦਲੀਲ ਅਨੁਸਾਰ ਹੀ 'ਮਤਿ ਭੇਦ' ਜ਼ਿਆਦੇ ਹੋ ਜਾਣ ਕਰਕੇ) ਕੋਈ ਭੀ 'ਇਕ ਗੁਰੂ' ਮੰਨਣ ਯੋਗ ਨਹੀਂ ਸਿੱਧ ਹੁੰਦਾ ਤਾਂਤੇ ਪੰਜ ਪਿਆਰਿਆਂ ਨੂੰ ਹੀ 'ਪੰਥ ਗੁਰੂ' ਮੰਨਣਾ ਯੋਗ ਹੈ।

## ਗੁਰੂ ਦੀ ਕਸਵੱਟੀ

ਸ਼ੰਕਾ–ਗੁਰਬਾਣੀ ਵਿਚ ਲਿਖਿਆ ਹੈ ਕਿ 'ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ' ਅਰਥਾਤ ਉਸ ਵਿਚੋਲੇ ਦੇ ਵਾਰਨੇ ਜਾਵਾਂ ਜਿਸਨੂੰ ਮਿਲਕੇ ਵਾਹਿਗੁਰੂ ਨੂੰ ਪਛਾਣੀਏ। ਇਸ ਤੋਂ ਵਾਹਿਗੁਰੂ ਨੂੰ ਜੋ ਭੀ ਮਿਲਾਵੇ ਉਹ 'ਵਿਚੋਲਾ' ਅਰਥਾਤ 'ਗੁਰੂ' ਹੀ ਸਮਝਿਆ ਜਾਂਦਾ ਹੈ ਅਤੇ 'ਜਾਕੈ ਅੰਤਰਿ ਵਸੈ ਨਿਰੰਕਾਰ। ਤਾਕੀ ਸੀਖ ਤਰੈ ਸੰਸਾਰ'। ਤਥਾ 'ਸਤਿ ਪੁਰਖ ਜਿਨ ਜਾਨਿਆ ਸਤਿਗੁਰ ਤਿਸਕਾ ਨਾਉ' ਆਦਿ ਤੋਂ ਭੀ ਜਾਣਿਆ ਜਾਂਦਾ ਹੈ ਕਿ ਜੋ ਪੂਰਬੋਕਤ ਗੁਣਾਂ ਵਾਲਾ ਹੋਵੇ ਉਹ 'ਗੁਰੂ' ਹੈ। ਫੇਰ ਉਸ ਨੂੰ ਗੁਰੂ ਮੰਨਣ ਵਿਚ ਕੀ ਹਰਜ ਹੈ।

ਉੱਤਰ--ਪੂਰਬੋਕਤ ਵਾਕ 'ਗੁਰੂ' ਦੇ ਲੱਛਣ ਲਈ ਨਹੀਂ ਵਰਤੇ ਗਏ ਕਿੰਤੂ ਉਨ੍ਹਾਂ ਸਾਮਾਨਯ ਗੁਣਾਂ ਦਾ ਵਟ-

Digitized by Panjab Digital Library | www.panjabdigilib.org

ਣਨ ਕਰਨ ਲਈ ਹਨ । ਜੇ ਮੰਨ ਭੀ ਲਈਏ ਤਾਂ ਨਿਆਇ ਅਨੁਸਾਰ ਹਰ ਇਕ ਵਿਚ ਪੂਰਬੋਕਤ ਗੁਣ ਕਦੇ ਭੀ ਨਹੀਂ ਘਟ ਸਕਦੇ । ਅਰਥਾਤ ਸਤਿ ਪੁਰਖ ਨੂੰ ਵਿਸ਼ੇਸ਼ ਰੂਪ ਤੇ ਜਾਨਣ ਵਾਲਾ ਸਤਿ ਪੁਰਖ ਹੀ ਹੈ ਅਤੇ ਉਸਦੇ ਨਾਲ ਮਿਲਾਉਣ ਵਾਲਾ ਅਤੇ ਹਿਰਦੇ ਵਿਚ ਨਿਰੰਕਾਰ ਨੂੰ ਇਨ ਬਿੰਨ ਵਸਾ ਲੈਣ ਵਾਲਾ ਉਸਦੇ ਆਪਣੇ ਹੀ ਗੁਰੂ ਰੂਪ ਦੇ ਸਿਵਾਇ ਹੋਰ ਕੋਈ ਹੋ ਨਹੀਂ ਸਕਦਾ । ਇਸ ਲਈ ਇਨ੍ਹਾਂ ਵਾਕਾਂ ਦਾ ਤਾਤਪ੍ਰਯ ਖਾਸ 'ਗੁਰੂ ਹਸਤੀ' ਦੀ ਮਹਿਮਾ ਵਿਚ ਹੀ ਹੈ, ਤਾਂਤੇ 'ਜੋ' ਅਤੇ 'ਜਿਸ' ਆਦਿ ਪਦ ਪੂਰਬੋਕਤ ਗੁਣਾਂ ਵਾਲਿਆਂ ਦੇ ਸੰਬੰਧਕ ਪੜਨਾਂਵ ਹਨ ਨਾ ਕਿ ਜਣੇ ਕਣੇ ਅਨਿਸ਼ਚਤ ਪੁਰਖਾਂ ਦੇ ।

ਸ਼ੰਕਾ–ਜੇਕਰ ਸਿਖ 'ਗੁਰੂ' ਨਹੀਂ ਬਣ ਸਕਦਾ ਤਾਂ ਗੁਰੂ ਅੰਗਦ ਦੇਵ ਆਦਿਕ ਮਹਾਂ ਪੁਰਖ (ਗੁਰ ਸਿਖ ਹੋ ਕੇ) ਫੇਰ ਗੁਰੂ ਕਿਵੇਂ ਬਣੇ ? ਨਾਲੇ ਗੁਰਬਾਣੀ ਵਿਚ ਲਿਖਿਆ ਹੈ 'ਗੁਰਸਿਖ ਸਿਖ ਗੁਰੂ ਹੈ'। ਪੁਨਾ–'ਗੁਰ ਚੇਲਾ ਚੇਲਾ ਗੁਰ ਹੋਈ' (ਭਾਈ ਗੁਰਦਾਸ ਜੀ) ਇਤਆਦੀ ਵਾਕਾਂ ਤੋਂ ਜਾਣਿਆ ਜਾਂਦਾ ਹੈ ਕਿ ਚੇਲਾ ਭੀ ਗੁਰੂ ਹੋ ਸਕਦਾ ਹੈ। ਇਸ ਲਈ ਇਕ ਸਿਖ ਦੇ ਗੁਰੂ ਬਣ ਸਕਣ ਦਾ ਨਿਖੇਧ ਨਹੀਂ ਬਣ ਸਕਦਾ।

ਉੱਤਰ–ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਵਿਚ ਆਪਣੀ ਜੋਤਿ ਰਖਕੇ ਗੁਰੂ ਬਣਾਇਆ ਉਹ ਗੁਰੂ ਬਣੇ, ਮਗਰ ਆਪਣੀ ਕਮਾਈ ਦੇ ਆਸਰੇ ਕੋਈ ਸਿਖ ਗੁਰੂ ਨਹੀਂ ਬਣਿਆ ਕਿਉਂਕਿ 'ਗੁਰੂ ਬਣਨਾ' ਸਿਖ ਹੋਣ ਦਾ ਮੰਤਵਜ ਨਹੀਂ । ਸੋ ਦਸਮ ਗੁਰੂ ਨਾਨਕ ਨੇ ਜਦੋਂ 'ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੀ'

Digitized by Panjab Digital Library | www.panjabdigilib.org

ਆਪ ਭੀ ਮੰਨਦੇ ਹੋ ਤਾਂ ਫੇਰ ਕਿਸੇ ਸਿਖ ਦਾ ਗੁਰੂ ਬਣਨਾਂ ਯਾ ਮੰਨਣਾਂ ਦਸਮ ਪਾਤਸ਼ਾਹ ਨਾਲ ਵਿਰੋਧ ਕਰਨਾਂ ਹੈ।

'ਗੁਰਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ' ਇਤਿਆਦੀ ਵਾਕਾਂ ਦਾ ਅਰਥ ਇਹ ਹੈ ਕਿ ਗੁਰੂ ਉਪਦੇਸ਼ ਦੇ ਰਾਹੀਂ ਗੁਰੂ ਅਤੇ ਚੇਲਾ ਦੋਵੇਂ ਤਦ ਰੂਪਤਾ ਕਰਕੇ ਅਭੇਦ ਹੋ ਜਾਂਦੇ ਹਨ। ਜੇ ਸਿਖ ਦੇ ਗੁਰੂ ਬਣ ਜਾਣ ਦਾ ਤਾਤਪ੍ਰਯ ਹੁੰਦਾ ਤਾਂ ਇਨ੍ਹਾਂ ਦੋਹਾਂ ਪਦਾਰਥਾਂ ਦਾ ਸਮਾਨ ਉਦੇਸ਼ ਅਤੇ ਵਿਧੇਯ ਨਾਂ ਹੁੰਦਾ ਅਰਥਾਤ 'ਗੁਰੂ ਸਿਖ ਗੁਰੂ ਹੈ' ਇਤਿਆਦੀ ਪਾਠ ਹੋਣਾ ਚਾਹੀਦਾ ਸੀ ਅਤੇ ਏਵੇਂ ਹੀ 'ਗੁਰ ਚੇਲਾ ਚੇਲਾ ਗੁਰ ਹੋਈ' ਦੇ ਥਾਂ 'ਚੇਲਾ ਗੁਰ ਹੋਈ' ਅਥਵਾ 'ਗੁਰ ਚੇਲਾ ਗੁਰ ਹੋਈ' ਆਦਿ ਪਾਠ ਹੁੰਦਾ। ਭਾਵ ਇਹ ਹੈ ਕਿ 'ਸਿਖ ਅਤੇ ਗੁਰੂ' ਅਥਵਾ 'ਗੁਰੂ ਅਤੇ ਚੇਲਾ' ਦੋ ਦੋ ਵਾਰ ਆਉਣ ਕਰਕੇ ਉਦੇਸ਼ ਵਿਧੇਯ ਭਾਵ ਦੀ ਏਕਤਾ ਦੁਆਰਾ ਦੋਹਾਂ ਪਦਾਰਥਾਂ ਦੀ 'ਗਉਣ' ਅਭੇਦਤਾ ਦਾ ਏਥੇ ਵਿਧਾਨ ਹੈ ਨਾ ਕਿ ਸਿਖ ਦੇ ਗੁਰੂ ਬਣ ਜਾਣ ਦਾ। ਜੇ ਇਉਂ ਨਾਂ ਹੁੰਦਾ 'ਸਿਖ' ਅਥਵਾ 'ਚੇਲਾ' ਸਬਦ ਕਦੇ ਭੀ ਵਿਧੇਯ ਵਾਕ ਦਾ ਅੰਸ਼ ਨਾ ਹੁੰਦੇ ਅਰਥਾਤ ਉਦੇਸ਼ (Subject) ਵਿਚ ਹੀ ਰਹਿੰਦੇ। ਸੋ ਉਕਤ ਪ੍ਰਮਾਣਾਂ ਦਾ ਭਾਵ ਸਿਖ ਮਾਤ੍ਰ ਦੇ ਗੁਰੂ ਬਣਨ ਦੇ ਉਕਾ ਹੀ ਵਿਰੁਧ ਹੈ।

ਸ਼ੰਕਾ ਜੇ ਇਸ ਤਰਾਂ ਮੰਨੀਏ ਤਾਂ 'ਗੁਰ ਮੂਰਤਿ ਸਤਿ-ਗੁਰ ਸਬਦ ਸਾਧ ਸੰਗਤ ਸਮਸਰ ਪਰਵਾਣਾ' ਇਤਿਆਦੀ ਪ੍ਰਮਾਣਾਂ ਨਾਲ ਆਪ ਦਾ ਵਿਰੋਧ ਆਵੇਗਾ ਅਰਥਾਤ ਏਸ ਪ੍ਰਮਾਣ ਦਾ ਭਾਵ ਇਹ ਹੈ ਕਿ ਗੁਰੂ ਦਾ ਇਕ ਰੂਪ ਉਨ੍ਹਾਂ ਦਾ ਸ਼ਬਦ ਹੈ ਦੂਜਾ ਰੂਪ ਸਾਧ ਸੰਗਤ ਭੀ ਹੈ। ਜੋ ਕਿ

Digitized by Panjab Digital Library | www.panjabdigilib.org

ਉਨ੍ਹਾਂ ਦੇ ਤੁਲ ਹੀ ਪ੍ਰਵਾਣ ਹੈ ਅਤੇ ਆਪ ਭੀ ਇਹ ਮੰਨਦੇ ਹੋ ਕਿ ਸਾਧ ਸੰਗਤ ਯਾ ਪੰਥ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ 'ਗੁਰੂ' ਬਣਾਇਆ ਫੇਰ ਇਸ ਤੋਂ ਮੁਕਰਦੇ ਕਿਉਂ ਹੋ ? ਅਰਥਾਤ ਸਾਧ ਸੰਗਤ ਵਿਚੋਂ ਹੀ ਕੋਈ ਗੁਰੂ ਬਣ ਸਕਦਾ ਹੈ ।

ਉਤਰ—ਆਪ ਉਕਤ ਪ੍ਰਮਾਣ ਦੇ ਅਰਥਾਂ ਤੋਂ ਬਿਲਕੁਲ ਘੁਥੇ ਹੋਏ ਹੋ ਅਰਥਾਤ ਇਸਦਾ ਅਰਥ ਤਾਂ ਇਹ ਹੈ ਕਿ ਗੁਰਾਂ ਦਾ ਨਿਜ ਰੂਪ ਤਾਂ ਉਨ੍ਹਾਂ ਦਾ ਸ਼ਬਦ ਹੀ ਹੈ ਮਗਰ ਸਾਧ ਸੰਗਤ ਆਪੋ ਵਿਚ ਇਕੋ ਜੇਹੀ ਮੰਨੀ ਗਈ ਹੈ ਅਰਥਾਤ ਵਧ ਘਟ ਨਾ ਹੋਣ ਕਰਕੇ ਕੋਈ ਗੁਰੂ ਅਤੇ ਚੇਲਾ ਨਹੀਂ। ਜੇ ਕੋਈ ਸਿਖ ਗੁਰੂ ਪਦ ਦਾ ਅਧਿਕਾਰੀ ਹੁੰਦਾ ਤਾਂ ਸਾਧ ਸੰਗਤ ਦੇ ਥਾਂ 'ਸਿਖ' ਯਾ 'ਸਾਧ' ਪਦ ਹੁੰਦਾ ਅਥਵਾ ਸਾਧ ਸੰਗਤ ਦੇ ਨਾਲ 'ਗੁਰ ਪਰਵਾਣਾ' ਯਾ 'ਭੀ ਗੁਰ ਜਾਣਾ' ਆਦਿਕ ਪਦ ਹੁੰਦੇ ਭਲਾ ਜੇ 'ਦੁਰਜਨ ਤੋਸ਼' ਕਰ ਕੇ ਸਾਧ ਸੰਗਤ ਨੂੰ ਗੁਰੂ ਦਾ ਦੂਜਾ ਰੂਪ ਮੰਨ ਲਈਏ ਤਾਂ ਭੀ ਏਸ ਦਾ ਭਾਵ ਇਹ ਹੈ ਕਿ 'ਪੰਥ ਗੁਰੂ ਹੈ' ਨਾ ਕਿ ਇਕ ਸਿਖ ।

ਸ਼ੰਕਾ—ਜੇ ਕੋਈ ਤਾਲ ਲਗਵਾਕੇ ਇਹ ਆਖ ਜਾਵੇ ਕਿ ਮੇਰੀ ਸੰਤਾਨ ਏਸਦੀ ਪੂਜਾ ਕਰਿਆ ਕਰੇ ਤਾਂ ਉਸ ਦੀ ਸੰਤਾਨ ਤਾਲ ਦੀ ਪੂਜਾ ਕਰਦੀ ਹੋਈ ਆਪਣੇ ਬਜ਼ੁਰਗ ਦੀ ਭੀ ਪੂਜਾ ਕਰਦੀ ਰਹਿੰਦੀ ਹੈ, ਏਸੇ ਤਰਾਂ ਗੁਰਾਂ ਦੇ ਬਚਨਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਕੇ ਪੂਜਦਾ ਹੋਇਆ ਜੇ ਕੋਈ ਸਿਖ ਆਪਣੇ ਗੁਰੂ ਨੂੰ ਭੀ ਪੂਜਦਾ ਰਹੇ ਤਾਂ ਕੀ

Digitized by Panjab Digital Library | www.panjabdigilib.org

ਹਾਨੀ ਹੈ ?

ਉੱਤਰ–ਵਾਹ ਜੀ ਵਾਹ, ਖੂਬ ! ਦੇਖੋ, ਇਹ ਸਭ ਕੋਈ ਜਾਣਦਾ ਹੈ ਕਿ ਦ੍ਰਿਸ਼ਟਾਂਤ 'ਦਾਰਸ਼੍ਟਾਂਤ' ਦਾ ਹੀ ਪ੍ਰਤਿ ਬਿੰਬ ਹੋਇਆ ਕਰਦਾ ਹੈ ਨਾ ਕਿ ਕਿਸੇ ਅਪ੍ਰਕ੍ਰਿਤ (ਅਪ੍ਰਾਸੰਗਿਕ) ਪਦਾਰਥ ਦਾ। ਮਗਰ ਆਪ ਨੇ ਦ੍ਰਿਸ਼ਟਾਂਤ ਤਾਂ ਦਿਤਾ 'ਤਾਲ ਲਵਾਉਣ ਵਾਲੇ' ਦਾ, ਅਤੇ ਉਸਦਾ ਦਾਰਸ੍ਟਾਂਤ ਆਪਣੇ 'ਗੁਰੂ' ਨੂੰ ਥਾ ਪਿਆ। ਇਤਨਾ ਅੰਧੇਰ !! ਭਾਵ ਇਹ ਹੈ ਕਿ ਆਪ ਤਾਲ ਦੀ ਪੂਜਾ ਦੀ ਤਰਾਂ ਉਸਦੇ ਲਵਾਉਣ ਵਾਲੇ ਦੀ ਪੂਜਾ ਨੂੰ ਦ੍ਰਿਸ੍ਟਾਂਤ ਦਾ ਅੰਗ ਮੰਨਦੇ ਹੋ ਮਗਰ ਦਾਰਸ੍ਟਾਂਤ ਦੇ ਅੰਗ ਵਿਚ ਤਾਲ ਲਵਾਉਣ ਵਾਲੇ ਦੇ ਥਾਂ ਆਪਣੇ ਗੁਰੂ ਨੂੰ ਰਖ ਦਿੰਦੇ ਹੋ। ਸੋ ਆਪ ਦੇ ਕਥਨ ਵਿਚ 'ਹਤ ਵਿਧੇਯ'ਦੋਸ਼ ਹੈ। ਫੇਰ ਜੇ ਕਿਸੇ ਨੇ ਆਪਣੇ ਬੜੇ ਦੀ ਪੂਜਾ ਕਰਨੀ ਹੋਵੇ ਤਾਂ ਉਸਦੇ ਬਣਾਏ ਹੋਏ ਦੀ ਪੂਜਾ ਕਰਨ ਤੋਂ ਪਿਛੋਂ ਉਸਦੀ ਪੂਜਾ ਕੀ ਰਹਿ ਜਾਵੇਗੀ ? ਨਾਲੇ ਜੇ ਉਸ ਨੇ ਕਿਹਾ ਹੋਵੇ ਕਿ 'ਇਸ ਵਸਤੂ ਨੂੰ ਮੇਰੇ ਥਾਂ ਸਮਝਕੇ ਪੂਜਾ ਕਰਨੀ ਹੋਵੇਗੀ' ਤਾਂ ਫੇਰ ਬਜੁਰਗ ਦੀ ਪੂਜਾ ਕਰਨੀ ਬੇ-ਅਰਥ ਹੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਵਿਚ ਤਾਲ ਦਾ ਦ੍ਰਿਸ਼ਟਾਂਤ ਵਿਖਮ ਭੀ ਹੈ। ਕਿਉਂਕਿ ਤਾਲ ਤਾਂ ਉਸਦੇ ਲਵਾਉਣ ਵਾਲੇ ਤੋਂ ਤਟਸਥ (ਲਾਂਭੇ ਦਾ) ਪਦਾਰਥ ਹੈ ਅਤੇ ਉਸਦੀ ਪੂਜਾ ਬੜੇ ਦੀ ਆਗਿਆ ਹੋਣ ਕਰਕੇ ਕੇਵਲ ਭਾਵਨਾ ਨਾਲ ਹੀ ਕੀਤੀ ਜਾਵੇਗੀ ਮਗਰ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਤਾਂ ਗੁਰਾਂ ਦੀ ਨਿਜ ਆਤਮਾ ਅਥਵਾ ਆਪ

Digitized by Panjab Digital Library | www.panjabdigilib.org

ਦਾ ਗਿਆਨ ਹੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਕੇਵਲ 'ਗੁਰਾਂ ਦੀ ਆਗਿਆ' ਕਰਕੇ ਹੀ ਨਹੀਂ ਕੀਤੀ ਜਾਂਦੀ, ਸਗੋਂ ਇਸ ਲਈ ਕਿ ਉਹ ਗੁਰੂ ਹਨ ਭੀ। ਫੇਰ ਭਲਾ ਜੇ ਉਨ੍ਹਾਂ ਦੀ ਪੂਜਾ ਦੇ ਨਾਲ ਕਿਸੇ ਪ੍ਰਕਾਰ ਤੋਂ ਦਸਾਂ ਗੁਰਾਂ ਦੀ ਭੀ ਕਿਸੇ ਨੇ ਪੂਜਾ ਕਰਨੀ ਹੋਵੇ ਤਾਂ ਜੀਉ ਸਦਕੇ ਕਰੇ ਮਗਰ ਇਹ ਕੇਹੜੀ ਗੱਲ ਹੋਈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ੨ ਕਿਸੇ ਧੂਰਤ ਜੇਹੇ ਨੂੰ ਆਪਣਾ ਗੁਰੂ ਮੰਨਕੇ ਪੂਜਾ ਕਰਨ ਲਗ ਜਾਵੇ।

## ਬਾਣੀ ਗੁਰੂ ਹੋਣ ਤੇ

ਸ਼ੰਕਾ—'ਬਾਣੀ ਗੁਰੂ ਗੁਰੂ ਹੈ ਬਾਣੀ' ਇਤਿਆਦੀ ਪ੍ਰਮਾਣਾਂ ਦਾ ਭਾਵ ਬਾਣੀ ਦੀ 'ਸਾਖਿਆਤ ਗੁਰੂ ਰੂਪਤਾ' ਵਿਚ ਨਹੀਂ ਕਿੰਤੂ 'ਗਉਣ ਅਭੇਦਤਾ' ਵਿਚ ਹੈ ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਵੇਂ ਪਾਤਸ਼ਾਹ ਨੇ 'ਗੁਰੂ ਰੂਪ ਸਥਾਪਨ ਕੀਤਾ' ਹੋਣ ਕਰਕੇ 'ਭਾਵਨਾ ਮਈ ਗੁਰੂ' ਹੀ ਮੰਨਣਾ ਠੀਕ ਹੈ ਅਤੇ "ਸਾਖਿਆਤ ਗੁਰੂ" ਦੇਹਧਾਰੀ ਹੀ ਚਾਹੀਦਾ ਹੈ।

ਉਤਰ—ਪੂਰਬੋਕਤ ਪ੍ਰਸੰਗਾਂ ਵਿਚ ਗੁਰੂ ਜੋਤਿ ਨੂੰ ਸ਼ਬਦ ਰੂਪ ਸਿਧ ਕਰਕੇ ਸ਼ਬਦ ਯਾ ਗੁਰ ਗਿਆਨ ਨੂੰ 'ਗੁਰੂ ਦਾ ਲਛਣ' ਦਸਿਆ ਗਿਆ ਹੈ। ਦੇਹ ਨੂੰ ਗੁਰਤ੍ਵ ਵਿਚ ਅਨ-ਜ਼ਬਾ ਸਿਧ ਅਤੇ ਗੁਰੂ ਦੇ ਦੇਹਧਾਰੀ ਰੂਪ ਵਿਚ 'ਵਿਆਕਰਣ ਦੀ ਪੋਥੀ' ਨੂੰ ਹੀ 'ਵਿਆਕਰਣ' ਕਹਿਣ ਵਾਂਗ ਉਪਚਾਰ ਦੁਆਰਾ 'ਗੁਰੂ ਬਿਉਹਾਰ' ਦਾ ਹੋਣਾ ਸਿਧ ਕੀਤਾ ਗਿਆ

Digitized by Panjab Digital Library | www.panjabdigilib.org

ਹੈ ਅਤੇ 'ਬਾਣੀ ਗੁਰੂ ਗੁਰੂ ਹੈ ਬਾਣੀ' ਇਤਿਆਦੀ ਪ੍ਰਮਾਣਾਂ ਦੁਆਰਾ ਭੀ ਗੁਰੂ ਅਤੇ ਬਾਣੀ ਦਾ ਓਤ ਪ੍ਰੋਤ ਭਾਵ ਹੋ ਜਾਣ ਕਰ ਕੇ ਗੁਰਬਾਣੀ ਯਾ ਗੁਰ ਸਬਦ ਨੂੰ 'ਸਾਖਿਆਤ ਗੁਰੂ ਰੂਪਤਾ' ਸਿਧ ਹੁੰਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ "ਭਾਵਨਾ ਮਈ' ਗੁਰੂ ਨਹੀਂ ਹਨ ਕਿੰਤੂ ਸਾਖਿਆਤ ਗੁਰੂ ਹਨ। ਮਗਰ ਆਪ ਸਾੜ੍ਹ ਸਤੀ ਦੇ ਮਾਰੇ ਹੋਏ ਕਿਸੇ ਚੁੰਚ ਗਿਆਨੀ ਨੂੰ ਹੀ ਸਾਖਿਆਤ ਗੁਰੂ ਮੰਨੀ ਜਾਂਦੇ ਹੋ ਜਿਸ ਦੇ ਗੁਰਿਆਈ ਦਾ ਲੱਛਣ ਨੇੜੇ ੨ ਭੀ ਨਹੀਂ ਗਿਆ ਬਲਕਿ ਗੁਰਾਂ ਦੀ ਬਰਾਬਰੀ ਕਰਨ ਵਾਲਾ, ਪਤਿਤ, ਮਨਮੁਖ ਅਤੇ ਸੰਗਤ ਵਿਚ ਨਾ ਮਿਲਣ ਵਾਲਾ ਤਾਂ ਸਿਖ ਭੀ ਨਹੀਂ ਕਹਾ ਸਕਦਾ।

(ਸੂਰਜ ਅਤੇ ਕਿਰਣ ਦਾ ਦ੍ਰਿਸ਼ਟਾਂਤ)

ਸ਼ੰਕਾ—'ਸੂਰਜ ਵਿਚ ਸੂਰਜ ਦੀ ਕਿਰਣ' ਦੇ ਅਭੇਦ ਵਾਂਗ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀ ਬਾਣੀ ਦਾ ਅਭੇਦ ਮੰਨੋਗੇ ਤਾਂ ਜਿਸ ਤਰਾਂ ਸੂਰਜ ਦੇ ਛਿਪ ਜਾਣ ਨਾਲ ਕਿਰਣ ਦਾ ਭੀ ਲੋਪ ਹੋ ਜਾਂਦਾ ਹੈ ਓਸੇ ਤਰਾਂ ਗੁਰੂ ਦੇ ਜੋਤੀ ਜੋਤਿ ਸਮਾਉਣ ਨਾਲ ਹੀ ਗੁਰ-ਬਾਣੀ ਦਾ ਲੋਪ ਮੰਨਣਾ ਪਏਗਾ।

ਉੱਤਰ—ਜੇਕਰ ਸੂਰਜ ਆਦਿ ਲੋਇ ਵਾਲੀਆਂ ਵਸਤਾਂ ਦੀਆਂ ਕਿਰਣਾਂ ਯਾ ਲੋਇ ਨੂੰ ਵਿਧੀ ਨਾਲ ਕਿਸੇ ਖਾਸ ਪਰਿਛਿੰਨ ਰੂਪ ਵਿਚ ਨਾਂ ਬੰਦ ਕਰ ਲਿਆ ਜਾਵੇ ਤਾਂ ਉਹ ਜਰੂਰ ਆਪਣੇ ਤੱਤ ਦੇ ਨਾਲ ਹੀ ਲੋਪ ਹੋ ਜਾਂਦੀਆਂ ਹਨ ਮਗਰ ਜੇਕਰ ਉਹ ਵਿਧੀ ਨਾਲ ਕਿਸੇ ਖਾਸ ਰੂਪ ਵਿਚ ਕਾਇਮ ਕਰ ਲਈਆਂ ਜਾਣ ਤਾਂ ਤੱਤ ਦੇ ਲੋਪ ਤੋਂ ਉਨ੍ਹਾਂ ਦਾ ਲੋਪ ਨਹੀਂ ਹੋ

Digitized by Panjab Digital Library | www.panjabdigilib.org

ਸਕਦਾ ਅਤੇ ਤੱਤ ਦੇ ਸੂਖਮ ਹੋਣ ਤੇ ਉਸਦਾ ਕੋਈ ਅੰਗ ਖਰਾਬ ਭੀ ਨਹੀਂ ਹੁੰਦਾ। ਜੈਸੇ ਦੀਵੇ ਨਾਲੋਂ ਦੀਵਾ ਜਗਣ ਨਾਲ ਨਾਂ ਤਾਂ ਪਹਿਲਾ ਦੀਵਾ ਘਟਦਾ ਹੀ ਹੈ ਅਤੇ ਨਾਂ ਹੀ ਉਸਦੇ ਬੁਝ ਜਾਣ ਤੋਂ ਦੂਜਾ ਬੁਝਦਾ ਹੈ। ਸੋ ਗੁਰੂ ਜੋਤਿ ਤੋਂ ਪ੍ਰਗਟ ਹੋਣ ਵਾਲੀ ਗੁਰਬਾਣੀ ਗੁਰਾਂ ਦੀ ਦੇਹ ਵਿਚਲੀ ਜੋਤਿ ਦੇ ਲੋਪ ਹੋ ਜਾਣ ਤੇ ਲੋਪ ਨੂੰ ਪ੍ਰਾਪਤ ਨਹੀਂ ਹੁੰਦੀ, ਇਸ ਲਈ ਗੁਰ ਜੋਤਿ ਨਾਲ ਗੁਰਬਾਣੀ ਦੇ ਮੁਖ ਅਭੇਦ ਦਾ ਖੰਡਨ ਨਹੀਂ ਹੋ ਸਕਦਾ।

ਸ਼ੰਕਾ—ਅਸਾਡਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਸ਼ਬਦ ਰੂਪ' ਹੋਣ ਕਰਕੇ ਅਸਲ ਗੁਰਬਾਣੀ ਨਹੀਂ ਕਿੰਤੂ ਅਸਲੀ ਬਾਣੀ ਤਾਂ ਗੁਰਾਂ ਦਾ ਗਿਆਨ ਹੀ ਹੈ, ਉਸ ਨੂੰ ਪ੍ਰਗਟ ਕਰਨ ਵਾਲੀ ਇਹ 'ਸ਼ਬਦ ਰੂਪ' ਬਾਣੀ ਅਨਿੱਤ ਹੈ, ਇਸ ਲਈ ਇਹ 'ਸਾਖਿਆਤ ਗੁਰੂ' ਨਹੀਂ, ਕਿੰਤੂ ਏਸ ਦਾ ਗਿਆਨ ਗੁਰੂ ਹੈ ਯਾ ਉਸ ਨੂੰ ਦਸਣ ਵਾਲਾ ਦੇਹਧਾਰੀ ਗੁਰੂ ਹੈ।

ਉੱਤਰ—ਗੁਰਬਾਣੀ ਦੇ ਪ੍ਰਮਾਣਾਂ ਵਿਚ ਤਾਂ 'ਗੁਰਬਾਣੀ' ਆਦਿਕ ਸਾਧਾਰਣ ਪਦ ਹੀ ਹਨ, ਜਿਨ੍ਹਾਂ ਦਾ ਸਾਫ ੨ ਅਰਥ ਏਹੋ ਬਾਣੀ ਹੈ, ਜਿਸ ਨੂੰ ਅਸੀਂ ਅੱਖਾਂ ਨਾਲ ਦੇਖਦੇ ਪੜ੍ਹਦੇ ਅਤੇ ਸੁਣਦੇ ਹਾਂ ਪ੍ਰੰਤੂ ਜੇ ਸੂਖਮ ਬਾਣੀ ਨੂੰ ਤੁਸੀਂ ਗੁਰਬਾਣੀ ਮੰਨਦੇ ਹੋ ਤਾਂ ਏਸ ਦੇ ਗੁਰਬਾਣੀ ਹੋਣ ਤੋਂ ਭੀ ਤੁਸੀਂ ਮੁਕਰ ਨਹੀਂ ਸਕਦੇ ਕਿਉਂਕਿ 'ਪ੍ਰਾ' ਬਾਣੀ ਤੋਂ ਲੈਕੇ 'ਵੈਖਰੀ' ਤਕ ਸਭ 'ਬਾਣੀਆਂ' ਹੀ ਹੁੰਦੀਆਂ ਹਨ। ਸੋ ਗੁਰਾਂ ਦੀ 'ਵੈਖਰੀ' ਬਾਣੀ ਨੂੰ ਸਦਾ ਲਈ ਕਾਇਮ ਰਖਣ ਵਾਸਤੇ ਅੱਖਰਾਂ ਦੇ ਸੰਕੇਤ ਵਿਚ ਲਿਖੀ ਹੋਈ ਬਾਣੀ ਭੀ 'ਗੁਰਬਾਣੀ' ਹੀ ਕਹਾਵੇਗੀ ਅਤੇ ਜੋ ਏਸਦਾ

Digitized by Panjab Digital Library | www.panjabdigilib.org

ਗਿਆਨ ਹੈ ਉਹ ਭੀ ਇਸ ਤੋਂ ਬਾਹਰ ਨਹੀਂ ਕਿੰਤੂ ਅੰਦਰ ਹੀ ਹੈ ਜੋ ਕਿ ਏਸਦਾ ਆਪਣਾ 'ਸਹਜ' ਹੈ। ਸੋ ਜਦ ਆਪ ਉਸਨੂੰ ਹੀ ਅਸਲ ਸਮਝਕੇ 'ਗੁਰਬਾਣੀ' ਕਹਿੰਦੇ ਹੋ ਅਤੇ ਉਸ ਗਿਆਨ ਰੂਪ ਅਸਲੀ ਬਾਣੀ ਦਾ ਗੁਰਾਂ ਨਾਲ ਅਭੇਦ ਮੰਨਦੇ ਹੋ ਤਾਂ ਇਸ ਤੋਂ ਸਾਫ ਸਿਧ ਹੋ ਗਿਆ ਕਿ ਗੁਰਾਂ ਦੀ ਗਿਆਨ ਰੂਪ ਬਾਣੀ ਹੀ ਸਾਖਿਆਤ ਗੁਰੂ ਹੈ ਅਤੇ ਕੋਈ ਦੇਹਧਾਰੀ ਨਹੀਂ ਜੋ ਕਿ ਬਾਣੀ ਤੋਂ ਤਟਸਥ (ਲਾਂਭ ਦੀ) ਹਸਤੀ ਵਾਲਾ ਹੋਵੇ।

ਸ਼ੰਕਾ - ਜਿਸ ਤਰਾਂ ਸਭ ਲੋਕ ਅਕਾਲ ਪੁਰਖ ਦੇ ਭੀ ਪੁਤ੍ਰ ਹੁੰਦੇ ਹੋਏ ਆਪੋ ਆਪਣੇ ਪਿਤਾਵਾਂ ਦੇ ਪੁਤ੍ਰ ਹਨ ਉਸੇ ਤਰਾਂ ਇਕ ਗੁਰੂ ਦੇ ਚੇਲੇ ਹੁੰਦੇ ਹੋਏ ਭੀ ਇਕ ਦੂਜੇ ਦੇ ਸਿਖ ਹੋ ਸਕਦੇ ਹਨ, ਇਸ ਲਈ ਉਪਦੇਸ਼ ਕਰਨ ਵਾਲਾ ਭੀ ਭਾਈ ਨਹੀਂ ਕਹਾਵੇਗਾ, ਕਿੰਤੂ ਗੁਰੂ ਹੀ ਮੰਨਿਆ ਜਾਵੇਗਾ।

ਉਤਰ—ਹੁਣ ਤੁਸੀਂ ਉਖੜ ਕੁਹਾੜੀਏਂ ਪੈ ਗਏ ਹੋ ਜੋ ਹਰ ਵਾਰ ਬਿਖਮ ਹੀ ਦਿਰਸ਼ਟਾਂਤ ਦਿੰਦੇ ਹੋ। ਅਰਥਾਤ ਅਕਾਲ ਪੁਰਖ ਤਾਂ ਲੋਕਾਂ ਦਾ ਸਧਾਰਣ ਪਿਤਾ ਹੈ ਅਤੇ ਮਨੁਖ ਕਿਸੇ ਦਾ ਅਸਾਧਾਰਣ ਪਿਤਾ ਹੈ। ਸੋ ਆਪ ਨੇ ਇਕ ਤਾਂ ਸਾਧਾਰਣ ਅਤੇ ਅਸਾਧਾਰਣ ਦੋ ਅੰਸ ਮਿਲਾਕੇ ਦਿਰ-ਸ਼ਟਾਂਤ ਬਣਾਉਣ ਵਿਚ ਗਲਤੀ ਖਾਧੀ ਹੈ, ਦੂਜੇ ਦ੍ਰਿਸ਼ਟਾਂਤ ਦਾ ਮੁਖ ਰੂਪ ਸਾਧਾਰਣ ਅਤੇ ਦਾਰਸ਼ਟਾਂਤ ਦਾ ਰੂਪ ਅਸਾਧਾਰਣ ਥਾਪਕੇ ਦ੍ਰਿਸ਼ਟਾਂਤ ਨੂੰ ਬਿਖਮ ਬਣਾ ਦਿਤਾ ਹੈ। ਭਾਵ ਇਹ ਕਿ ਜਿਸ ਤਰਾਂ ਅਕਾਲ ਪੁਰਖ ਦੇ ਸਭ ਲੋਕ ਸਾਧਾਰਣ ਪੁਤ੍ਰ ਹਨ ਉਸੇ ਤਰਾਂ ਸਿਖ ਗੁਰੂ ਸਾਹਿਬ ਦੇ ਸਾਧਾਰਣ

Digitized by Panjab Digital Library | www.panjabdigilib.org

ਪੁਤ੍ਰ ਨਹੀਂ । ਕਿੰਤੂ ਵਿਸ਼ੇਸ਼ ਪੁਤ੍ਰ ਹਨ। ਇਸ ਲਈ ਸਾਮਾ-ਨਜ ਵਸਤੂ ਵਿਸ਼ੇਸ਼ ਪਦਾਰਥ ਵਿਚ ਦ੍ਰਿਸ਼ਟਾਂਤ ਰੂਪ ਤੇ ਨਹੀਂ ਆ ਸਕਦੀ। ਜੇ ਦ੍ਰਿਸ਼ਟਾਂਤ ਦਾ ਮੁਖ ਅੰਸ ਵਿਸ਼ੇਸ਼ ਮੰਨਕੇ ਲਾਵੋਂ ਤਾਂ ਭੀ ਖਿਖਮਤਾ ਹੈ। ਕਿਉਂਕਿ ਇਸ ਤਰਾਂ ਕਹਿਣ ਨਾਲ ਭੀ ਏਹੋ ਅਰਥ ਹੋਵੇਗਾ ਕਿ ਜਿਵੇਂ ਮਨੁਖਾਂ ਦਾ ਪਿਤਾ ਪੁਤ੍ਰ ਭਾਵ ਸੰਬੰਧ ਨਹੀਂ ਹਟ ਸਕਦਾ ਓਸੇ ਤਰਾਂ ਜੋ ਭੀ ਇਕ ਵਾਰ ਗੁਰਾਂ ਦੇ ਸਿਖ ਹੋ ਗਏ ਉਨ੍ਹਾਂ ਦਾ ਗੁਰ ਸਿਖ ਭਾਵ ਹਟ ਨਹੀਂ ਸਕਦਾ। ਸੋ ਜਦੋਂ ਕੋਈ ਇਕ ਵਾਰ ਗੁਰਾਂ ਦਾ ਸਿਖ ਬਣ ਚੁਕਿਆ ਉਸ ਨੂੰ ਫੇਰ ਕਿਸੇ ਦਾ ਸਿਖ ਬਣਨ ਦੀ ਲੋੜ ਹੀ ਨਹੀਂ ਰਹੀ। ਨਾਲੇ ਆਪ ਦੇ ਖਿਆਲ ਅਨੁਸਾਰ ਦ੍ਰਿਸ਼ਟਾਂਤ ਅਤੇ ਦਾਰਸ਼ਟਾਂਤ ਦੀ ਏਕਤਾ ਹੋਣ ਕਰਕੇ ਉਕਤ ਕਥਨ ਦਾ ਭਾਵ ਇਹ ਭੀ ਹੋਵੇਗਾ ਕਿ ਜਿਸ ਤਰਾਂ ਇਕ ਗੁਰੂ ਦੇ ਘਰ ਜੰਮਕੇ ਕੋਈ ਸਿਖ ਦੂਜੇ ਦੇ ਘਰ ਭੀ ਜੰਮ ਸਕਦਾ ਹੈ ਓਸੇ ਤਰਾਂ ਕੋਈ ਇਕ ਆਦਮੀ ਦਾ ਪੁਤ੍ਰ ਬਣਕੇ ਦੂਜੇ ਦਾ ਭੀ ਪੁਤ੍ਰ ਬਣ ਸਕਦਾ ਹੈ। ਨਾਲੇ ਫੇਰ ਏਸ ਤਰਾਂ ਅਕਾਲ ਪੁਰਖ ਦਾ ਭੀ ਬਣਿਆ ਹੀ ਰਹਿ ਸਕਦਾ ਹੈ। ਵਾਹ ਜੀ ਵਾਹ, ਇਹ ਮੰਤਿਕ (ਨਜਾਇ) ਖੂਬ ਹੈ।

ਹੋਰ ਆਪ ਦਾ ਕਥਨ 'ਸਾਧਜ ਸਮ' ਹੋਣ ਤੇ ਭੀ ਦੂਸ਼ਿਤ ਹੈ। ਅਰਥਾਤ ਜੋ ਸਾਧਜ (ਜ਼ੇਰ ਬਹਸ) ਦੇ ਤੁੱਲ ਹੋਵੇ ਉਸਨੂੰ 'ਸਾਧਜ ਸਮ' ਕਿਹਾ ਜਾਂਦਾ ਹੈ। ਸੋ ਐਸਾ ਹੀ ਆਪ ਦਾ ਕਥਨ ਹੈ। ਕਿਉਂਕਿ ਜਿਸ ਤਰਾਂ ਆਪੋ ਆਪਣੇ ਗੁਰੂ ਧਾਰਨ ਨਾਲ ਭੀ 'ਮੁਖ ਗੁਰੂ ਦਾ ਸਿਖ ਬਣਿਆ ਰਹਿਣਾ'

Digitized by Panjab Digital Library | www.panjabdigilib.org

ਆਪ, ਸਿਧ ਕਰਿ, ਰਹੇ ਹੋ ,ਉਸ ਦੇ ਸਮਾਨ ਹੀ ਇਕ ਗੁਰੂ ਦੇ ਹੁੰਦਿਆਂ ਦੂਜੇ ਗੁਰੂ ਦਾ ਸਿਖ ਹੋ ਸਕਣਾ ਭੀ ਆਪ ਨੂੰ ਸਿੱਧ ਕਰਨਾ ਪਵੇਗਾ ਭਾਵ ਇਹ ਹੈ ਕਿ ਜਦ ਤਕ ਇਹ ਸਿਧ ਨਾ ਹੋ ਜਾਵੇ ਕਿ 'ਗੁਰਮਤਿ ਵਿਚ ਇਕ ਗੁਰੂ ਦੇ ਹੁੰਦਿਆਂ ਦੂਜੇ ਨੂੰ ਭੀ ਧਾਰਨ ਦੀ ਆਗਿਆ ਹੈ ਓਦੋਂ ਤਕ ਆਪ ਆਪਣੇ ਕਥਨ ਨੂੰ ਸੱਚਾ ਨਹੀਂ ਸਾਬਤ ਕਰ ਸਕਦੇ ਕਿਉਂਕਿ ਉਹ ਆਪਣੀ ਸਿੱਧੀ ਦਾ ਮੁਹਤਾਜ ਹੈ, ਇਸ ਲਈ ਗੁਰੂ ਘਰ ਵਿਚ ਸਭ ਉਪਦੇਸ਼ਟਾ ਪੁਰਖ 'ਗੁਰ-ਭਾਈ' ਹਨ, ਕੋਈ ਭੀ ਉਨ੍ਹਾਂ ਵਿਚੋਂ ਗੁਰੂ ਨਹੀਂ।

ਸ਼ੰਕਾ—ਜਿਸ ਤਰਾਂ ਯੋਗ ਪੁਤ੍ਰ ਆਪਣੇ ਬਾਪ ਦੇ ਠੀਕ ਅਧਿਕਾਰੀ ਹੁੰਦੇ ਹਨ ਉਸੇ ਤਰਾਂ ਸੰਤ ਮਹਾਤਮਾਂ ਭੀ ਗੁਰੂ ਸਾਹਿਬ ਦੇ ਪੁਤ੍ਰ ਅਤੇ ਗੁਰ ਉਪਦੇਸ਼ ਚਲਾਉਣ ਵਾਲੇ ਹੋਣ ਕਰਕੇ 'ਗੁਰੂ' ਹੀ ਹਨ।

ਉੱਤਰ—ਗੁਰੂ ਸਾਹਿਬ ਦੇ ਸਭ ਯੋਗ ਸਿਖ 'ਪੁਤ੍ਰ ਅਤੇ ਸੰਤ ਮਹਾਤਮਾ' ਹੀ ਹੁੰਦੇ ਹਨ ਇਸ ਕਰਕੇ ਉਹ ਸਭ 'ਏਕ ਪਿਤਾ ਏਕਸ ਕੇ ਹਮ ਬਾਰਕ ਤੂ ਮੇਰਾ ਗੁਰ ਹਾਈ' ਅਨੁ-ਸਾਰ ਗੁਰਭਾਈ ਹੀ ਹੁੰਦੇ ਹਨ ਅਤੇ ਜੋ ਅਜੇ ਸਿਖ ਨਹੀਂ ਬਣੇ ਅਥਵਾ ਸਿਖਿਆ ਦੇ ਮੁਥਾਜ ਹਨ ਉਨ੍ਹਾਂ ਨੂੰ ਗੁਰਾਂ ਦਾ ਉਪਦੇਸ਼ ਦਿਰੜਾਉਂਦੇ ਹੋਏ ਗੁਰੂ ਨਹੀਂ ਬਣ ਜਾਂਦੇ ਕਿਉਂਕਿ ਗੁਰਾਂ ਤੋਂ ਬਿਨਾਂ ਕਿਸੇ ਨੂੰ ਭੀ ਗੁਰਿਆਈ ਦਾ ਅਧਿਕਾਰ ਅਤੇ ਤਾਣ ਪ੍ਰਾਪਤ ਨਹੀਂ।

ਸ਼ੰਕਾ—ਜਿਸ ਤਰਾਂ ਰਾਜਾ ਦੇ ਸੇਵਕ ਰਾਜਾ ਦੇ ਥਾਂ ਪੂਰਾ ਕੰਮ ਕਰਦੇ ਹੋਏ ਭੀ ਬੇਸ਼ਕ ਉਸ ਦੇ ਰਾਜ ਦੇ ਅਧਿਕਾਰੀ

Digitized by Panjab Digital Library | www.panjabdigilib.org

ਨਹੀਂ ਬਣ ਸਕਦੇ ਮਗਰ ਉਸਦਾ ਪੁਤ੍ਰ ਤਾਂ ਰਾਜ ਦਾ ਅਧਿਕਾਰੀ ਜ਼ਰੂਰ ਹੁੰਦਾ ਹੈ,ਓਸੇ ਤਰਾਂ ਗੁਰਸਿਖ ਭਾਵੇਂ ਗੁਰੂ ਨਹੀਂ ਬਣ ਸਕਦੇ ਮਗਰ ਜੋ ਸੰਤ ਮਹਾਤਮਾ ਹਨ ਉਹਤਾਂ ਜ਼ਰੂਰ'ਗੁਰੂ'ਮੰਨੇਜਾਂਦੇਹਨ?

ਉਤਰ–ਇਹ ਭੀ ਤੁਹਾਡਾ ਕੋਰਾ ਅਗਿਆਨ ਹੈ ਕਿਉਂਕਿ ਗੁਰੂ ਘਰ ਵਿਚ ਸਿਖ ਅਤੇ ਸੰਤ ਦੋ ਅੱਡ ੨ ਸ਼੍ਰੇਣੀਆਂ ਹੀ ਨਹੀਂ ਹਨ ਅਰਥਾਤ ਸੰਤ, ਸਾਧ, ਸਿਖ, ਗੁਰਮੁਖਿ, ਹਰਿ ਜਨ, ਜਨ, ਪੰਚ, ਮਿਤ੍ਰ ਅਤੇ ਸਖਾ ਆਦਿ ਸਭ ਪਦ ਬਹੁ ਬਚਨੀ ਹੋਣ ਤੇ ਗੁਰ ਭਾਈਆਂ (ਸਿਖਾਂ) ਦੇ ਅਰਥਾਂ ਵਿਚ ਹੀ ਵਰਤੇ ਜਾਂਦੇ ਹਨ ਜੈਸੇ 'ਆਵਹੁ ਸਿਖਹੁ ਸਤਿ-ਗੁਰੂ ਕੇ ਪਿਆਰਿਹੁ' ॥ 'ਸਾਧੋ ਮਨ ਕਾ ਮਾਨ ਤਿਆਗਉ' ਅਤੇ 'ਸੰਤਹੁ ਰਾਮਦਾਸ ਸਰੋਵਰ ਨੀਕਾ' ਆਦਿ ਪ੍ਰਮਾਣਾਂ ਵਿਚ ਸਿਖ ਅਤੇ ਸੰਤ ਆਦ ਪਦ ਇਕੋ ਅਰਥ ਵਿਚ ਆਏ ਹਨ ਅਤੇ ਜਿਥੇ ਇਕ ਬਚਨ ਸੰਤ ਆਦਿ ਪਦ ਆਉਂਦੇ ਹਨ ਓਥੇ ਉਨ੍ਹਾਂ ਦਾ ਅਰਥ 'ਖਾਸ' 'ਸੰਤ ਅਥਵਾ ਸਾਧ' ਅਰਥਾਤ 'ਗੁਰੂ' ਹੀ ਹੈ ਜੈਸੇ 'ਅੰਚਲ ਗਹਿਕੇ ਸਾਧ ਕਾ ਤਰਨਾ ਇਹ ਸੰਸਾਰ' ਅਤੇ 'ਨਾਨਕ ਦਾਸ ਸੰਤ ਪਾਛੈ ਪਰਿਓ' ਤਥਾ 'ਸੰਤ ਸੰਗ ਅੰਤਰਿ ਪ੍ਰਭ ਡੀਠਾ' ਆਦਿ ਤੋਂ ਖਾਸ ਹਸਤੀ ਅਰ-ਥਾਤ 'ਗੁਰੂ' ਦਾ ਭਾਵ ਹੀ ਲਿਆ ਜਾਵੇਗਾ ਬਲਕਿ 'ਕੋਈ ਜਨ ਹਰਿ ਸਿਉ ਦੇਵੈ ਜੋਰਿ' ਆਦਿ ਵਿਚ 'ਜਨ' ਆਦਿ ਪਦਾਂ ਦਾ ਅਰਥ ਭੀ 'ਗੁਰੂ' ਹੈ ਅਤੇ 'ਜਨ ਪਰਉਪਕਾਰੀ ਆਏ' ਇਤਿਆਦੀ ਵਿਚ ਸਨਮਾਨ ਵਾਸਤੇ ਬਹੁ ਬਚਨ ਦਾ ਪ੍ਰਯੋਗ ਹੈ ਅਤੇ ਜਿਥੇ ਕਿਤੇ ਸਾਧੋ ਅਤੇ 'ਸੰਤਹੁ' ਕਹਿਕੇ ਬਹੁਬਚਨ ਦਾ ਪ੍ਰਯੋਗ ਹੈ ਭੀ ਓਥੇ ਜਗਿਆਸਾ ਦਾ ਆਸਰਾ ਆਪ ਨੂੰ ਬਣਾਕੇ

Digitized by Panjab Digital Library | www.panjabdigilib.org

ਜਗਿਆਸੂ ਨੂੰ ਆਪਣੇ ਗੁਰ ਭਾਈਆਂ ਪਾਸੋਂ ਉਪਦੇਸ਼ ਸਿਖਣ ਯਾ ਗੁਰੂ ਮਿਲਾਉਣ ਦੀ ਬੇਨਤੀ ਕਰਨੀ ਸਿਖਾਈ ਹੈ ਮਗਰ ਇਹ ਕਿਤੇ ਭੀ ਨਹੀਂ ਲਿਖਿਆ ਕਿ ਆਓ ਗੁਰੂਓ ਸਾਨੂੰ ਨਾਮ ਬਖਸ਼ੋ ਬਲਕਿ 'ਗੁਰੂ' ਲਈ ਸਭ ਜਗਾ ਇਕ ਬਚਨ ਯਾ ਸਨਮਾਨ ਵਾਚਕ ਪ੍ਰਯੋਗ ਆਉਣ ਕਰਕੇ ਗੁਰੂ ਬਹੁਤੇ ਹੋ ਹੀ ਨਹੀਂ ਸਕਦੇ। ਕਿੰਤੂ ਇਕੋ ਹੀ ਹੈ। ਐਸੀ ਸੂਰਤ ਵਿਚ ਕੋਈ ਇਹ ਨਹੀਂ ਕਹਿ ਸਕਦਾ ਕਿ 'ਗੁਰੂ ਘਰ ਵਿਚ ਸੰਤ ਅਤੇ ਸਿਖ ਦੋ ਸ਼੍ਰੇਣੀਆਂ ਹੋਣ ਕਰਕੇ ਸਿਖ-ਸੇਵਕ ਤਾਂ ਚੇਲੇ ਹੁੰਦੇ ਹਨ ਅਤੇ ਸੰਤ ਗੁਰਿਆਈ ਦੇ ਅਧਿਕਾਰੀ ਹੁੰਦੇ ਹਨ। ਇਸ ਲਈ ਸਿਖ ਅਤੇ 'ਸੰਤ' ਆਦਿ ਸਭ ਗੁਰਾਂ ਦੇ ਪੁਤ੍ਰ ਹੋਕੇ ਭੀ 'ਗੁਰੂ' ਨਹੀਂ ਬਣ ਸਕਦੇ।

ਸ਼ੰਕਾ—ਜਿਵੇਂ ਮਾਲੀ ਦੀ ਔਲਾਦ ਵੀ ਮਾਲੀ ਹੀ ਹੁੰਦੀ ਹੈ ਓਸੇ ਤਰਾਂ ਗੁਰੂ ਦੇ ਸਿਖ ਭੀ 'ਗੁਰੂ' ਹੀ ਹੁੰਦੇ ਹਨ।

ਉੱਤਰ—ਤਾਂ ਇਸ ਤੋਂ ਇਹ ਸਿੱਧ ਹੋਇਆ ਕਿ ਜਿਹੜਾ ਭੀ ਸਿਖ ਬਣਿਆਂ ਉਹ ਗੁਰੂ ਪਣੇ ਦਾ ਅਧਿਕਾਰੀ ਹੋ ਗਿਆ ਤਾਂ ਸਾਰਾ ਪੰਥ ਹੀ 'ਗੁਰਾਂ' ਦਾ ਹੋ ਗਿਆ। ਤੁਸੀਂ ਕੀਹਦੇ' ਗੁਰੂ ਬਣੋਗੇ ? ਕੀ ਕੋਈ ਤੁਹਾਥੋਂ ਘਟ ਭੀ ਹੋਵੇਗਾ ? ਜੇ ਕਹੋ ਕਿ ਜਦ ਤਕ ਕਿਸੇ ਨੂੰ ਸਿਖ ਨਾ ਬਣਾ ਲਵੇ ਉਹ ਓਦੋਂ ਤਕ ਤਾਂ ਸਿਖ ਹੈ ਫੇਰ ਉਹ ਭੀ ਗੁਰੂ ਬਣ ਜਾਵੇਗਾ ਤਾਂ ਭੀ ਮੁਖਾਲੀ ਗੱਲ ਹੈ-ਉਹ ਬਹੁਤ ਕਾਹਲੀ ਨਾਲ ਕਿਸੇ ਬੁੱਧੂ ਨੂੰ ਆਪਣਾ ਸਿਖ ਬਣਾਉਣ ਦੀ ਹੀ ਕੋਸ਼ਿਸ਼ ਕਰੇਗਾ ਤਾਂ ਕਿ ਛੇਤੀ ਹੀ ਗੁਰੂਆਂ ਦੀ ਫਰਦ ਵਿਚ ਆ ਜਾਵੇ। ਬਲਕਿ ਕਿਸੇ ਬਾਂਗਰੂ ਦੇ ਕਹਿਣ ਵਾਂਗ ਕਿ 'ਹਮਾਰੇ ਛੋਹਰੇ

Digitized by Panjab Digital Library | www.panjabdigilib.org

ਤੇ ਗੁਰੂ ਹੀ ਬਣੇਗੇ' ਇਸ ਪ੍ਰਕਾਰ ਪਹਿਲਾਂ ਹੀ ਗੁਰੂ ਬਣਨ ਦਾ ਬੰਦੋਬਸਤ ਕਰਕੇ ਆਵੇਗਾ। ਏਸ ਹਾਲਿਤ ਵਿਚ ਗੁਰਿਆਈ ਤੇ ਸਿਖੀ ਮਖੌਲ ਜਿਹੀ ਗੱਲ ਬਣ ਜਾਏਗੀ।

ਸ਼ੰਕਾ–ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ ਜੋਤਿ' ਮੰਨਦੇ ਹਨ ਉਹ ਦਸਣ ਕਿ ਉਹ ਚੇਤੰਨ ਪ੍ਰਕਾਸ਼ ਹਨ ਯਾ ਚਮਕ ਦਮਕ ਵਾਲਾ ਪ੍ਰਕਾਸ਼ ? ਜੇ ਚਮਕ ਵਾਲੇ ਕਹੋ ਤਾਂ ਇਹ ਚਮਕਦੇ ਨਹੀਂ। ਜੇ 'ਚੇਤੰਨ ਪ੍ਰਕਾਸ਼' ਕਹੋ ਤਾਂ ਸਾਮਾਨਜ ਚੇਤੰਨ ਯਾ ਵਿਸ਼ੇਸ਼ ਚੇਤੰਨ ? ਜੇ ਸਾਮਾਨਜ ਕਹੋ ਤਾਂ ਉਸ ਤੋਂ ਕੋਈ ਕਾਰਯ ਸਿੱਧ ਨਹੀਂ ਹੋਇਆ ਕਰਦਾ ਜੇ ਵਿਸ਼ੇਸ਼ ਚੇਤਨ ਕਹੋ ਤਾਂ ਬੋਲਣ ਚਲਣ ਵਾਲੇ ਨਾ ਹੋਣ ਕਰਕੇ ਇਨ੍ਹਾਂ ਤੋਂ ਕੋਈ ਕਾਰਯ ਸਿੱਧ ਨਹੀਂ ਹੁੰਦਾ ?

ਉੱਤਰ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋਤਿ ਸਾਮਾਨਜ ਅਤੇ ਵਿਸ਼ੇਸ਼ ਚੇਤਨ ਨਾਲੋਂ ਵਿਲੱਛਣ 'ਸਹਜ ਚੇਤਨ' ਅਰਥਾਤ ਗਿਆਨ ਚੇਤਨ ਰੂਪ ਹੈ। ਜੋ ਆਪ ਦੇ ਸਾਮਾਨਜ ਚੇਤੰਨ ਯਾ ਬ੍ਰਹਮ ਦਾ ਭੀ ਬਾਪੂ ਹੈ। ਅਰਥਾਤ ਮਾਇਆ ਦੇ ਗੁਣਾਂ ਤੋਂ ਅਤੀਤ ਅਰਥਾਤ ਨਿਰਗੁਣ ਬ੍ਰਹਮ ਨੂੰ ਤੁਸੀਂ ਸਾਮਾਨਜ ਚੇਤੰਨ ਮੰਨਦੇ ਹੋ। ਅਤੇ ਮਾਇਆ ਅਥਵਾ ਅਵਿਦਿਆ ਦੀ ਬ੍ਰਿਤੀ ਵਿਚ ਆਰੂਢ ਚੇਤੰਨ ਨੂੰ ਹੀ ਵਿਸ਼ੇਸ਼ ਮੰਨਦੇ ਹੋ ਮਗਰ ਅਸੀਂ ਅਜੇਹਾ ਕੋਈ ਬ੍ਰਹਮ ਹੀ ਨਹੀਂ ਮੰਨਦੇ। ਕਿਉਂਕਿ ਜਦੋਂ ਬ੍ਰਹਮ ਨੂੰ ਨਿਰਵਿਸ਼ੇਸ਼ ਮੰਨਿਆ ਜਾਂਦਾ ਹੈ ਫੇਰ ਉਹ ਵਿਸ਼ੇਸ਼ ਚੇਤੰਨ ਕਿਸ ਤਰਾਂ ਹੋ ਗਿਆ ? ਅਰਥਾਤ ਅਵਲ ਤਾਂ ਇਹਾ ਜਿਹਾ ਬ੍ਰਹਮ ਪਦਾਰਥ ਕੋਈ ਹੈ ਹੀ ਨਹੀਂ ਕਿਉਂਕਿ 'ਵਿਸ਼ੇਸ਼ਤਾ' ਅਤੇ 'ਨਿਰ ਵਿਸ਼ੇਸ਼ਤਾ' ਰੂਪ ਦੇ ਵਿਰੁਧ

Digitized by Panjab Digital Library | www.panjabdigilib.org

ਗੁਣ ਉਸ ਵਿਚ ਕਦਾਚਿਤ ਨਹੀਂ ਹੋਣੇ ਚਾਹੀਦੇ। ਇਸੇ ਲਈ "ਈਘੈ ਉਰਗੁਣ ਊਘੈ ਸਰਗੁਣ ਕੇਲ ਕਰਤ ਵਿਚ ਸੁਆਮੀ ਮੇਰਾ" ਇਤਿਆਦਿ ਪ੍ਰਮਾਣਾਂ ਅਨੁਸਾਰ ਅਸੀਂ ਐਹੋ ਜਿਹਾ ਬ੍ਰਹਮ ਚੇਤੰਨ ਮੰਨਦੇ ਹਾਂ ਜਿਸ ਵਿਚ 'ਨਿਰਗੁਣਤਾ' ਅਤੇ 'ਸਰਗੁਣਤਾ' ਦੋਹਾਂ ਦਾ ਆਰੋਪ ਹੁੰਦਾ ਹੈ ਅਰਥਾਤ ਜਦੋਂ ਉਹ ਓਂਕਾਰ (ਆਪਣੇ ਅਸਥੂਲ ਰੂਪ) ਦਾ ਪ੍ਰਕਾਸ਼ ਕਰਦਾ ਹੈ ਤਾਂ ਲੋਕ ਉਸ ਨੂੰ ਮਾਇਆ ਸਬਲ ਸਮਝਕੇ ਸਰਗੁਣ ਕਹਿ ਦਿੰਦੇ ਹਨ ਉਸ ਤੋਂ ਪਹਿਲੇ ਏਕੰਕਾਰ ਰੂਪ ਨੂੰ ਨਿਰ-ਗੁਣ ਕਲਪ ਲੈਂਦੇ ਹਨ। ਵਾਸਤਵ ਵਿਚ ਉਸਦਾ ਨਿਜ ਰੂਪ ਅਸਚਰਯ ਯਾ ਸਹਜ ਗਿਆਨ ਹੈ ਜਿਸ ਵਿਚ ਸਾਮਾਨਯਤਾ ਅਤੇ ਵਿਸ਼ੇਸ਼ਤਾ ਦੀ ਕਲਪਣਾ ਲੋਕੀ ਕਹਿ ਲੈਂਦੇ ਹਨ ਸੋ ਉਹ ਨਿਰਗੁਣ ਅਤੇ ਸਰਗੁਣ ਦਾ ਦ੍ਵ ਬਲਕਿ ਉਨ੍ਹਾਂ ਤੋਂ ਨਿਆਰਾ ਅਤੇ ਉਹਨਾਂ ਦਾ ਕਾਰਣ ਸਹਜ ਗਿਆਨ ਰੂਪੀ ਵਾਹਿਗੁਰੂ ਹੈ ਅਤੇ ਜਦੋਂ ਉਹ ਆਪਣੇ ਆਪ ਦਾ ਪ੍ਰਕਾਸ਼ ਕਰਦਾ ਹੈ ਤਾਂ ਆਪਣੀ 'ਸਹਜ ਗਿਆਨ ਰੂਪ' ਯਾ ਅਸਚਰਜ ਗਿਆਨ ਸ੍ਵਰੂਪ ਕਲਾ ਦੁਆਰਾ ਹੀ ਕਰਦਾ ਹੈ ਅਤੇ ਉਸ ਨੂੰ ਬਿਰਤੀ ਅਵਛਿੰਨ ਅਥਵਾ ਉਪਹਿਤ ਚੇਤੰਨ ਯਾ ਸਾਖੀ ਚੇਤਨ ਰੂਪ ਵਿਸ਼ੇਸ਼ ਚੇਤਨ ਹੋਣ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਏਹ ਸਭ ਰੂਪ ਮਾਇਆ ਯਾ ਅਵਿਦਿਆਜਨ ਹਨ, ਦੂਜੇ ਆਪ ਦੇ ਮਤਿ ਵਿਚ ਭੀ ਬ੍ਰਹਮ ਦੀ ਕੋਈ ਬ੍ਰਿਤੀ ਨਾ ਹੋਣ ਕਰਕੇ ਵਿਸ਼ੇਸ਼ ਚੇਤਨ 'ਬ੍ਰਹਮ' ਹੋ ਹੀ ਨਹੀਂ ਸਕਦਾ ਜੋ ਕੁਝ ਕਾਰਯ ਕਰਿ ਸਕੇ। ਇਸ ਲਈ ਗੁਰਮਤਿ ਵਿਚ ਐਹੋ ਜੇਹੇ ਸੁੰਨ ਮੁੰਨ ਰੂਪ ਵਾਲੇ ਬਲਕਿ, ਅਗਿਆਨ ਦੇ

Digitized by Panjab Digital Library | www.panjabdigilib.org

ਉਲਟੇ ਸਾਧਕ ਬ੍ਰਹਮ ਦਾ ਅੰਗੀਕਾਰ ਹੀ ਨਹੀਂ ਜੋ ਸੈ ਦਿਹਾੜੀ ਦੇ ਜੰਮੇ ਹੋਏ ਕੱਟਰੂ ਵਾਂਗ ਮੁਤਰ ੨ ਝਾਕੇ ਅਤੇ ਮਾਇਆ ਉਸ ਦੇ ਹੀ ਕੰਨ੍ਹੇ ਚੜ੍ਹਕੇ ਉਸ ਤੋਂ ਹੀ ਵਿਰੁਧ ਸੰਸਾਰ ਨੂੰ ਧੀਡੋਂ ਜੋਰੀ ਪੈਦਾ ਕਰੀ ਜਾਵੇ ਅਤੇ ਬ੍ਰਹਮ ਭੀ ਉਸ ਨੂੰ ਨਾ ਹਟੌਂਦਾ ਹੋਇਆ ਸਗੋਂ ਉਸਦੇ ਚਰਿਤ੍ਰਾਂ ਵਿਚ ਮੋਹਿਆ ਹੋਇਆ 'ਜੀਵ ਭਾਵ' ਨੂੰ ਪ੍ਰਾਪਤ ਹੋਕੇ ਉਸਦੇ ਮਗਰ ੨ ਹੀ ਫਿਰਦਾ ਰਹੇ। ਜਿਵੇਂ ਆਪਣੀ ਮਾਂ ਦੇ ਮਗਰ ਬਛੜਾ ਫਿਰਿਆ ਕਰਦਾ ਹੈ। ਏਸ ਵਾਸਤੇ ਗੁਰਮਤਿ ਵਿਚ 'ਵੇਖੈ ਵਿਗਸੈ ਕਰਿ ਵੀਚਾਰ' ਅਤੇ 'ਠਾਕਰ ਹਮਰਾ ਸਦ ਬੋਲੰਤਾ' ਇਤਿਆਦ ਗੁਣਾਂ ਵਾਲੀ ਵਾਹਿਗੁਰੂ ਜੋਤਿ ਦਾ ਅੰਗੀਕਾਰ ਹੈ। ਜੋ ਵੇਖਦੀ, ਵਿਚਾਰ ਕਰਦੀ ਅਤੇ ਵਿਗਸਦੀ ਹੋਈ ਸ੍ਵੈ-ਪ੍ਰਕਾਸ਼ ਸ੍ਵਰੂਪ ਹੈ ਅਤੇ ਉਸਦੀ ਸ੍ਵੈ ਪ੍ਰਕਾਸ਼ਤਾ ਉਸਦੇ ਨਿਜ ਗਿਆਨ ਰੂਪ ਕਰਕੇ ਹੀ ਹੈ। ਭਾਵ ਜੋ ਉਸ ਵਿਚ ਸ੍ਵੈ-ਗਿਆਨ ਰੂਪਤਾ ਹੈ ਓਹੀ ਉਸਦੀ ਜੋਤਿ ਅਥਵਾ ਅਪਣਾ ਆਪ ਹੈ ਅਤੇ ਉਸੇ ਜੋਤਿ ਨੂੰ ਹੀ 'ਗੁਰੂ' ਕਿਹਾ ਜਾਂਦਾ ਹੈ। ਸੋ ਸ੍ਵੈ ਪ੍ਰਕਾਸ਼ ਯਾ 'ਗਿਆਨ ਪ੍ਰਕਾਸ਼' ਅਥਵਾ 'ਸਹਜ ਸ੍ਵਰੂਪ' ਚੇਤੰਨ ਹੀ 'ਗੁਰੂ ਜੋਤਿ' ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਹਜ ਗਿਆਨ ਦਾ ਪੁੰਜ ਹਨ ਜੋ ਕਿ ਬ੍ਰਹਮ ਯਾ ਵਾਹਿਗੁਰੂ ਦੇ ਵਾਂਗ 'ਸਹਸ ਤਵ ਨੈਨ ਨਨ ਨੈਨ ਹਹਿ ਤੁਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ' ਅਨੁਸਾਰ ਕੋਈ ਨੇਤ੍ਰ ਆਦਿ ਇੰਦ੍ਰਯ ਬਿਨਾਂ ਭੀ ਸਰਬ ਇੰਦ੍ਰਯ ਰਖਦੇ ਹਨ ਅਤੇ ਨਾਂ ਬੋਲਦੇ ਚਲਦੇ ਹੋਏ ਭੀ ਸ੍ਵਪ੍ਰਕਾਸ਼ਤਾ ਦੁਆਰਾ ਸਭ ਨੂੰ ਗਿਆਨ ਬਖਸ਼ਦੇ ਹਨ। ਸੋ ਜਿਸ ਤਰਾਂ ਵਾਹਿਗੁਰੂ ਅੰਗ ਰਹਿਤ ਹੋ ਕੇ

Digitized by Panjab Digital Library | www.panjabdigilib.org

ਭੀ ਸਭ ਨੂੰ ਸੱਤਾ ਸਫੁਰਤੀ ਦਿੰਦਾ ਹੋਇਆ ਬਲਕਿ ਆਪ ਹੀ ਸਭ ਦੀ ਅੰਤਰਜਾਮੀ ਅਤੇ ਚੇਤਨਾਂ ਦਾ ਚੇਤਨ ਅਤੇ ਕਰਤਿਆਂ ਦਾ ਕਰਤਾ ਹੁੰਦਾ ਹੋਇਆ ਕਿਸੇ ਦੇ ਆਸਰੇ ਨਹੀਂ ਕਹਾ ਹੁੰਦਾ ਓਸੇ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਧੀ ਤੋਂ ਬਿਨਾਂ ਆਪਣਾ ਪ੍ਰਕਾਸ਼ ਨਾਂ ਕਰਦੇ ਹੋਏ ਭੀ ਜੜ੍ਹ ਨਹੀਂ ਬਣ ਸਕਦੇ, ਕਿੰਤੂ ਤੁਹਾਡੇ ਕਲਪਿਤ ਸਾਮਾਨਯ ਯਾ ਵਿਸ਼ੇਸ਼ ਚੇਤੰਨ ਦੇ ਭੀ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਹਜ ਚੇਤੰਨ ਜਗ ਮਗ ਜੋਤਿ ਰੂਪ ਤੇ ਵਿਰਾਜਮਾਨ ਹਨ ।

ਸ਼ੰਕਾ–ਅਸਲ ਵਿਚ ਸਾਮਾਨਯ ਵਿਸ਼ੇਸ਼ ਭਾਵ ਬ੍ਰਹਮ ਵਿਚ ਕਲਪਿਤ ਹੈ, ਅਰਥਾਤ ਜਦੋਂ ਉਹ ਸੱਤਾ ਮਾਤ੍ਰ ਤੇ ਪ੍ਰਕਾਸ਼ ਰੂਪ ਹੁੰਦਾ ਹੈ ਤਾਂ ਉਸ ਨੂੰ 'ਸਾਮਾਨਯ ਚੇਤੰਨ' ਆਖੀਦਾ ਹੈ, ਜਦੋਂ ਉਹ 'ਮਾਇਆ ਸਬਲ' ਹੋ ਕੇ ਕੁਝ ਕੰਮ ਕਰਦਾ ਹੈ ਤਾਂ 'ਵਿਸ਼ੇਸ਼ ਚੇਤੰਨ' ਆਖ ਦੇਈਦਾ ਹੈ, ਸੋ ਉਕਤ ਪ੍ਰਕਾਰ ਦੀ 'ਸਮਾਨਤਾ' ਅਤੇ 'ਵਿਸ਼ੇਸ਼ ਚੇਤੰਨ' ਰੂਪ ਉਪਾਧੀਆਂ ਉਸਦੇ ਸਰੂਪ ਵਿਚ ਕਲਪਿਤ ਹਨ । ਅਸਲ ਵਿਚ ਉਹ ਕੇਵਲ 'ਚੇਤਨ' ਹੀ ਕਿਹਾ ਜਾ ਸਕਦਾ ਹੈ ਅਤੇ 'ਸਹਜ ਚੇਤਨ' ਯਾ ਗਿਆਨ ਚੇਤਨ ਕਦੇ ਸੁਣਨ ਵਿਚ ਨਹੀਂ ਆਇਆ । ਜੇ ਵਿਚਾਰਕੇ ਦੇਖੀਏ ਤਾਂ ਸਹਜ ਚੇਤਨ ਕੋਈ ਪਦਾਰਥ ਹੀ ਨਹੀਂ ਸਿੱਧ ਹੁੰਦਾ । ਕਿਉਂਕਿ ਜੇ ਇਸਨੂੰ 'ਕਰਮ ਧਾਰਯ ਸਮਾਸ' ਮੰਨਕੇ ਅਰਥ ਕਰੀਏ ਤਾਂ ਦੋਵੇਂ ਪਦ ਸਾਮਾਨਾਧਿਕਰਣ ਹੋਣ ਤੇ ਇਹ ਅਰਥ ਹੋਵੇਗਾ ਕਿ ਜੋ ਚੇਤਨ ਸਹਜ ਹੈ ਸੋ ਸਹਜ ਚੇਤਨ ਸੋ ਭਾਵ ਵਾਚਕ ਪਦ ਦਾ ਅਰਥ ਕੋਈ ਗੁਣ ਯਾ ਧਰਮ ਹੋਣ ਕਰਕੇ ਉਸਦਾ ਧਰਮੀ ਕੋਈ ਹੋਰ ਮੰਨਣਾ

Digitized by Panjab Digital Library | www.panjabdigilib.org

ਹੋਵੇਗਾ । ਜੇ ਇਸ ਨੂੰ ਦੂਜਾ ਤਤ ਪੁਰਖ ਮੰਨਕੇ 'ਸਹਜ ਨੂੰ ਪ੍ਰਾਪਤ ਚੇਤਨ' ਇਹ ਅਰਥ ਸਮਝੀਏ ਤਾਂ ਨਿਰਾਰਥਕ ਹੈ । ਜੇ ਤੀਜਾ ਤਤ ਪੁਰਖ ਮੰਨਕੇ 'ਸਹਜ ਕਰਕੇ ਜੋ ਚੇਤਨ' ਐਸਾ ਅਰਥ ਕਰੀਏ ਤਾਂ ਸਹਜ ਪਦਾਰਥ ਉਸ ਤੋਂ ਭਿੰਨ ਕਿਸੇ ਹੋਰ ਦਾ ਧਰਮ ਜਾਣਿਆ ਜਾਵੇਗਾ । ਜੇ ਚੌਥਾ ਤਤ ਪੁਰਖ ਕਰੀਏ ਤਾਂ 'ਸਹਜ ਵਾਸਤੇ ਚੇਤਨ' ਐਸਾ ਕੋਈ ਪਦਾ-ਰਥ ਹੀ ਨਹੀਂ । ਜੇ ਪੰਜਵਾਂ ਸਮਾਸ ਕਰੀਏ ਤਾਂ 'ਸਹਜ ਤੋਂ ਚੇਤਨ' ਏਸ ਅਰਥ ਤੋਂ ਸਹਜ ਦੀ ਅਪੇਖਿਆ ਉਸਨੂੰ ਹੋਣ ਕਰਕੇ ਉਸਦਾ ਸੁਤੰਤਰ ਰੂਪ ਕੋਈ ਸਿੱਧ ਨਹੀਂ ਹੁੰਦਾ ਜੇ ਛੇਵੇਂ ਸਮਾਸ ਨਾਲ 'ਸਹਜ ਦਾ ਚੇਤਨ' ਅਰਥ ਕਰੀਏ ਤਾਂ ਭੀ ਤੁੱਛ ਹੈ ਅਤੇ ਸਤਵੇਂ ਸਮਾਸ ਦੁਆਰਾ 'ਸਹਜ ਵਿਚ ਚੇਤਨ' ਐਸਾ ਭੀ ਕੋਈ ਪਦਾਰਥ ਜਾਣਿਆ ਨਹੀਂ ਜਾਂਦਾ ਅਰਥਾਤ ਆਪ ਦੇ ਮਤਿ ਵਿਚ 'ਸਹਜ' ਗਿਆਨ ਦੇ ਅਰਥਾਂ ਵਿਚ ਲਈਏ ਤਾਂ ਏਸਦਾ ਅਰਥ 'ਘੜੇ ਵਿਚ ਘੜਾ ਹੈ' ਦੀ ਤਰਾਂ ਨਿਰਾਰਥਕ ਹੈ। ਜੇ 'ਸੁਭਾਵ' ਅਰਥ ਲਈਏ ਤਾਂ 'ਸੁਭਾਵ ਵਿਚ ਚੇਤਨ' ਕਹੀਏ ਤਾਂ 'ਚੇਤਨ' ਸੁਭਾਵ ਦਾ ਧਰਮ ਸਿੱਧ ਹੋਵੇਗਾ, ਜੇ 'ਬਹੁ ਬ੍ਰੀਹਿ' ਸਮਾਸ ਦੁਆਰਾ 'ਸਹਜ ਹੈ ਚੇਤਨ ਜਿਸਦਾ' ਇਉਂ ਅਰਥ ਕਰੀਏ ਤਾਂ ਭੀ ਉਸ ਨੂੰ 'ਸਹਜ ਤੇ ਚੇਤਨ' ਦੋਹਾਂ ਪਦਾਰਥਾਂ ਤੋਂ ਨਿਆਰਾ ਤੀਜਾ ਪਦਾਰਥ ਮੰਨਣਾ ਪਵੇਗਾ ਜੇ 'ਦ੍ਵੰਦ ਸਮਾਸ' ਮੰਨੀਏ ਤਾਂ ਇਹ ਦੋ ਪਦਾਰਥ ਬਣ ਜਾਣ ਕਰਕੇ ਕੋਈ ਭੀ ਕੰਮ ਨਹੀਂ ਸਰਦਾ ਇਸ ਲਈ 'ਸਹਜ ਚੇਤਨ' ਕੋਈ ਪਦਾਰਥ ਨਹੀਂ ਹੈ।

ਉਤਰ—ਜਦੋਂ ਸਮਾਨਤਾ ਅਤੇ ਵਿਸ਼ੇਸ਼ਤਾ ਦੋਵੇਂ ਕਲਪਿਤ

Digitized by Panjab Digital Library | www.panjabdigilib.org

ਧਰਮ ਹੋਣ ਕਰਕੇ ਉਪਾਧੀਆਂ ਹੁੰਦੀਆਂ ਤਾਂ ਉਸ ਚੇਤਨ ਦਾ ਸੁਤੰਤਰ ਅਥਵਾ ਅਸਲ ਧਰਮ ਕੀ ਆਖੋਗੇ ? ਕਿਉਂਕਿ ਸੰਬੰਧ ਅਤੇ ਧਰਮ ਤੋਂ ਰਹਿਤ ਕੋਈ ਵਸਤੂ 'ਅਵਸਤੂ' ਭੀ ਕਹੀ ਜਾ ਸਕਦੀ ਹੈ। ਸੋ ਆਪ ਦੇ ਚੇਤਨ ਦਾ ਕੋਈ ਭੀ ਆਪਣਾ ਧਰਮ 'ਆਪ ਦੇ ਮਤਿ' ਵਿਚ ਨਾ ਹੋਣ ਕਰਕੇ ਚੇਤਨ ਕੋਈ ਪਦਾਰਥ ਹੀ ਸਿਧ ਨਹੀਂ ਹੁੰਦਾ ਕਿਉਂਕਿ ਨਿਰ-ਗੁਣਤਾ ਅਤੇ ਸਰਗੁਣਤਾ ਆਦਿ ਧਰਮ ਉਸ ਵਿਚ ਸਾਪੇਖ-ਅਕ ਅਤੇ ਉਪਾਧੀ ਰੂਪ ਹਨ । ਇਸ ਕਰਕੇ ਆਪ ਦੇ ਮੂਲ ਦੀ ਹੀ ਹਾਨੀ ਹੋਵੇਗੀ ਅਤੇ ਜੋ 'ਸਹਜ ਚੇਤਨ' ਆਪ ਦੇ ਸੁਣਨ ਵਿਚ ਨਹੀਂ ਆਇਆ, ਉਸਦਾ ਕਾਰਣ ਆਪ ਦਾ ਗੁਰਮਤਿ ਵਲੋਂ ਅਗਿਆਨ ਹੈ। ਕੀ ਪੰਡਤਾਂ ਦੇ ਗਿਆਨ ਵਿਚ ਸਿਧ ਵਸਤੂ ਦਾ ਅਨਾੜੀਆਂ ਦੇ ਖਿਆਲ ਵਿਚ ਨਾ ਆਉਣ ਕਰਕੇ ਅਪਲਾਪ (ਝੂਠ) ਹੋ ਸਕਦਾ ਹੈ? ਸੋ 'ਸਹਜ ਚੇਤਨ' ਗੁਰਮਤਿ ਵਿਚ ਪ੍ਰਸਿਧ ਪਦਾਰਥ ਅਤੇ ਸ੍ਵੈ ਪ੍ਰਕਾਸ਼ ਰੂਪ 'ਗਿਆਨ ਕਲਾ' ਦਾ ਨਾਉਂ ਹੈ।

ਸ਼ੰਕਾ ਵਿਚ ਕਥਨ ਕੀਤੇ ਗਏ ਸਮਾਸਾਂ ਦਾ ਵਾਕ ਜਾਲ ਭੀ ਬ੍ਰਿਥਾ ਹੀ ਹੈ ਅਰਥਾਤ ਤੀਜੇ ਸਮਾਸ ਦੁਆਰਾ 'ਸਹਜ ਚੇਤਨ' ਪਦ ਦਾ ਅਰਥ 'ਸੁਭਾਵ ਕਰਕੇ' ਚੇਤਨ' ਹੈ। ਅਥਵਾ 'ਗਿਆਨ ਚੇਤਨ' ਵਿਚ ਕਰਮ ਧਾਰਯ ਸਮਾਸ ਕਰਕੇ 'ਗਿਆਨ ਰੂਪ ਚੇਤਨ' ਅਰਥ ਠੀਕ ਹੈ ਜੋ ਆਪਣੇ ਤੋਂ ਚੇਤਨ ਅਰਥਾਤ ਸ੍ਵੈ ਪ੍ਰਕਾਸ਼ ਹੈ ਜੋ ਉਸ ਨੂੰ ਆਪਣੇ ਸੁਭਾਵ ਅਥਵਾ ਸਹਜ ਦੀ ਅਪੇਖਿਆ ਕਹੀ ਸੋ ਭੀ ਨਿਆਇ ਤੋਂ ਉਲਟ ਸਮਝੀ ਕਿਉਂਕਿ ਆਪਣੇ ਸੁਭਾਵ ਸਹਜ ਅਥਵਾ 'ਆਪੇ' ਦੀ ਕਿਸੇ

Digitized by Panjab Digital Library | www.panjabdigilib.org

ਪਦਾਰਥ ਨੂੰ ਭੀ ਅਪੇਖਿਆ ਨਹੀਂ ਹੋਇਆ ਕਰਦੀ ਇਸ ਲਈ ਉਕਤ ਅਰਥ ਨਿਰਦੋਸ ਹੈ। ਜੇ ਕਹੋ ਕਿ ਫੇਰ 'ਸਹਜ ਤੋਂ' ਐਸਾ ਅੱਡ ਕਰਕੇ ਕਿਉਂ ਆਖਿਆ ਤਾਂ ਉਤਰ ਇਹ ਹੈ ਕਿ ਕਈ ਪਦਾਰਥ (ਇੰਦਰਯਾਦਿ) ਸੁਭਾਵ ਤੋਂ ਚੇਤਨ ਨਹੀਂ ਹੁੰਦੇ ਉਨ੍ਹਾਂ ਤੋਂ ਅੱਡ ਕਰਨ ਲਈ ਉਕਤ ਪਦ ਕਥਨ ਕੀਤਾ ਗਿਆ ਹੈ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਵੈ ਪ੍ਰਕਾਸ਼ ਹੋਣ ਕਰਕੇ 'ਸਹਜ ਚੇਤਨ' ਹਨ ਅਤੇ ਏਵੇਂ ਹੀ 'ਗਿਆਨ ਚੇਤਨ' ਪਦ ਭੀ ਨਿਰਦੋਸ਼ ਹੈ ਅਰਥਾਤ ਚੇਤਨ ਤਾਂ ਵਾਹਿਗੁਰੂ ਭੀ ਹੈ ਮਗਰ ਉਹ ਕੇਵਲ 'ਗਿਆਨ' ਨਹੀਂ ਅਤੇ ਚੇਤਨ ਤਾਂ ਇੰਦਰਯ ਭੀ ਹਨ ਮਗਰ ਉਹ ਗਿਆਨ ਰੂਪ ਨਹੀਂ ਚੇਤਨ ਜੀਵ ਭੀ ਹੈ ਮਗਰ ਕਿਸੇ ਮਤਿ ਵਿਚ ਉਹ 'ਅਵਿਦਿਆ ਅਵਛਿੰਨ' ਅਤੇ ਕਿਸੇ ਮਤਿ ਵਿਚ 'ਉਪਹਿਤ ਚੇਤਨ' ਕਿਸੇ ਵਿਚ ਅਨਿਤ ਚੇਤਨ ਅਤੇ ਕਿਸੇ ਵਿਚ ਪਰਿਛਿੰਨ ਚੇਤਨ ਕਿਹਾ ਜਾਂਦਾ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਗਿਆਨ ਅਥਵਾ ਸੋਝੀ ਦੇਣ ਵਾਲਾ ਹੋਣ ਕਰਕੇ ਚੇਤਨ ਹੀ ਕਹਿਣਾ ਠੀਕ ਹੈ।

ਸ਼ੰਕਾ—ਜੋ ਲੋਕ ਇਹ ਆਖਦੇ ਹਨ ਕਿ ਚਿਠੀ ਪੜ੍ਹਨ ਵਾਲਾ ਗੁਰੂ ਨਹੀਂ ਬਣ ਜਾਂਦਾ। ਜੇ ਇਹ ਮੰਨ ਭੀ ਲਈਏ ਤਾਂ ਭੀ ਦੇਹਧਾਰੀ ਗੁਰੂ ਦੀ ਲੋੜ ਹੈ। ਕਿਉਂਕਿ ਚਿੱਠੀ ਲਿਖਣ ਅਤੇ ਪੜ੍ਹਨ ਵਾਲਾ ਤਾਂ ਦੁਨਿਆਵੀ ਆਦਮੀ ਹੁੰਦਾ ਹੈ। ਮਗਰ ਪਰਮਾਰਥ ਦਾ ਗਿਆਨ ਤਾਂ ਮਹਾਂ ਪੁਰਖ ਹੀ ਦਸ ਸਕਦਾ ਹੈ। ਉਹ ਦੇਹ ਤੋਂ ਬਿਨਾਂ ਨਹੀਂ ਹੁੰਦਾ। ਇਸ ਲਈ ਹਰ ਸੂਰਤ ਦੇਹਧਾਰੀ ਗੁਰੂ ਦੀ ਹੋਂਦ ਸਿੱਧ ਹੁੰਦੀ ਹੈ।

ਉੱਤਰ—ਜਦੋਂ ਆਪ ਸਾਧਾਰਣ ਤੋਂ ਸਾਧਾਰਣ ਗਿਆਨ

Digitized by Panjab Digital Library / www.panjabdigilib.org

ਦਾ ਹੋਣਾ ਭੀ ਜਾਣੂ ਬਿਨਾਂ ਨਹੀਂ ਮੰਨਦੇ ਤਾਂ ਪਰਮਾਰਥਿਕ ਗਿਆਨ ਦਾ ਹੋਣਾ ਕੇਵਲ ਅੱਖਰ ਪੜ੍ਹਨ ਤੋਂ ਕਿਵੇਂ ਹੋ ਸਕਦਾ ਹੈ ? ਕਿਉਂਕਿ ਉਹ ਭੀ ਖਾਸ ਅਤੇ ਕਠਿਨ ਵਿਦਿਆ ਹੈ। ਸੋ ਉਸਦੀ ਕਾਢ ਕਢਣ ਵਾਲੇ ਬਿਨਾਂ ਪੂਰੀ ਤਰਾਂ ਨਹੀਂ ਆ ਸਕਦੀ ਅੱਖਰ ਪੜ੍ਹਿਆ ਹੋਇਆ ਉਸ ਨੂੰ ਅਪਣੀ ਮਰਜ਼ੀ ਨਾਲ ਸਮਝਦਾ ਹੋਇਆ ਭੀ ਨਹੀਂ ਸਮਝ ਸਕਦਾ ਇਸ ਲਈ ਪਾਰਮਾਰਥਿਕ ਵਿਦਿਅ ਤਾਂ ਉਸਦੇ ਪੂਰਨ ਗਿਆਤਾ ਅਰ-ਥਾਤ ਗੁਰੂ ਬਿਨਾ ਨਹੀਂ ਆ ਸਕਦੀ। ਉਹ ਭਾਵੇਂ ਬੋਲ ਕੇ ਦਸੇ ਭਾਵੇਂ ਲਿਖਕੇ ਸਮਝਾਵੇ ਅਤੇ ਭਾਵੇਂ ਦੇਹਧਾਰੀ ਹੋਵੇ ਭਾਵੇਂ ਦੇਹ ਰਹਿਤ ਹੋਕੇ ਆਪਣੀ ਲਿਖਤੀ ਬਾਣੀ ਪੋਥੀ, ਦੁਆਰਾ ਦਸੇ। ਉਹ 'ਤਖਤ ਬਹੈ ਤਖਤੈ ਕੀ ਲਾਇਕ ਪੰਚ ਸਮਾਏ ਗੁਰਮਤਿ ਪਾਇਕ' ਅਨੁਸਾਰ ਉਹ ਗੁਰੂ ਅਤੇ ਅਗੇ ਪ੍ਰਚਾਰਨ ਵਾਲੇ ਸੇਵਕ ਜਨ ਸਿਖ ਹੀ ਮੰਨੇ ਜਾਣਗੇ। ਭਾਵੇਂ ਉਹ ਪਰਮਾਰਥ ਦਾ ਉਪਦੇਸ਼ ਕਰਨ ਭਾਵੇਂ ਸੰਸਾਰੀ ਵਿਦਿਆ ਦਾ। ਅਰਥਾਤ ਕਿਸੇ ਵਿਦਿਆ ਦੀ ਕਾਢ ਕਢਣ ਵਾਲਾ ਹੀ ਗੁਰੂ ਆਖਿਆ ਜਾਵੇਗਾ। ਭਾਵੇਂ ਦੇਹਧਾਰੀ ਹੋਵੇ ਭਾਵੇਂ ਦੇਹ ਤੋਂ ਰਹਿਤ ਸਬਦ ਰੂਪ ਵਿਚ ਹੋਵੇ। ਇਸ ਤੋਂ ਭੀ ਸਾਡਾ ਮਤਿ ਹੀ ਸਿੱਧ ਹੁੰਦਾ ਹੈ।

ਸ਼ੰਕਾ—ਜਿਸ ਤਰਾਂ ਭਗਵਾਨ ਨੇ ਗੀਤਾ ਵਿਚ ਕਿਹਾ ਹੈ ਕਿ ਹੇ ਅਰਜਨ ! ਜਦੋਂ ੨ ਭੀ ਧਰਮ ਦੀ ਗਿਲਾਨੀ ਹੁੰਦੀ ਹੈ ਤਾਂ ਮੈਂ ਧਰਮ ਦੀ ਬ੍ਰਿਧੀ ਕਰਨ ਲਈ ਸਾਧੂਆਂ ਦੀ ਪਾਲਨਾਂ ਅਤੇ ਦੁਸਟਾਂ ਦਾ ਸੰਘਾਰ ਕਰਨ ਲਈ ਜੁਗ ਜੁਗ ਵਿਚ ਪ੍ਰਗਟ ਹੁੰਦਾ ਹਾਂ। ਓਸੇ ਤਰਾਂ ਅਰਥਾਤ ਰਾਮ

Digitized by Panjab Digital Library | www.panjabdigilib.org

ਕ੍ਰਿਸ਼ਨ ਆਦਿ ਦੀ ਤਰਾਂ ਗੁਰੂ ਸਾਹਿਬ ਭੀ ਓਸੇ ਪ੍ਰਯੋਜਨ ਸਿੱਧੀ ਲਈ ਅਵਤਾਰ ਹੋਏ ਸੀ। ਸੋ ਹੁਣ ਭੀ ਧਰਮ ਦੀ ਰਖਿਆ ਲਈ ਕੋਈ ਦੇਹਧਾਰੀ ਗੁਰੂ ਹੋਣਾ ਚਾਹੀਦਾ ਹੈ।

ਉੱਤਰ–ਬਲੇ ਓਇ ! ਕਾਲ ਭਗਵਾਨ ਦੇ ਲੌਂਕੜੀਓ !! ਤੁਸੀਂ ਖਲ ਤੇ ਖੰਡ ਨੂੰ ਰਲਾ ਦੇਣ ਦੀ ਚੰਗੀ ਜਾਚ ਰਖਦੇ ਹੋ ਜੋ ਗੀਤਾ ਵਰਗੀਆਂ ਕਿਤਾਬਾਂ ਨੂੰ ਭੀ ਪ੍ਰਮਾਣੀਕ ਮੰਨਦੇ ਹੋ। ਜੋ ਕਿ ਕਿਸੇ ਬ੍ਰਾਹਮਣ ਨੇ ਬਣਾਕੇ ਕ੍ਰਿਸ਼ਨ ਦੇ ਨਾਉਂ ਤੇ ਮੜ੍ਹ ਛੱਡੀ ਹੈ। ਜਿਸ ਵਿਚ ਮਣ ੨ ਦੇ ਗੱਪ ਤੇ ਅਹੰਕਾਰ ਦੇ ਪਲੰਦੇ ਬੰਨ੍ਹੇ ਹੋਏ ਹਨ। ਭਲਾ ਜੇ ਗੀਤਾ ਵਿਚ ਲਿਖਿਆ ਹੋਇਆ ਕ੍ਰਿਸ਼ਨ ਸਚ ਮੁਚ ਧਰਮ ਦੀ ਬ੍ਰਿਧੀ ਲਈ ਹੀ ਪ੍ਰਗਟ ਹੋਇਆ ਸੀ ਤਾਂ ਸ਼ਿਸ਼ਪਾਲ ਵਿਚਾਰੇ ਵਿਚ ਕੇਹੜੀ ਦੁਸ਼ਟਤਾ ਦੇਖੀ ਸੀ ਜਿਸ ਤੋਂ ਰੁਕਮਣੀ ਬਚਾਉਣੀ ਪਈ। ਸੰਸਾਰ ਵਿਚ ਅਜੇਹਾ ਉਪੱਦ੍ਰਵ ਕਿਹੜਾ ਹੋ ਰਿਹਾ ਸੀ ਜੋ ਗੋਪੀਆਂ ਦੇ ਮਨ ਅਤੇ ਕਪੜੇ ਹਰਨ ਬਿਨਾਂ ਦੂਰ ਨਹੀਂ ਹੋ ਸਕਦਾ ਸੀ। ਨਾਲੇ ਇਹ ਭੀ ਦਸੋ ਕਿ ਗੁਰੂ ਸਾਹਿਬ ਨੇ ਕ੍ਰਿਸ਼ਨ ਵਰਗਾ ਕੇਹੜਾ ਕੰਮ ਕੀਤਾ ਹੈ, ਜਿਸ ਕਰਕੇ ਤੁਸੀਂ ਉਹਨਾਂ ਨੂੰ ਕ੍ਰਿਸ਼ਨ ਨਾਲ ਇੰਨ ਬਿੰਨ ਮਿਲਾਈ ਜਾਂਦੇ ਹੋ ? ਕੀ ਕ੍ਰਿਸ਼ਨ ਆਦਿਕ ਕਿਸੇ ਅਵਤਾਰ ਦੀ ਬਣਾਈ ਕੋਈ ਧਾਰਮਿਕ ਪੁਸਤਕ ਸਾਬਤ ਕਰ ਸਕਦੇ ਹੋ ? ਜਿਸ ਕਰਕੇ ਲੋਕਾਂ ਵਿਚ ਧਰਮ ਭਾਵ ਪ੍ਰਵੇਸ਼ ਹੋ ਸਕੇ। ਕੀ ਗੁਰੂ ਸਾਹਿਬ ਦਾ ਪ੍ਰਯੋਜਨ ਤੁਸੀਂ ਕ੍ਰਿਸ਼ਨ ਵਾਲਾ ਹੀ ਮੰਨੋਗੇ ? ਵਾਹ ਜੀ ਵਾਹ ! 'ਐਸੇ ਤੇ ਅਰਾਧਬੋ ਸੇ ਮੋਨ ਸੁਖਦਾਈ ਹੈ' ਇਹ ਕਹਾਵਤ ਇਸ ਜਗ੍ਹਾ ਠੀਕ ਲਗਦੀ ਹੈ।

ਭਲਾ ਜਦੋਂ ਗੁਰੂ ਅਵਤਾਰ ਨੇ ੧੦ ਜਾਮਿਆਂ ਵਿਚ

Digitized by Panjab Digital Library | www.panjabdigilib.org

ਰਹਿਕੇ ਗੁਰੂ ਗਿਆਨ ਦ੍ਰਿੜਾਉਂਣ ਦਾ ਪ੍ਰਯੋਜਨ ਪੂਰਾ ਕਰਕੇ ਅਤੇ ਖਾਲਸਾ ਪੰਥ ਨੂੰ ਧਰਮ ਰਖਿਆ ਲਈ ਆਪਣਾ ਰੂਪ ਬਣਾਕੇ ਆਪਣੇ ਥਾਂ ਥਾਪਿਆ, ਤਾਂ ਉਸ ਨਾਲੋਂ ਕੇਹੜਾ ਦੇਹਧਾਰੀ ਸਤਾਨਾ ਹੈ ਜੋ ਧਰਮ ਦੀ ਰਖਿਆ ਕਰ ਸਕੇਗਾ ? ਕੀ ਤੁਸੀਂ ਸਿਖ ਕਹਾਉਂਦੇ ਹੋਏ ਭੀ ਦਸਵੇਂ ਪਾਤਸ਼ਾਹ ਦੀ ਬਰਾਬਰੀ ਕਰਨੋਂ ਨਹੀਂ ਟਲਦੇ ?

ਸ਼ੰਕਾ—ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦਾ ਭਾਵ ਤਾਂ ਇਹ ਹੈ ਕਿ ਦਸਵੇਂ ਪਾਤਸ਼ਾਹ ਤੋਂ ਪਿਛੋਂ ਕੋਈ ਗੁਰੂ ਅਵਤਾਰ ਨਾਂ ਹੋਵੇ, ਨਾਲੇ ਦੰਭੀਆਂ ਨੂੰ ਗੁਰੂ ਬਣਨ ਤੋਂ ਰੋਕਣਾ ਸੀ। ਇਸ ਲਈ ਗੁਰੂ ਸਾਹਿਬ ਨੇ ਸਾਧੂਆਂ ਨੂੰ ਗੁਰੂ ਹੋਣ ਦਾ ਨਿਖੇਧ ਨਹੀਂ ਕੀਤਾ।

ਉੱਤਰ—ਜਾਦੂ ਉਹ ਜੋ ਸਿਰ ਚੜ੍ਹ ਬੋਲੇ ! ਸਜਨ ਜੀ ! ਜੋ ਅਸਲ ਗਲ ਸੀ ਉਸ ਉਪਰ ਤੁਸੀਂ ਹੁਣ ਆਏ ਹੋ, ਮਗਰ ਅਜੇ ਭੀ ਕਮਲ ਵਿਚੇ ਹੀ ਰਖ ਲਿਆ ਹੈ ਅਰਥਾਤ ਆਪ ਦੇ ਕਥਨਾਨੁਸਾਰ ਠੀਕ ਗੁਰੂ ਸਾਹਿਬ ਨੇ 'ਹੋਰ ਗੁਰੂ ਅਵਤਾਰ ਹੋਣ ਦਾ ਨਿਖੇਧ ਏਸੇ ਲਈ ਕੀਤਾ ਹੈ ਕਿ ਅਗੋ ਵਾਂਗ ਦੰਭੀ ਗੁਰੂ ਨਾਂ ਬਣ ਬੈਠਣ, ਮਗਰ ਜਦ ਇਹ ਗੱਲ ਤੁਸੀਂ ਸਾਫ ੨ ਮੰਨਦੇ ਹੋ ਤਾਂ ਫੇਰ ਸਮਝ ਨਹੀਂ ਆਉਂਦੀ ਕਿ ਆਪ ਦੇਹਧਾਰੀ ਦੀ ਲੋੜ ਕਿਉਂ ਕੂਕੀ ਜਾਂਦੇ ਹੋ ? ਕੀ ਆਪ ਪੰਜਾਂ ਪਿਆਰਿਆਂ ਨੂੰ ਮਹਾਰਾਜ ਵਲੋਂ ਅੰਮ੍ਰਿਤ ਦੇਣਾ ਅਤੇ ਉਹਨਾਂ ਪਾਸੋਂ ਗੁਰੂ ਮਹਾਰਾਜ ਦਾ ਅੰਮ੍ਰਿਤ ਛਕਣਾ ਤਥਾ ਉਹਨਾਂ ਨੂੰ 'ਗੁਰੂ ਦੀਖਜਾ' ਦਾ ਅਧਿਕਾਰ ਦੇਣਾ ਨਹੀਂ ਮੰਨਦੇ ? ਜੇ ਇਹ ਸਭ ਕੁਝ ਮੰਨਦੇ ਹੋ ਤਾਂ ਫੇਰ ਦੇਹਧਾਰੀ ਦਾ ਕੀ ਬਣਾਉਣਾ ਹੈ ? ਨਾਲੇ ਆਪ ਦੇ

Digitized by Panjab Digital Library | www.panjabdigilib.org

ਕਥਨਾਨੁਸਾਰ ਏਸ ਰਿਵਾਜ ਨਾਲ ਦੰਭੀ ਸਗੋਂ ਵਧਣਗੇ ਨਹੀਂ ?

ਸ਼ੰਕਾ—ਇਹ ਠੀਕ ਹੈ ਕਿ ਗੁਰੂ ਮਹਾਰਾਜ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਕੇ ਫੇਰ ਉਨ੍ਹਾਂ ਤੋਂ ਆਪ ਛਕਿਆ ਅਤੇ ਅਗਾਹਾਂ ਨੂੰ ਉਨ੍ਹਾਂ ਤੋਂ ਅੰਮ੍ਰਿਤ ਲੈਣ ਦੀ ਆਗਯਾ ਕੀਤੀ ਪਰ ਜੇ ਉਹ ਪੂਰੇ ਸਿਖ ਹੋਣ ਅਤੇ ਜੇਹੜਾ ਉਨ੍ਹਾਂ ਵਿਚੋਂ ਗਿਆਨਵਾਨ ਹੋਵੇ ਉਸ ਨੂੰ 'ਗੁਰਦੇਵ' ਮੰਨ ਲੈਣਾ ਚਾਹੀਦਾ ਹੈ। ਜੇ ਉਨ੍ਹਾਂ ਵਿਚ ਕੋਈ ਭੀ ਗਿਆਨਵਾਨ ਨਾ ਹੋਵੇ ਤਾਂ ਪਿਛੋਂ ਕਿਸੇ 'ਬ੍ਰਹਮ ਗਿਆਨੀ' ਨੂੰ ਜਰੂਰ ਗੁਰੂ ਧਾਰਨ ਕਰਨਾ ਚਾਹੀਏ।

ਉਤਰ—ਵਾਹ ਭਾਈ ਜੀ ਵਾਹ ਇਹ ਤਾਂ ਉਹ ਗੱਲ ਹੋਈ ਕਿ 'ਪੰਚਾਂ ਦਾ ਆਖਿਆ ਸਿਰ ਮਥੇ ਤੇ ਪਰ ਪਰਨਾਲਾ ਓਥੇ ਹੀ ਚਾਹੀਦਾ ਹੈ' ਭਲਾ ਜੇ ਕੋਈ ਸੁਤਾ ਹੋਵੇ ਤਾਂ ਹਾਕ ਮਾਰਕੇ ਜਗਾ ਲਈਦਾ ਹੈ ਜੇ ਇਉਂ ਨਾ ਜਾਗੇ ਤਾਂ ਹਲੂਣਾ ਦੇ ਸਕਦੇ ਹਾਂ, ਅਜੇ ਭੀ ਨਾ ਜਾਗੇ ਤਾਂ ਮਚਲਾ ਸਮਝਕੇ ਪਾਣੀ ਦੇ ਛਿਟੇ ਮਾਰੀਦੇ ਹਨ, ਜੇ ਫੇਰ ਭੀ ਨਾ ਜਾਗੇ ਤਾਂ ਉਸ ਢੀਠ ਦਾ ਕੀ ਉਪਾਇ ਹੈ ? ਅਰਥਾਤ ਜਦ ਤੁਸੀਂ ਇਉਂ ਮੰਨਦੇ ਹੋ ਕਿ ਅੰਮ੍ਰਤ ਤਾਂ ਪੰਜਾਂ ਪਿਆਰਿਆਂ ਤੋਂ ਹੀ ਛਕਣ ਦਾ ਹੁਕਮ ਹੈ ਅਤੇ ਹੋਰ ਗੁਰੂ ਅਵਤਾਰ ਹੋਣ ਦਾ ਭੀ ਨਿਖੇਧ ਹੈ, ਫੇਰ ਭੀ ਕੋਈ ਇਕ ਆਦਮੀ ਗੁਰੂ ਜਰੂਰ ਬਣਾਉਣ ਦੀ ਲੋੜ ਆਖਦੇ ਹੋ ਜੋ ਕਿ ਬ੍ਰਹਮ ਗਿਆਨੀ ਹੋਵੇ। ਦੇਖੋ ਇਤਨਾ ਲੋਹੜਾ ਕਿ ਪੰਜ ਪਿਆਰੇ ਪੂਰੇ ਸਿਖ ਹੁੰਦੇ ਹੋਏ ਭੀ ਅਜੇ 'ਬ੍ਰਹਮ ਗਿਆਨੀ' ਯਾ 'ਗਿਆਨ ਵਾਨ' ਭੀ ਨਾ ਹੋਣਗੇ ? ਪੂਰਨ ਸਿਖੀ ਤੋਂ ਪਰੇ ਹੋਰ ਗਿਆਨ

Digitized by Panjab Digital Library | www.panjabdigilib.org

ਹੀ ਕਿਹੜਾ ਹੈ? ਸਜਨ ਜੀ! ਪੰਜਾਂ ਪਿਆਰਿਆਂ ਨਾਲੋਂ ਵਧਕੇ ਕੋਈ ਗਿਆਨਵਾਨ ਨਹੀਂ ਹੋ ਸਕਦਾ। ਦੇਖੋ ਬ੍ਰਹਮ ਗਿਆਨੀ ਤੁਹਾਡੀ ਮਨੌਤ ਮੂਜਬ 'ਮੈਂ ਬ੍ਰਹਮ' ਦਾ 'ਕੁਫਰ ਕਲਮਾ' ਪੜਨ ਵਾਲੇ ਨਹੀਂ ਹੁੰਦੇ ਸਗੋਂ 'ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹੁ ਲਛਣ ਬ੍ਰਹਮ ਗਿਆਨੀ ਹੋਇ॥' ਇਤਿਆਦੀ ਅਨੁਸਾਰ ਪੂਰੇ ਗੁਰਸਿਖ ਹੀ 'ਬ੍ਰਹਮ ਗਿਆਨੀ' ਸਿੱਧ ਹੁੰਦੇ ਹਨ ਬਲਕਿ ਗੁਰਸਿਖ ਦੇਵਤਿਆਂ ਅਤੇ ਅਵਤਾਰਾਂ ਨਾਲੋਂ ਭੀ ਕਿਤੇ ਉਚੇ ਗੁਰਬਾਣੀ ਵਿਚ ਦਰਸਾਏ ਗਏ ਹਨ। ਜੈਸੇ 'ਮਾਇਆ ਮੋਹੇ ਦੇਵੀ ਸਭ ਦੇਵਾ॥ ਕਾਲ ਨ ਛੋਡੈ ਬਿਨ ਗੁਰ ਕੀ ਸੇਵਾ॥' ਅਤੇ "ਭਰਮੇ ਸੁਰ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥..... ਨਾਨਕ ਗੁਰਮੁਖਿ ਭਰਮ ਭੈ ਮੋਹੁ ਮਿਟਾਇਆ॥ ਨਾਨਕ ਤੇਹ ਪਰਮ ਸੁਖੁ ਪਾਇਆ॥" ਭਾਵ–ਜਿਸ ਮਾਇਆ ਵਿਚ ਦੇਵੀ ਦੇਵਤੇ ਫਸ ਗਏ ਗੁਰ ਸਿਖਾਂ ਨੇ ਉਸ ਨੂੰ ਮਿਟਾ ਦਿਤਾ। ਕਿਉਂ ਜੀ ਦੇਖੇ ਬ੍ਰਹਮ ਗਿਆਨੀ?

ਭਰਮ ਗਿਆਨੀ ਜੀ! ਆਪ ਅੰਮ੍ਰਿਤ ਛਕਣ ਨੂੰ ਇਕ ਰਸਮ ਪੂਰੀ ਕਰਨਾ ਹੀ ਸਮਝਦੇ ਹੋ। ਇਹ ਭੁਲੇਖਾ ਕਢ ਦੇਵੋ। 'ਅੰਮ੍ਰਤ' ਗੁਰੂ ਜੋਤਿ ਦੀ ਖਾਸ ਕਣੀ ਹੈ। ਜੋ 'ਗੁਰੂ' ਅਕਾਲ ਪੁਰਖ ਤੋਂ ਗੁਰ ਜੋਤਿ ਦੇ ਰਾਹੀਂ ਪੰਜਾਂ ਪਿਆਰਿਆਂ ਨੂੰ ਪ੍ਰਾਪਤ ਹੋਈ ਜੋ ਕਿ 'ਰਹਸ ਦਾਇਕ' ਅਤੇ ਪਲੇ ਪੈਣ ਵਾਲੀ ਵਸਤੂ ਹੈ। ਉਸਨੂੰ ਪ੍ਰਾਪਤ ਕਰਕੇ ਕਿਸੇ ਪਾਸੋਂ ਗੱਲ ਮੜ੍ਹ ਪੁਛਣ ਦੀ ਲੋੜ ਨਹੀਂ ਰਹਿ ਜਾਂਦੀ। ਅਤੇ ਨਾਲੇ ਦੀਖਿਆ ਅਰੁ ਸਿਖਿਆ ਭੀ ਪੰਜ ਪਿਆਰੇ ਦਿੰਦੇ ਹਨ ਤਾਂ

Digitized by Panjab Digital Library / www.panjabdigilib.org

ਫੇਰ ਕੋਈ 'ਬ੍ਰਹਮ ਗਿਆਨੀ' ਗੁਰੂ 'ਮਿਟੀ ਦਾ ਮਾਧੋ ਜਿਹਾ' ਕਾਹਦੇ ਲਈ ਕਰਨਾ ਹੈ ? ਜੋ ਗੁਰਬਾਣੀ ਦਾ ਅਰਥ ਲਿਖਣਾ ਯਾ ਵਿਚਾਰਨਾ ਹੈ । ਉਹ ਸੰਸਾਰੀ ਵਿਦਿਆ ਵਾਂਗ ਹੀ ਹੈ । ਉਹ ਗੁਰ ਭਾਈਆਂ ਤੋਂ ਜੰਮ ਜੰਮ ਸਿਖੋ। ਹੋਰ ਭੀ ਹੈ ਕਿ ਜਦੋਂ ਅਸੂਲ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਣ ਦਾ ਸਿਧ ਹੋ ਗਿਆ ਤਾਂ ਇਕ ਤੋਂ ਛਕਣਾ ਗੁਰਮਤ ਦੇ ਅਨੁਕੂਲ ਕਿਵੇਂ ਹੋ ਸਕਦਾ ਹੈ ? ਅਤੇ ਇਹ ਭੀ ਨਹੀਂ ਹੋ ਸਕਦਾ ਕਿ ਪੰਜ ਪਿਆਰਿਆਂ ਵਿਚੋਂ ਕੋਈ ਗਿਆਨੀ ਨਾ ਹੋਵੇ ਭਲਾ ਨਾ ਭੀ ਹੋਵੇ ਤਾਂ ਗੁਰਮਤ ਤੋਂ ਸਖਣਾ ਕੋਈ 'ਬ੍ਰਹਮ ਗਿਆਨੀ' (ਭ੍ਰਮ ਗਿਆਨੀ) ਭੀ ਕੀ ਕਰ ਸਕਦਾ ਹੈ । ਆਪ ਨੂੰ ਇਹ ਭੁਲੇਖਾ ਲਗਦਾ ਹੈ ਕਿ ਗੁਰਮਤ ਤੋਂ ਸਖਣੇ ਅਤੇ ਵੇਦਾਂਤ ਦੀਆਂ ਗਲਾਂ ਕਰਨ ਵਾਲੇ ਹੀ ਗਿਆਨੀ ਹੁਦੇ ਹਨ । ਅਸਲ ਵਿਚ ਪੰਜ ਪਿਆਰੇ ਹੀ ਗੁਰਮਤ ਦੇ ਗਿਆਨੀ ਹਨ । ਹੋਰ ਅਨ੍ਯਮਤੀਏ ਨਹੀਂ ਹੋ ਸਕਦੇ ।

ਸ਼ੰਕਾ–ਗੁਰਬਾਣੀ ਵਿਚ ਲਿਖਿਆ ਹੈ ਕਿ ਗੁਰਾਂ ਦੇ ਚਰਣ ਸੇਵੋ ਉਨ੍ਹਾਂ ਨੂੰ ਛਾਦਨ, ਭੋਜਨ ਦੇਵੇ, ਪੱਖਾ ਫੇਰੋ ਅਤੇ ਪਾਣੀ ਢੋਵੇ । ਇਸ ਤੋਂ ਸਾਫ ੨ ਦੇਹਧਾਰੀ ਗੁਰੂ ਦਾ ਹੋਣਾ ਸਿੱਧ ਹੁੰਦਾ ਹੈ।

ਉੱਤਰ–ਜਿਸਤਰਾਂ 'ਹਰਿ ਕੇ ਚਰਨ ਨਿਧਾਨ' ਆਦਿ ਤੋਂ ਹਰਿ ਦੀ ਸ਼ਰਨ ਪੂਜਾ ਅਤੇ ਸਤਿਕਾਰ ਆਦਿ ਦਾ ਭਾਵ ਲਿਆ ਜਾਂਦਾ ਹੈ। ਉਸੇ ਤਰਾਂ ਏਥੇ ਗੁਰਾਂ ਦੇ ਚਰਣ ਧੋਣੇ ਅਤੇ ਪੱਖਾ ਆਦਿ ਦਾ ਗਉਣ ਭਾਵ ਉਨ੍ਹਾਂ ਦੀ ਪੂਜਾ ਅਤੇ ਅਨਨ੍ਯ

Digitized by Panjab Digital Library | www.panjabdigilib.org

ਸ਼ਰਧਾ ਕਰਨ ਵਿਚ ਲਿਆ ਜਾਂਦਾ ਹੈ । ਸੋ ਉਕਤ ਵਾਕ ਸਤਿਗੁਰਾਂ ਦੀ ਮਹਿਮਾ ਵਿਚ ਹੋਣ ਕਰਕੇ ਅਰਥਵਾਦ ਰੂਪ ਹਨ।

ਸ਼ੰਕਾ—ਗੁਰੂ ਸਾਹਿਬ ਲਿਖਦੇ ਹਨ 'ਸੰਤਨ ਹਥ ਰਾਖੀ ਕੁੰਜੀ'। ਇਸ ਤੋਂ ਸਾਫ ਹੀ ਦੇਹ ਧਾਰੀ ਗੁਰੂ ਵਲ ਇਸ਼ਾਰਾ ਹੈ। ਅਤੇ 'ਸੇਵਾ ਪੂਜ ਕਰਉ ਤਿਸ ਮੂਰਤ ਕੀ ਨਾਨਕ ਤਿਸੁ ਪਗ ਚਾਟੈ' ਇਸ ਤੋਂ ਭੀ ਚਰਨਾਂ ਵਾਲੀ ਮੂਰਤੀ ਦੀ ਪੂਜਾ ਜਾਣੀ ਜਾਂਦੀ ਹੈ। ਫੇਰ ਦੇਖੋ 'ਸਤਿਗੁਰ ਦੇਉ ਪ੍ਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ' ਇਸ ਤੋਂ ਪ੍ਰਤੱਖ ਗੁਰੂ ਦੇਹ ਧਾਰੀ ਹੀ ਜਾਣਿਆਂ ਜਾਂਦਾ ਹੈ। ਬਲਕਿ 'ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਣਨਾ ਹਰਿ ਨਾਉ।' ਇਤਿਆਦਿ ਵਾਕਾਂ ਤੋਂ ਅਖਾਂ ਨਾਲ ਦਿਖਾਈ ਦੇਣ ਵਾਲਾ ਦੇਹ ਧਾਰੀ ਹੀ ਗੁਰੂ ਮੰਨਣਾ ਪੈਂਦਾ ਹੈ।

ਉੱਤਰ—'ਸੰਤਨ ਹਥ ਕੁੰਜੀ' ਦਾ ਭਾਵ ਤਾਂ ਕੇਵਲ ਗੁਰਾਂ ਦੀ ਵਿਸ਼ੇਸ਼ਤਾ ਵਿਚ ਹੀ ਹੈ। ਅਰਥਾਤ ਇਸ ਵਿਚ ਏਹ ਨਹੀਂ ਦਸਿਆ ਕਿ ਗੁਰੂ ਹਰ ਸਮੇਂ ਦੇਹ ਧਾਰੀ ਹੀ ਹੋਵੇ। ਸਾਮਾਨਜ ਤੌਰ ਤੇ ਏਹੋ ਲਿਖਿਆ ਹੈ ਕਿ ਕੁੰਜੀ ਗੁਰਾਂ ਦੇ ਹੱਥ ਵਿਚ ਹੀ ਹੁੰਦੀ ਹੈ। ਅਤੇ ਜਣੇ ਕਣੇ ਦੰਭੀ ਦੇ ਕੁਝ ਵਸ ਨਹੀਂ ਹੁੰਦਾ। 'ਪਗ ਚਟਣ' ਵਾਲੀ ਪੰਗਤੀ ਦਾ ਭਾਵ ਭੀ ਗੁਰਾਂ ਦੇ ਵਾਰਨੇ ਜਾਣ ਵਿਚ ਹੈ। ਜੇ ਪੈਰ ਚੱਟਣ ਦਾ ਸਾਮਾਂ ਅਰਥ ਹੀ ਲਈਏ ਤਾਂ ਭੀ ਪੈਰ ਚੱਟਣੇ ਨਿਸਫਲ ਹੀ ਹਨ। ਏਸੇਤਰਾਂ 'ਤਿਸ ਮੂਰਤਿ' ਦਾ ਅਰਥ ਭੀ ਕੇਵਲ 'ਵਜੂਦ' ਹੈ। ਨਾ ਕਿ ਦੇਹ ਵਾਲੀ ਮੂਰਤੀ। 'ਸਤਿਗੁਰ ਦੇਉ ਪ੍ਰਤਖਿ ਹਰਿ ਮੂਰਤਿ' ਇਸ ਤੁਕ ਵਿਚ 'ਪ੍ਰਤਖ' ਪਦ 'ਸਤਿਗੁਰ' ਦਾ ਵਿਸ਼ੇਸ਼ਣ ਨਹੀਂ ਕਿਉਂਕਿ ਇਹ ਵਿਧੇਯ

Digitized by Panjab Digital Library | www.panjabdigilib.org

(Predicate) ਦਾ ਅੰਗ ਹੈ ਇਸ ਲਈ 'ਮੂਰਤੀ' ਦਾ ਵਿਸ਼ੇਸ਼ਣ ਹੋਣ ਕਰਕੇ 'ਸਤਿਗੁਰ' ਅਤੇ 'ਹਰਿ' ਦਾ 'ਸਾਖਿਆਤ ਅਭੇਦ' ਜਣਾਉਂਦਾ ਹੈ। ਤਾਂਤੇ ਇਥੇ ਪ੍ਰਤੱਖ ਗੁਰੂ ਦਾ ਵਰਣਨ ਹੀ ਨਹੀਂ ਕਿੰਤੂ ਸਤਿਗੁਰਾਂ ਦੇ 'ਪ੍ਰਤਖ ਹਰਿ ਮੂਰਤਿ ਹੋਣ' ਦਾ ਕਥਨ ਹੈ। ਏਸੇ ਤਰਾਂ 'ਨੇਤ੍ਰੀ ਸਤਿਗੁਰੂ' ਦਾ ਭਾਵ ਇਹ ਹੈ ਕਿ ਜੋ ਗੁਰੂ ਦਾ ਅਸਥੂਲ ਰੂਪ ਹੋਵੇ ਉਸ ਨੂੰ ਦੇਖਣਾ। ਸੋ ਏਸ ਤੋਂ ਤਾਂ 'ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ' ਵਾਂਗ ਅੱਖਾਂ ਨਾਲ ਦੇਖਣ ਵਾਲਾ ਗੁਰੂ ਰੂਪ ਭਾਵ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ ਕਰਨ ਵਿਚ ਤਾਤਪ੍ਰਜ ਹੈ। ਨਾ ਕਿ ਦੇਹ ਦੇ ਗੁਰੂ ਲੱਛਣ ਵਿਚ।

ਸ਼ੰਕਾ—ਮੁਢ ਤੋਂ ਲੈਕੇ ਦੁਨੀਆਂ ਗੁਰੂ ੨ ਕਰਦੀ ਆਈ ਹੈ। ਇਸ ਤੋਂ ਜਾਣਿਆਂ ਜਾਂਦਾ ਹੈ ਕਿ ਗੁਰੂ ਹਸਤੀ ਦਾ ਪ੍ਰਕਾਸ਼ ਪੁਰਾਣੇ ਸਮੇਂ ਤੋਂ ਹੀ ਹੁੰਦਾ ਆਇਆ ਹੈ। ਅਤੇ 'ਜੁਗ ਚਾਰੇ ਸਚਾ ਏਕੋ ਵਰਤੈ ਬਿਨ ਗੁਰ ਕਿਨੈ ਨ ਪਾਇਆ।' ਅਤੇ 'ਜੁਗ ਜੁਗ ਸੰਤ ਭਲੇ ਪ੍ਰਭ ਤੇਰੇ' ਆਦਿ ਵਾਕ ਏਸ ਵਿਚ ਪ੍ਰਮਾਣ ਹਨ। ਤਾਂ ਗੁਰੂ ਦੇ ਦੇਹ ਧਾਰੀ ਹੋਣ ਦਾ ਨਿਖੇਧ ਕਿਵੇਂ ਹੋ ਸਕਦਾ ਹੈ?

ਉੱਤਰ—ਏਸ ਜੁਗ ਤੋਂ ਬਿਨਾਂ ਗੁਰੂ ਹਸਤੀ ਦਾ ਪ੍ਰਕਾਸ਼ ਮਨੁਖ ਸਰੀਰ ਵਿਚ ਕਦੇ ਨਹੀਂ ਹੋਇਆ ਸੀ। ਕੇਵਲ ਕੁਝ ਸਿਆਣਿਆਂ ਯਾ ਠੱਗਾਂ ਨੂੰ ਦੁਨੀਆਂ 'ਗੁਰੂ' ਮੰਨਦੀ ਚਲੀ ਆਉਂਦੀ ਸੀ। ਅਤੇ ਪੁਰਾਤਨ ਭਗਤਾਂ ਦੇ ਹਿਰਦੇ ਵਿਚ ਅਕਾਲ ਪੁਰਖ ਨੇ ਆਪਣਾ ਗਿਆਨ ਪ੍ਰੋਛ ਰੀਤੀ ਨਾਲ ਪ੍ਰਕਾਸ਼ ਕਰਕੇ ਉਨ੍ਹਾਂ ਦੀ ਕਲਿਆਣ ਕੀਤੀ। ਇਸ ਲਈ ਚੌਹਾਂ

Digitized by Panjab Digital Library | www.panjabdigilib.org

ਜੁਗਾਂ ਵਿਚ 'ਗੁਰੂ ਬਿਨਾਂ ਅਕਾਲ ਪੁਰਖ ਦਾ ਨਾ ਪਾਉਣਾ' ਦਸਕੇ ਸੱਚੇ ਗੁਰੂ ਦੀ ਮਹਿਮਾਂ ਹੀ ਏਥੇ ਕਥਨ ਕੀਤੀ ਹੈ। ਨਾ ਕਿ ਗੁਰ ਦਾ ਦੇਹ ਧਾਰਨਾ। ਅਤੇ 'ਜੁਗ ਜੁਗ ਸੰਤ ਭਲੇ' ਆਦਿ ਦੁਆਰਾ ਅਪਣੇ ਸਾਧੂਆਂ, ਭਗਤਾਂ ਨੂੰ ਉੱਤਮ ਆਖਿਆ ਗਿਆ ਹੈ। ਨਾ ਕਿ ਦੇਹ ਧਾਰੀ ਗੁਰੂਆਂ ਨੂੰ।

ਸ਼ੰਕਾ—ਗੁਰਬਾਣੀ ਵਿਚ 'ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ' ਆਦਿ ਵਾਕਾਂ ਦੁਆਰਾ ਪਹਿਲੇ ਜੁਗਾਂ ਵਿਚ ਗੁਰੂ ਨਾਨਕ ਦੇਵ ਜੀ ਦਾ 'ਬਾਵਨ' ਅਤੇ 'ਰਾਮਚੰਦ੍ਰ ਜੀ' ਆਦਿ ਰੂਪ ਧਾਰਨਾ ਅਤੇ ਕਲਿਜੁਗ ਵਿਚ 'ਗੁਰੂ ਨਾਨਕ ਰੂਪ ਧਾਰਨਾ ਸਾਫ ੨ ਲਿਖਿਆ ਹੈ। ਇਸਤੋਂ ਜਾਣਿਆਂ ਜਾਂਦਾ ਹੈ ਕਿ ਜਿਵੇਂ ਪਹਿਲੇ ਜੁਗਾਂ ਵਿਚ ਗੁਰੂ ਨਾਨਕ ਦੇਵ ਦੇ ਅਵਤਾਰ ਹੋਏ ਹਨ ਓਸੇਤਰਾਂ ਏਸ ਜੁਗ ਵਿਚ ਭੀ 'ਨਾਨਕ' ਨਾਮ ਕਰਕੇ ਗੁਰੂ ਅਵਤਾਰ ਹੋਇਆ। ਏਵੇਂ ਹੀ ਹੁਣ ਭੀ ਕੋਈ ਗੁਰੂ ਅਵਤਾਰ ਜਰੂਰ ਮੰਨਣਾ ਚਾਹੀਦਾ ਹੈ।

ਉੱਤਰ—ਉਕਤ ਪ੍ਰਮਾਣ ਦਾ ਭਾਵ ਗੁਰੂ ਸਾਹਿਬਾਂ ਦੇ ਅਵਤਾਰ ਪ੍ਰਗਟ ਕਰਨ ਵਿਚ ਨਹੀਂ। ਕਿੰਤੂ 'ਉਨ੍ਹਾਂ ਦੀ ਹੋਂਦ ਹਰ ਜੁਗ ਵਿਚ ਹੈ' ਇਹ ਭਾਵ ਹੈ (ਇਸਦਾ ਵਿਸ਼ੇਸ਼ ਵਰਨਣ 'ਖੜਗ ਖਾਲਸਾ' ਵਿਚ ਕੀਤਾ ਗਿਆ ਹੈ) ਜੇ ਮੰਨ ਭੀ ਲਈਏ ਤਾਂ ਬਾਵਨ ਆਦਿ ਤਾਂ 'ਗੁਰੂ' ਅਵਤਾਰ ਨਹੀਂ ਹੋਏ, ਕਿੰਤੂ ਅੰਸਾਵਤਾਰ ਹੋਏ ਹਨ ਅਤੇ ਨਾਂ ਹੀ ਉਹਨਾਂ ਨੇ ਗੁਰੂ ਵਾਲਾ ਕੋਈ ਕੰਮ ਹੀ ਕੀਤਾ ਹੈ ਬਲਕਿ ਉਹਨਾਂ ਦੇ ਕੋਈ ਨਾਂ ਕੋਈ ਹੋਰ ਗੁਰੂ ਹੁੰਦੇ ਰਹੇ, ਇਸ ਲਈ ਨਾਂ ਤਾਂ ਗੁਰੂ ਸਾਹਿਬ ਦਾ ਅਗਲੇ ਜੁਗਾਂ ਵਿਚ

Digitized by Panjab Digital Library | www.panjabdigilib.org

ਅਵਤਾਰ ਹੋਇਆ ਅਤੇ ਨਾਂ ਹੀ ਹੋਰ ਕੋਈ ਗੁਰੂ ਰੂਪ ਤੇ ਪ੍ਰਗਟ ਹੋਇਆ। ਫੇਰ ਜਦੋਂ ਗੁਰੂ ਨਾਨਕ 'ਗੁਰੂ ਰੂਪ ਤੇ ਪ੍ਰਗਟ ਹੋ ਚੁਕੇ ਤਾਂ ਹੁਣ ਕੋਈ ਗੁਰੂ ਕਿਸ ਨਮਿਤ ਲਈ ਪ੍ਰਗਟ ਹੋਵੇਗਾ। ਭਾਵ ਗੁਰੂ ਹਸਤੀ ਦਾ ਕੰਮ ਮੁਕੰਮਲ ਹੋ ਚੁਕਣ ਕਰਕੇ ਹੁਣ ਕਿਸੇ ਗੁਰੂ ਹੋਣ ਦੀ ਲੋੜ ਨਹੀਂ।

ਸ਼ੰਕਾ—ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ 'ਜਾਣ ਨ ਦੇਸਾਂ ਸੋਢੀਆਂ ਹੋਰਸ ਅਜਰ ਨ ਜਰਿਆ ਜਾਵੇ।' ਅਰਥਾਤ ਸਦਾ ਲਈ ਸੋਢੀਆਂ ਦੇ ਘਰ ਵਿਚ ਹੀ ਗੁਰਿਆਈ ਰਹੇਗੀ। ਸੋ ਖਾਲਸਾ ਪੰਥ ਤਾਂ ਗੁਰੂ ਮਹਾਰਾਜ ਦੀ ਨਾਦੀ ਸੰਤਾਨ ਹੈ। ਅਤੇ ਬਿੰਦੀ ਸੰਤਾਨ ਸੋਢੀ ਹੋਣ ਕਰਕੇ ਉਨ੍ਹਾਂ ਦੇ ਘਰ ਗੁਰਿਆਈ ਰਹਿਣੀ ਸਿੱਧ ਹੁੰਦੀ ਹੈ। ਜਿਸ ਤੋਂ ਦੇਹ ਧਾਰੀ ਗੁਰੂ ਦਾ ਨਿਖੇਧ ਨਹੀਂ ਹੋ ਸਕਦਾ।

ਉੱਤਰ—ਏਸ ਤੁਕ ਵਿਚ 'ਗਮਯੋਤਪ੍ਰੇਖਯਾਲੰਕਾਰ' ਦੁਆਰਾ ਗੁਰੂ ਅਰਜਨ ਦੇਵ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਉਪਮਾ ਹੈ। ਅਰਥਾਤ ਗੁਰੂ ਅਰਜਨ ਦੇਵ ਜੀ ਇਤਨੇ ਅਜਰਾਵਰ ਹਨ ਕਿ ਮਾਨੋ ਹੋਰ ਕੋਲ ਗੁਰਿਆਈ ਜਾਣ ਦੇਂਦੇ ਹੀ ਨਹੀਂ। ਸੋ ਇਹ ਕਥਨ ਤਾਂ 'ਮਾਨੋ ਕਰੋੜਾਂ ਸੂਰਜ ਚੜ੍ਹ ਗਏ ਹਨ' ਦੀ ਤਰਾਂ ਅਲੰਕਾਰਿਕ ਹੈ ਜਿਸਦਾ ਤਾਤਪ੍ਰਯ ਸਿਰਫ ਗੁਰੂ ਅਰਜਨ ਦੇਵ ਜੀ ਦੀ ਮਹਿਮਾਂ ਵਿਚ ਹੀ ਹੈ। ਜੇ ਇਉਂ ਨਾ ਮੰਨੀਏ ਤਾਂ ਦੂਜੇ ਗੋਤ ਦੇ ਮਹਾਂ ਪੁਰਖਾਂ (ਬੇਦੀ, ਤ੍ਰੇਹਣ ਅਤੇ ਭੱਲਿਆਂ) ਦੀ ਨਿੰਦਾ ਹੋ ਜਾਵੇਗੀ। ਜੋ ਅਨਿਸ਼ਟ ਹੈ। ਇਸ ਲਈ ਉਕਤ ਅਨਿਸ਼ਟ ਦਾ ਪ੍ਰਹਾਰ ਪੂਰਬੋਕਤ (ਅਸਾਡੀ ਦੱਸੀ ਹੋਈ) ਤਰਕ ਨਾਲ ਹੀ ਹੋ ਸਕਦਾ ਹੈ। ਅਤੇ ਸੋਢੀ ਯਾ

Digitized by Panjab Digital Library | www.panjabdigilib.org

ਹੋਰ ਕਿਸੇ ਖਾਸ ਘਰਾਣੇ ਦੇ ਦੇਹਧਾਰੀ ਨੂੰ ਸਦਾ ਲਈ ਗੁਰਿ-ਆਈ ਦੀ ਗੱਦੀ ਦਾ ਅਧਿਕਾਰ ਸਿੱਧ ਨਹੀਂ ਹੁੰਦਾ। ਕਿਉਂਕਿ ਗੁਰਿਆਈ ਦਾ ਬਿੰਦੀ ਸੰਤਾਨ ਨਾਲ ਨੀਯਤ ਸਬੰਧ ਨਹੀਂ।ਜੇ ਹੁੰਦਾ ਤਾਂ ਗੁਰੂ ਅੰਗਦ ਦੇਵ ਆਦੀ ਕਿਵੇਂ 'ਗੁਰੂ' ਬਣਦੇ।

ਸ਼ੰਕਾ—ਅਸੀਂ ਤਾਂ ਇਤੂੰ ਸਮਝਦੇ ਹਾਂ ਕਿ ਖਾਲਸੇ ਨੂੰ ਗੁਰਿਆਈ ਮਿਲਣ ਦਾ ਭਾਵ ਹੀ ਇਹ ਹੈ ਕਿ ਦਸਮ ਪਾਤਸ਼ਾਹ ਨੇ ਗੁਰਿਆਈ ਤਾਂ ਖਾਲਸੇ ਨੂੰ ਹੀ ਦਿੱਤੀ ਮਗਰ ਖਾਲਸੇ ਵਿਚੋਂ ਕਿਸੇ ਇਕ ਵਿਅਕਤੀ ਨੂੰ ਹੀ 'ਗੁਰੂ' ਟਿਕਿਆ ਹੈ । ਜਿਸਦਾ ਸਬੂਤ 'ਸੂਰਜ ਪ੍ਰਕਾਸ਼' ਆਦਿ ਗ੍ਰੰਥਾਂ ਵਿਚੋਂ ਭਾਈ ਸੰਤ ਸਿੰਘ ਆਦਿਕਾਂ ਨੂੰ ਗੁਰਿਆਈ ਦੇਣ ਦੇ ਪ੍ਰਸੰਗਾਂ ਤੋਂ ਮਿਲਦਾ ਹੈ।

ਉੱਤਰ—ਪੂਰਬੋਕਤ ਪ੍ਰਸੰਗ ਗੁਰਬਾਣੀ ਅਤੇ ਗੁਰ ਸੰਪ੍ਰਦਾਇ ਤੋਂ ਉਲਟ ਹੋਣ ਕਰਕੇ ਮੰਨਣ ਯੋਗ ਨਹੀਂ । ਜੇ ਕੋਈ ਇਕ ਦੇਹਧਾਰੀ ਖਾਲਸੇ ਵਿਚੋਂ ਗੁਰੂ ਗੱਦੀ ਤੇ ਹੁੰਦਾ ਤਾਂ 'ਸੂਰਜ ਪ੍ਰਕਾਸ਼' ਆਦਿ ਗ੍ਰੰਥਾਂ ਵਿਚ ਪੰਜਾਂ ਪਿਆਰਿਆਂ ਨੂੰ ਗੁਰਿਆਈ ਦੇਣ ਦਾ ਅਧਿਕਾਰ ਨਾ ਲਿਖਿਆ ਜਾਂਦਾ। ਨਾਲੇ ਦਸੋ ਕਿ ਉਸ ਸਮੇਂ ਦੇ ਦੇਹਧਾਰੀ ਗੁਰੂਆਂ ਵਿਚੋਂ ਭਾঃ ਸੰਤ ਸਿੰਘ ਤਾਂ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋ ਗਏ ਸੀ, ਉਹਨਾਂ ਦੀ ਸੰਪ੍ਰਦਾਇ ਤਾਂ ਚਲੀ ਹੀ ਨਹੀਂ, ਫੇਰ ਬਾਬਾ ਬਾਲਕ ਸਿੰਘ ਯਾ ਭਾਈ ਰਾਮ ਸਿੰਘ ਅਥਵਾ ਭਾਈ ਦਿਆਲ ਆਦਿ ਵਿਚੋਂ ਕੇਹੜੇ ਨੂੰ ੧੧ਵਾਂ ਗੁਰੂ ਮੰਨਣਾ ਠੀਕ ਹੈ ? ਇਹ ਫੈਸਲਾ ਤਾਂ ਪਹਿਲਾਂ ਕਰ ਲਵੋ ।

ਸ਼ੰਕਾ—ਜਿਸ ਤਰਾਂ ਗੁਰੂ ਸਾਹਿਬ ਤੋਂ ਉਤਪਨ ਹੋਈ ਬਾਣੀ ਨੂੰ ਗੁਰੂ ਮੰਨਿਆ ਜਾਂਦਾ ਹੈ ਓਸੇ ਤਰਾਂ ਉਹਨਾਂ ਦੀ

Digitized by Panjab Digital Library | www.panjabdigilib.org

ਸੰਤਾਨ ਅਰਥਾਤ ਸਾਹਿਬਜ਼ਾਦਿਆਂ ਨੂੰ ਭੀ 'ਗੁਰੂ' ਮੰਨਣ ਵਿਚ ਕੀ ਹਰਜ ਹੈ ?

ਉੱਤਰ–ਗੁਰਬਾਣੀ ਨੂੰ ਇਸ ਕਰਕੇ 'ਗੁਰੂ' ਨਹੀਂ ਮੰਨਿਆ ਜਾਂਦਾ ਕਿ ਉਹ ਗੁਰੂ ਸਾਹਿਬ ਤੋਂ ਪੈਦਾ ਹੋਈ ਹੈ ਅਥਵਾ ਉਹ ਸਚੀ ਹੈ ਬਲਕਿ ਇਸ ਲਈ ਕਿ ਉਹ ਗੁਰੂ ਸਾਹਿਬ ਦੀ ਆਤਮਾਂ ਹੈ। ਅਤੇ ਸਾਹਿਬਜ਼ਾਦੇ ਉਨ੍ਹਾਂ ਦੀ ਆਤਮਾ ਨਹੀਂ ਬਲਕਿ ਦੇਹ ਦੇ ਸਬੰਧੀ ਹਨ। ਇਸ ਲਈ ਭਾਵੇਂ ਉਹ ਵਡਭਾਗੀ ਸੱਚੇ ਭੀ ਹੋਣ ਤਾਂ ਭੀ ਪੂਰਬੋਕਤ ਹੇਤੂ ਕਰਕੇ 'ਗੁਰੂ' ਨਹੀਂ ਮੰਨੇ ਜਾ ਸਕਦੇ। ਏਸਤਰਾਂ ਮੰਨਣ ਨਾਲ ਬਹੁਤੇ ਗੁਰੂ ਬਣਕੇ ਹਰੇਕ ਦੀ ਅੱਡੋ ਅੱਡੀ ਸੰਪ੍ਰਦਾਇ ਹੋ ਜਾਏਗੀ। ਬਲਕਿ ਦਸਾਂ ਗੁਰਾਂ ਦੀਆਂ ਦੇਹਾਂ ਭੀ ਅੱਡੋ ਅੱਡ ਹੋਣ ਕਰਕੇ ਉਨ੍ਹਾਂ ਦੀਆਂ ਸੰਪ੍ਰਦਾਵਾਂ ਭੀ ਦਸ ਹੋ ਜਾਣਗੀਆਂ। ਅਤੇ ਸਭ ਪਾਤ-ਸ਼ਾਹੀਆਂ ਇਕ ਰੂਪ ਨਹੀਂ ਰਹਿਣਗੀਆਂ। ਮਗਰ ਨਾਦੀ ਸੰਤਾਨ ਅਰਥਾਤ ਸਿਖ ਸੰਗਤ ਵਿਚ ਸਭ ਇਕੋ ਹੀ ਗੁਰੂ ਦੇ ਸਿਖ ਕਹਾਉਣਗੇ। ਭਾਵੇਂ ਉਹ ਕਿਸੇ ਭੀ ਪਾਤਸ਼ਾਹੀ ਦੇ ਸਿਖ ਹੋਣ। ਅਤੇ ਬਿੰਦੀ ਸੰਤਾਨ ਦਾ ਕੋਈ ਭੀ ਬਜ਼ੁਰਗ ਸਭ ਪੀੜ੍ਹੀਆਂ ਦਾ ਬਾਪ ਨਹੀਂ ਬਣ ਸਕਦਾ। ਇਸ ਲਈ 'ਗੁਰ ਸਿਖ ਭਾਵ' ਸਬੰਧ ਤੋਂ ਸਭੇ ਇਕੋ ਗੁਰੂ ਦੇ ਸਿਖ ਹਨ। ਭਾਵੇਂ ਉਹ ਸਾਹਿਬਜ਼ਾਦੇ ਹੋਣ ਭਾਵੇਂ ਕੋਈ ਹੋਰ। ਮਗਰ ਦਸੇ ਗੁਰੂ ਸਾਹਿਬਾਨ ਇਕੋ ਜੋਤਿ ਹੋਣ ਕਰਕੇ ਸਭ ਤਰਾਂ ਦੀ ਨਾਦੀ ਅਤ ਬਿੰਦੀ ਸੰਤਾਨ ਦੇ ਧਾਰਮਿਕ ਪਿਤਾ ਇਕੋ ਹੀ ਹਨ। ਸੋ 'ਇਕ ਸਿਖ ਦੋਇ ਸਾਧ ਸੰਗਤ ਪੰਜੀਂ ਪਰਮੇਸਰ' ਆਦਿ ਪ੍ਰਮਾਣਾਂ ਤੋਂ ਇਕ ਸਿਖ 'ਸਿਖ' ਹੀ ਹੈ ਗੁਰੂ ਨਹੀਂ ਭਾਵੇਂ ਉਹ ਕੋਈ ਹੋਵੇ।

Digitized by Panjab Digital Library | www.panjabdigilib.org

ਸ਼ੰਕਾ–ਗੁਰਬਾਣੀ ਵਿਚ 'ਸਾਧ' ਅਥਵਾ 'ਸੰਤ' ਦੀ ਮਹਿਮਾ ਅਤੇ ਉਪਦੇਸ਼ ਲੈਣਾ ਬਹੁਤ ਵਾਰ ਲਿਖਿਆ ਹੈ, ਇਸ ਲਈ 'ਸਾਧ' ਅਤੇ 'ਸੰਤ' ਦਾ ਅਰਥ ਗੁਰੂ ਹੀ ਜਾਣਿਆਂ ਜਾਂਦਾ ਹੈ। ਅਤੇ ਭਾਈ ਗੁਰਦਾਸ ਜੀ ਦੇ ਪ੍ਰਮਾਣਾਂ 'ਸਾਧ ਨ ਦਿਸੈ ਜਗ ਵਿਚ ਕੋਆ' ਆਦਿ ਤੋਂ ਭੀ ਇਹੋ ਨਿਸਚੇ ਹੁੰਦਾ ਹੈ ਕਿ 'ਸਾਧ' ਯਾ 'ਸੰਤ' ਗੁਰੂ ਬਣ ਸਕਦੇ ਹਨ।

ਉੱਤਰ–ਏਸ ਭਾਵ ਦਾ ਖੰਡਨ ਉਪਰ ਭੀ ਅੱਛੀ ਤਰਾਂ ਕਰਿ ਆਏ ਹਾਂ। ਅਤੇ ਏਥੇ ਕੇਵਲ ਇਹੋ ਕਥਨ ਕਰਨਾ ਕਾਫੀ ਹੋਵੇਗਾ ਕਿ 'ਸਾਧ' ਯਾ 'ਸੰਤ' ਦਾ ਅਰਥ 'ਨਾਮ ਦੇਣ' ਦੀ ਦਸ਼ਾ ਵਿਚ ਗੁਰੂ ਹੀ ਹੈ। ਅਤੇ 'ਮਾਨਸ ਸੇਵਾ ਖਰੀ ਦੁਹੇਲੀ। ਸਾਧ ਕੀ ਸੇਵਾ ਸਦਾ ਸੁਹੇਲੀ।' ਆਦਿ ਪ੍ਰਮਾਣਾਂ ਤੋਂ ਜਾਣਿਆਂ ਜਾਂਦਾ ਹੈ ਕਿ ਮਾਨਵੀ ਜੋਤ ਤੋਂ ਭਿੰਨ ਜੋ 'ਸਾਧ' ਪਦ ਲਿਖਿਆ ਗਿਆ ਹੈ, ਇਸਦਾ ਅਰਥ ਧੁਰਦੀ ਜੋਤਿ ਵਾਲਾ 'ਗੁਰੂ' ਹੀ ਹੈ। ਅਤੇ ਉਹ 'ਗੁਰੂ' 'ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ' ਆਦਿ ਤੋਂ 'ਸੰਤਾਂ' ਨੂੰ ਪੈਦਾ ਕਰਨ ਵਾਲੇ ਹੀ ਸਿੱਧ ਹੁੰਦੇ ਹਨ। ਅਤੇ ਸਾਧਨਾ ਕਰਨ ਵਾਲੇ ਸਾਧਕਾਂ ਦੇ ਸਹਾਇਕ 'ਸਿਖ' ਹੀ 'ਸਾਧ' ਯਾ 'ਸੰਤ' ਕਰਕੇ ਆਖੇ ਗਏ ਹਨ। ਭਾਈ ਗੁਰਦਾਸ ਜੀ ਦੇ ਕਥਨ ਕੀਤੇ 'ਸਾਧ' ਪਦ ਦਾ ਅਰਥ ਭੀ 'ਗੁਰੂ' ਹੀ ਹੈ। ਕਿਉਂਕਿ ਜੇਹੇ 'ਸਾਧ' ਤੁਸੀਂ ਆਖਦੇ ਹੋ ਓਹੋ ਜੇਹਿਆਂ ਦੀਆਂ ਤਾਂ ਉਸ ਸਮੇਂ ਹੇੜਾਂ ਫਿਰ-ਦੀਆਂ ਸਨ। ਪਰੰਤੂ 'ਗੁਰੂ–ਸਾਧ' ਓਸ ਸਮੇਂ ਹੈ ਨਹੀਂ ਸੀ। ਇਸ ਲਈ 'ਸਾਧ ਰੂਪ ਅਪਨਾ ਤਨ ਧਾਰਿਆ। ਮਹਾ ਅਗਨਿ ਤੇ ਆਪਿ ਉਬਾਰਿਆ।' ਆਦਿ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ

Digitized by Panjab Digital Library | www.panjabdigilib.org

'ਸਾਧ' ਅਤੇ 'ਸੰਤ' ਆਦਿ ਪਦਾਂ ਦਾ ਅਰਥ ਐਸੇ ਥਾਵੀਂ 'ਗੁਰੂ' ਹੀ ਹੈ।

## ਚੌਥਾ ਪ੍ਰਕਰਣ

### ਪੱਛਮੀ ਖਿਆਲਾਂ ਵਾਲਾ ਸਿਖ ਸੱਜਨ

ਏਸ ਤੋਂ ਪਿਛੋਂ ਇਕ ਦੋਟੁਕੀ ਐਨਕਾਂ ਵਾਲਾ ਜਿਸ ਨੂੰ ਅੰਗ੍ਰੇਜ਼ੀ ਫਿਲਾਸਫੀ ਪਰ ਡਾਢਾ ਮਾਣ ਸੀ, ਬੜੇ ਜੋਸ਼ ਵਿਚ ਆਕੇ ਖੰਡਨ ਮੰਡਨ ਕਰਨ ਲੱਗਾ

ਸ਼ੰਕਾ–ਬੇਸ਼ੱਕ ਇਹ ਗੱਲ ਠੀਕ ਹੈ ਕਿ ਦੇਹ ਧਾਰੀ ਕੋਈ ਭੀ ਗੁਰੂ ਨਹੀਂ ਹੋ ਸਕਦਾ । ਗੁਰਮਤਿ ਵਿਚ ਏਸਦਾ ਮੰਨਣਾ ਕੁਫਰ ਹੈ। ਮਗਰ ਆਪ ਨੇ ਇਹ ਜੋੜ੍ਹਾ ਆਖਿਆ ਹੈ ਕਿ ਗੁਰੂ ਸਾਹਿਬ ਆਪ ਹੀ ਅਕਾਲ ਪੁਰਖ ਹਨ। ਯਾ ਉਸ ਦਾ ਰੂਪ ਹਨ । ਅਥਵਾ ਅਸਾਧਾਰਣ (ਖਾਸ) ਜੋਤਿ ਹਨ। ਇਹ ਠੀਕ ਨਹੀਂ ਜਚਦਾ । ਦੇਖੋ ਗੁਰਬਾਣੀ ਵਿਚ ਹਜ਼ੂਰ ਆਪ ਨੂੰ ਸਭ ਜਗਾ ;'ਹਰਿ ਕਾ ਦਾਸ' 'ਹਰਿ ਜਨ' ਅਥਵਾ 'ਸੇਵਕ' ਕਰਕੇ ਲਿਖਦੇ ਹਨ। ਮਗਰ ਜਿਸਤਰਾਂ ਧਰਮ ਦਾ ਲੋਪ ਹੋਣ ਤੇ ਪਿਛਲੇ ਸਮੇਂ ਵਿਚ ਹੋਰ ਅਵਤਾਰ ਯਾ ਪੈਗੰਬਰ ਆਦਿ ਮਹਾਂ ਪੁਰਖ ਵਾਹਿਗੁਰੂ ਵਲੋਂ ਆਏ ਸੀ ਓਸੇ ਤਰਾਂ ਗੁਰੂ ਸਾਹਿਬ ਭੀ ਉਸਦੇ ਭੇਜੇ ਹੋਏ ਬੰਦੇ ਹਨ । ਏਸ ਪੱਖ ਵਿਚ 'ਜੈਸੀ ਮੈ ਆਵੈ ਖਸਮ ਕੀ ਬਾਣੀ' ਆਦਿ ਪ੍ਰਮਾਣ ਇਹ ਸਿੱਧ ਕਰਦੇ ਹਨ ਕਿ ਅਕਾਲ ਪੁਰਖ ਦਾ ਗਿਆਨ ਉਨ੍ਹਾਂ ਨੂੰ ਆਉਣ ਕਰਕੇ ਉਹ ਆਪੇ ਆਪ ਅਕਾਲ ਪੁਰਖ ਨਹੀਂ ਹੋ ਸਕਦੇ ਬਲਕਿ ਭਾਈ ਗੁਰਦਾਸ ਜੀ ਨੇ ਸਾਫ ੨ ਲਿਖਿਆ

Digitized by Panjab Digital Library | www.panjabdigilib.org

ਹੈ ਕਿ 'ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ।' ਅਰਥਾਤ ਜਦੋਂ ਵਾਹਿਗੁਰੂ ਨੇ ਦੁਖੀ ਦੁਨੀਆਂ ਦੀ ਪੁਕਾਰ ਸੁਣੀ ਤਾਂ ਗੁਰੂ ਨਾਨਕ ਦੇਵ ਨੂੰ ਦੁਨੀਆਂ ਵਿਚ ਭੇਜਿਆ। ਇਸ ਤੋਂ ਜਾਣਿਆਂ ਜਾਂਦਾ ਹੈ ਕਿ ਗੁਰੂ ਸਾਹਿਬ ਹੋਰ ਮਨੁਖਾਂ ਵਾਂਗ ਹੀ ਸਨ। ਅਤੇ ਕੇਵਲ ਅਕਾਲ ਪੁਰਖ ਦੀ ਆਗਿਆ ਨਾਲ ਖਾਸ ਕੰਮ ਲਈ ਪ੍ਰਗਟੇ ਸਨ।

ਉੱਤਰ—ਜਿਸਤਰਾਂ ਕੋਈ ਆਦਮੀ ਦੁਕਾਨ ਦਾ ਮਾਲਕ ਹੋਕੇ ਆਪਣੀ ਦੁਕਾਨ ਦਾ ਇਸ਼ਤਿਹਾਰ ਦੇਣ ਲਗਾ ਅਪਣੀ ਵਡਿਆਈ ਨਹੀਂ ਕਰਦਾ ਅਤੇ ਦੁਕਾਨ ਦੀ ਮਹਿਮਾਂ ਹਰ ਤਰਾਂ ਤੇ ਕਰਦਾ ਹੈ। ਮਗਰ ਆਪ ਨੂੰ ਕਰਿੰਦਾ ਹੀ ਜਾਹਰ ਕਰਦਾ ਹੈ। ਕਿਉਂਕਿ ਅਜੇਹਾ ਕਰਨਾ ਧੋਖਾ ਨਹੀਂ ਬਲਕਿ ਯੋਗ ਹੁੰਦਾ ਹੈ। ਅਤੇ ਆਪਣੇ ਸਰੂਪ ਤੇ ਸਿੱਧੀ ਵੀਚਾਰ ਕਰਨੀ ਨਿਸ ਪ੍ਰਯੋਜਨ ਭੀ ਹੈ। ਮਗਰ ਪਰੰਪਰਾ ਤੇ ਯੋਗ ਢੰਗ ਨਾਲ ਓਹ ਕਰਿੰਦਾ ਆਪਣੀ ਅਸਲੀਅਤ ਭੀ ਦੱਸ ਦਿੰਦਾ ਹੈ। ਸੋ ਜਿੱਥੇ ਆਪ ਨੂੰ 'ਹਰਿਜਨ' ਜਾ 'ਸੇਵਕ' ਕਰਕੇ ਲਿਖਿਆ ਹੈ। ਓਥੇ ਆਪਣੇ ਪਰੋਖਯ ਸ੍ਵਰੂਪ ਦਾ ਵਰਨਣ ਕੀਤਾ ਹੈ। ਅਤੇ 'ਸਤਿਗੁਰ ਪਾਸ ਬੇਨੰਤੀਆ ਮਿਲੈ ਨਾਮ ਅਧਾਰਾ'......ਗੁਰੁ ਨਾਨਕੁ ਮਿਲਿਆ ਪਾਰਬ੍ਰਹਮ ਤੇਰਿਆ ਚਰਣਾਂ ਕਉ ਬਲਿਹਾਰਾ' ਇਤਿਆਦਿ ਮਹਾਂਵਾਕਾਂ ਵਿਚ ਅਪਣਾ ਅਪਰੋਛ (ਸਾਖਿਆਤ) ਗਿਆਨ ਕਰਾਇਆ ਹੈ। ਨਾਲੇ ਸੰਸਾਰ ਨੂੰ ਅਕਾਲ ਪੁਰਖ ਦੇ ਸੇਵਕ ਜਨ ਉਨ੍ਹਾਂ ਨੇ ਬਣਾਉਣਾ ਸੀ ਜਿਸ ਕਰਕੇ ਉਨ੍ਹਾਂ ਦਾ ਆਪ ਨੂੰ 'ਹਰਿਜਨ' ਆਦਿ ਆਖਣਾ ਹੀ ਠੀਕ ਸੀ। ਜੈਸੀ ਮੈਂ

Digitized by Panjab Digital Library | www.panjabdigilib.org

ਆਵੈ ਖਸਮ ਕੀ ਬਾਣੀ ਦਾ ਭਾਵ ਕੇਵਲ ਅਪਣੇ ਗਿਆਨ ਦੀ ਪ੍ਰਮਾਣਤਾ ਵਾਸਤੇ ਹੈ ਅਰਥਾਤ 'ਇਹ ਬਾਣੀ ਰੱਬੀ ਹੈ' ਇਹ ਤਾਤਪ੍ਰਯ ਹੈ ਭਾਈ ਗੁਰਦਾਸ ਜੀ ਦੇ ਕਥਨ ਦਾ। ਭਾਵ ਇਹ ਹੈ ਕਿ ਦਾਤਾ ਅਕਾਲ ਪੁਰਖ ਨੇ 'ਗੁਰੂ ਨਾਨਕ ਨਾਮ ਵਾਲਾ' ਰੂਪ ਦੁਨੀਆ ਵਿਚ ਭੇਜਿਆ ਇਸ ਲਈ ਏਸ ਰੂਪ ਨੂੰ ਅਕਾਲ ਪੁਰਖ ਹੀ ਸਮਝੋ। ਜੇ ਕਹੋ ਕਿ 'ਅਕਾਲ ਪੁਰਖ ਦਾ ਪ੍ਰਤੱਛ ਰੂਪ' ਇਤੁੋਂ ਕਿਤੁੋਂ ਨਾ ਆਖਿਆ? ਤਾਂ ਉੱਤਰ ਇਹ ਹੈ ਕਿ ਏਸ ਨਾਲੋਂ ਭੀ 'ਸਾਧਨਾ ਵਸਾਨਾ' ਰੀਤੀ ਨਾਲ ਅਪਣਾ ਅੰਤਰੰਗ ਰੂਪ ਆਖਣਾ ਵਧੇਰੇ ਫਬਦਾ ਸੀ ਅਰਥਾਤ 'ਗੁਰੂ ਨਾਨਕ' ਇਰੁੋਂ ਕਰਕੇ ਸਾਮਾਂ ਹੀ ਰੂਪ ਆਖਿਆ। ਜੇ ਇਉਂ ਨਾ ਮੰਨੀਏ ਤਾਂ 'ਗੁਰ ਗੋਬਿੰਦ ਗੋਬਿੰਦ ਗੁਰੂ ਹੈ ਨਾਨਕ ਭੇਦ ਨ ਭਾਈ' ਤਥਾ 'ਬਾਬਾ ਅਗਮ ਅਗਾਧ ਪੁਰਖ ਕੇਹੜਾ ਝਲੈ ਗੁਰੂ ਦੀ ਝਾਲਾ' ਆਦਿ ਅਭੇਦ ਬੋਧਕ ਵਾਕਾਂ ਨਾਲ ਵਿਰੋਧ ਆਵੇਗਾ ਇਸ ਲਈ ਗੁਰੂ ਜੋਤਿ 'ਖਾਸ ਜੋਤਿ' ਹੈ ਜੋ ਕਿ 'ਨਾਨਕ ਨਾਮ ਧਾਰ ਕੇ ਪ੍ਰਗਟ ਹੋਈ ਅਤੇ ਉਸ ਨੂੰ ਆਪਣਾ ਆਪ ਪ੍ਰਗਟ ਕਰਨ ਲਈ 'ਆਪ ਪਠਾਇਆ' ਕਹਿਣਾ ਦੋਸ਼ ਨਹੀਂ। ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਬਹੁਤ ਥਾਂਈਂ ਉਸਦਾ ਆਪ ਤੋਂ ਆਪ ਨੂੰ ਪ੍ਰਗਟ ਕਰਨਾਂ ਅਤੇ ਆਪਣੇ ਅਲਖਰੂਪ ਨੂੰ ਆਪੇ ਲਖਾਉਣਾ ਕਥਨ ਕੀਤਾ ਗਿਆ ਹੈ ਜੋ ਪਹਿਲੇ ਪੈਗੰਬਰ ਯਾ ਅਵਤਾਰ ਰੱਬ ਵਲੋਂ ਆਏ ਮੰਨੇ ਜਾਂਦੇ ਹਨ ਜੇਕਰ ਏਸ ਗੱਲ ਦਾ ਭਾਵ ਇਹ ਹੋਵੇ ਕਿ ਉਨ੍ਹਾਂ ਦਾ ਗਿਆਨ ਕਿਸੇ ਹਦ ਤਕ ਸੱਚਾ ਸੀ ਤਾਂ ਕੋਈ ਹਾਨੀ ਨਹੀਂ। ਮਗਰ ਜੇ

Digitized by Panjab Digital Library | www.panjabdigilib.org

ਮੰਨੀਏ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਮਥਕੇ ਪਰਮਾਰਥ ਦੇ ਕੰਮ ਲਈ ਭੇਜਿਆ ਸੀ ਤਾਂ ਉਸ ਨੇ ਇਕ ਦੂਜੇ ਤੋਂ ਵਿਰੁਧ ਗਿਆਨ ਦੇਕੇ ਦੁਨੀਆ ਨੂੰ ਕਿਉਂ ਭਰਮਾਇਆ ? ਇਸ ਤੋਂ ਬਿਨਾਂ ਉਹ ਅਜ ਤਕ ਇਹ ਕੰਮ ਕਰਦਾ ਕਰਦਾ ਥੱਕ ਭੀ ਗਿਆ ਹੋਵੇਗਾ ਜੋ ਆਪਣੇ ਮੰਤਵਜ ਵਿਚ ਕਾਮ-ਯਾਬ ਨਾਂ ਹੀ ਹੋਇਆ। ਇਸ ਤੋਂ ਉਸ ਵਿਚ 'ਅਸਮਰੱਥਤਾ' ਦੋਸ਼ ਆ ਜਾਂਦਾ ਹੈ।

ਹੋਰ ਦੇਖੋ, ਜਦੋਂ ਆਪ ਇਹ ਆਖਦੇ ਹੋ ਕਿ ਦੇਹ-ਧਾਰੀ ਨੂੰ ਗੁਰੂ ਮੰਨਣਾ ਗੁਰਮਤਿ ਤੋਂ ਉਲਟ ਹੈ ਤਾਂ ਏਸ ਉਪਰਲੇ ਕਥਨ ਨਾਲ ਤਾਂ ਸਗੋਂ ਆਪ ਓਸ ਪੱਖ ਦੀ ਸਿਧੀ ਕਰਦੇ ਹੋ ਕਿਉਂਕਿ ਅਕਾਲ ਪੁਰਖ ਵਲੋਂ ਸਭਨਾਂ ਮਹਾਂ ਪੁਰਖਾਂ ਦਾ ਸਮੇਂ ੨ ਪ੍ਰਗਟ ਹੋਣਾ ਜਰੂਰੀ ਸਮਝਦੇ ਹੋ ਤਾਂ ਗੁਰੂ ਸਾਹਿਬ ਦੀ ਤਰਾਂ ਕੋਈ ਦੇਹਧਾਰੀ ਹੁਣ ਤਕ ਗੁਰੂ ਹੋਣਾ ਚਾਹੀਦਾ ਹੈ ਕਿਉਂਕਿ ਹੁਣ ਕੇਹੜਾ ਅਗਿਆਨ ਮੁਕ ਗਿਆ ? ਇਸ ਲਈ ਉਕਤ ਨਿਸਚੇ ਦਾ ਪਹਿਲੇ ਕਥਨ ਨਾਲ ਵਿਰੋਧ ਹੈ ਇਸ ਤੋਂ ਬਿਨਾਂ ਜੋ ਮਹਾਂ ਪੁਰਖ ਜਰੂਰੀ ਤੌਰ ਤੇ ਅਕਾਲ ਪੁਰਖ ਵਲੋਂ ਆਉਣ, ਓਹ ਸਾਧਾਰਣ ਪੁਰਖ ਕਿਸਤਰਾਂ ਹੋਏ ? ਜੇ ਅਸਾਧਾਰਣ ਭੀ ਮੰਨੋ ਤਾਂ ਦਸੋ, ਉਨਾਂ ਵਿਚ ਅਸਾਧਾਰਣਤਾ ਕਿਸ ਤਰਾਂ ਦੀ ਹੈ? ਦੂਜੇ ਉਨ੍ਹਾਂ ਦਾ ਮੰਤਵਜ 'ਜੀਅ ਦਾਨ ਦੇਇ ਭਗਤੀ ਲਾਇਅਨ' ਅਨੁਸਾਰ ਜ਼ਿੰਦਗੀ ਦੇਣਾ ਹੈ ? ਅਥਵਾ ਉਨ੍ਹਾਂ ਦੀ ਧੁਰਦੀ ਜੋਤਿ ਹੀ ਉਨ੍ਹਾਂ ਵਿਚ ਅਸਾਧਾਰਣਤਾ ਹੈ। ਜੇ ਪਹਿਲੀ ਗੱਲ ਕਹੋ ਤਾਂ ਠੀਕ ਨਹੀਂ ? ਕਿਉਂਕਿ ਦੋਹਾਂ ਸਭ ਇਕੋ ਜੇਹੀਆਂ ਪਰਤੀਤ ਹੁੰਦੀਆਂ ਹਨ ਜੇ ਕੋਈ ਕਹੇ ਕਿ

Digitized by Panjab Digital Library | www.panjabdigilib.org

ਨਹੀਂ ਮਹਾਂ ਪੁਰਖਾਂ ਦੀ ਦੇਹ ਭੀ 'ਦਿਬਜ' ਹੋਣ ਕਰਕੇ ਅਸਾਧਾਰਣ ਹੈ। ਤਾਂ ਭੀ ਸਾਨੂੰ ਇਸ਼ਟ ਹੈ ਕਿਉਂਕਿ ਅਸੀਂ ਤਾਂ ਇਹ ਸਮਝਦੇ ਹਾਂ ਕਿ ਅਵਤਾਰਾਂ ਅਤੇ ਪੈਗੰਬਰਾਂ ਦੀ ਦੇਹ ਖਾਕੀ ਸੀ। ਮਗਰ ਗੁਰੂ ਜੋਤਿ ਅਕਾਲ ਪੁਰਖ ਦੀ ਹੋਣ ਕਰਕੇ ਉਨ੍ਹਾਂਦੀ ਦੇਹ ਭੀ 'ਦਿਬਜ'ਹੈ। ਜੇਕਰ ਉਨ੍ਹਾਂਦਾ ਜ਼ਿੰਦਗੀ ਦਾਨ ਕਰਨਾਂ ਮੰਤਵਜ ਹੋਣ ਕਰਕੇ ਖਾਸ ਜੋਤਿ ਕਹੋ ਤਾਂ ਭੀ ਸਿਵਾਇ ਗੁਰੂ ਜੋਤ ਦੇ ਕਿਸੇ ਪੈਗੰਬਰ ਯਾ ਅਵਤਾਰ ਦੀ ਜੋਤਿ ਦਾ ਉਕਤ ਮੰਤਵਜ ਨਾ ਹੋਣ ਕਰਕੇ ਗੁਰੂ ਜੋਤ ਹੀ 'ਖਾਸ ਜੋਤਿ' ਸਿੱਧ ਹੁੰਦੀ ਹੈ। ਜੇ ਕਹੋ ਮਹਾਂ ਪੁਰਖਾਂ ਦੀ ਜੋਤਿ ਧੁਰ ਦੀ ਹੋਣ ਕਰਕੇ ਅਸਾਧਾਰਣ ਹੈ। ਤਾਂ ਭੀ ਸਾਧਾਰਣ ਰੀਤੀ ਨਾਲ ਤਾਂ ਸਭ ਜੀਵਾਂ ਦੀ ਜੋਤ ਧੁਰੋਂ ਹੀ ਆਈ ਹੈ। ਮਗਰ 'ਗੁਰ ਜੋਤਿ' ਹੀ ਧੁਰ ਲੈ ਜਾਣ ਵਾਲੀ ਹੋਣ ਕਰਕੇ ਸਭ ਤੋਂ ਵਿਸ਼ੇਸ਼ ਅਤੇ ਖਾਸ ਜੋਤਿ ਸਾਬਤ ਹੁੰਦੀ ਹੈ। ਤਾਂਤੇ ਗੁਰੂ ਸਾਹਿਬ ਸਾਧਾਰਣ ਮਨੁਖਾਂ ਵਰਗੇ ਨਹੀਂ ਸਨ। ਬਲਕਿ 'ਜੋਤਿ ਰੂਪ ਹਰਿ ਆਪ ਗੁਰ ਨਾਨਕ ਕਹਾਇਓ' 'ਆਪ ਨਰਾਇਣ ਕਲਾਧਾਰ ਜਗ ਮੈ ਪਰਵਰਯਉ' ਆਦਿ ਵਾਕਾਂ ਦੁਆਰਾ ਗੁਰੂ ਜੋਤਿ ਅਕਾਲ ਪੁਰਖ ਦੀ ਜੋਤਿ ਹੀ ਸਾਬਤ ਹੁੰਦੀ ਹੈ।

ਸ਼ੰਕਾ-ਉਕਤ ਪ੍ਰਮਾਣ ਤਾਂ ਭੱਟਾਂ ਦੀ ਬਾਣੀ ਦੇ ਹਨ। ਅਤੇ ਉਨ੍ਹਾਂ ਨੇ 'ਅਰਥ ਵਾਦ' ਦੇ ਢੰਗ ਨਾਲ ਗੁਰੂ ਸਾਹਿਬ ਦੀ ਮਹਿਮਾ ਹੀ ਕੀਤੀ ਹੈ। ਸਿਧਾਂਤ ਨਹੀਂ ਕੀਤਾ।

ਉੱਤਰ—ਭੱਟ ਬਾਣੀ ਦੀ ਰਚਨਾ ਕੇਵਲ 'ਸਤਿਗੁਰ ਮਹਿਮਾ' ਲਈ ਹੀ ਨਹੀਂ ਹੈ। ਕਿਉਂ ਜੋ ਕੁਝ ਭੱਟਾਂ ਨੇ ਗੁਰੂ ਸਾਹਿਬ ਦੇ ਹਜ਼ੂਰੋਂ ਅਨੁਭਵ ਪ੍ਰਾਪਤ ਕੀਤਾ ਓਸੇ ਦਾ ਹੀ

Digitized by Panjab Digital Library | www.panjabdigilib.org

ਅੱਗੇ ਉਨ੍ਹਾਂ ਨੇ ਪ੍ਰਕਾਸ਼ ਕੀਤਾ। ਅਰਥਾਤ ਉਨ੍ਹਾਂ ਦਾ ਕਥਨ ਉਸਤਤੀ ਨਿੰਦਾ ਤੋਂ ਰਹਿਤ ਯਥਾਰਥ ਹੋਣ ਕਰਕੇ ਅਰਥਵਾਦ ਰੂਪ ਨਹੀਂ। ਕਿੰਤੂ ਜੋ ਉਸ ਵਿਚ ਸਤਿਗੁਰਾਂ ਦੀ ਮਹਿਮਾ ਹੈ। ਉਹ ਸੰਸਾਰੀ ਰੂਪ ਤੋਂ ਪਰੇ ਹੋਣ ਕਰਕੇ ਹੋਰਨਾਂ ਦੀ ਅਪੇ-ਖਿਆ ਕਰਕੇ ਹੀ ਮਹਿਮਾ ਹੈ। ਵਾਸਤਵ ਵਿਚ 'ਗੁਰੂ ਪਦ' ਦੀ ਮਹਿਮਾ ਉਨ੍ਹਾਂ ਦਾ ਅਸਲ ਰੂਪ ਹੀ ਹੈ। ਇਸ ਲਈ ਜੋ ਕੁਝ ਕਥਨ ਕੀਤਾ ਗਿਆ ਹੈ, ਓਹ ਸਿਧਾਂਤ ਰੂਪ ਹੀ ਹੈ। ਜੇ ਇਉਂ ਨ ਹੁਦਾ ਤਾਂ ਪਰਮ ਪੁਰਖ ਗੁਰੂ ਅਰਜਨ ਦੇਵ ਜੀ ਮਹਾਰਾਜ 'ਬੀਤ ਰਾਗ' ਹੋਣ ਕਰਕੇ ਆਪਣੀ ਅਤੇ ਗੁਰੂ ਪਦ ਦੀ ਕੇਵਲ ਪਰਚਾਵੇ ਵਾਲੀ ਉਪਮਾ ਨੂੰ ਗੁਰਬਾਣੀ ਦਾ ਦਰਜਾ ਨਾ ਦਿੰਦੇ।

ਸ਼ੰਕਾ—ਜਦੋਂ ਅਕਾਲ ਪੁਰਖ ਅਜੋਨੀ ਹੈ। ਅਰਥਾਤ ਨਾ ਤਾਂ ਓਹ ਬੰਧਨ ਵਿਚ ਹੈ ਅਤੇ ਨਾਂ ਹੀ ਕਦੇ ਓਹ ਬੰਧਨ ਵਿਚ ਆਇਆ ਹੈ। ਜਿਸ ਕਰਕੇ ਉਸ ਨੂੰ ਮੁਕਤ ਕਹਿ ਸਕੀਏ ਇਸ ਲਈ ਮੁਕਤ ਅਤੇ ਬੱਧ ਦੋਵੇਂ ਰੂਪ ਨ ਹੋਣ ਕਰਕੇ ਸਦਾ ਹੀ ਜੂਨੀ ਰਹਿਤ ਹੈ। ਅਤੇ ਗੁਰਬਾਣੀ ਵਿਚ ਭੀ 'ਅਜੂਨੀ' ਕਿਹਾ ਗਿਆ ਹੈ 'ਸੋ ਮੁਖ ਜਲਉ ਜੋ ਕਹਿ ਠਾਕਰ ਜੋਨੀ' ਆਦਿ ਵਾਕਾਂ ਕਰਕੇ ਉਸ ਦੇ ਜੂਨੀ ਵਿਚ ਔਣ ਦਾ ਨਿਖੇਧ ਕੀਤਾ ਗਿਆ ਹੈ। ਮਗਰ ਗੁਰੂ ਸਾਹਿਬ ਹੋਰਨਾਂ ਵਾਂਗ ਹੀ ਜਨਮੇ, ਤੁਰਦੇ ਫਿਰਦੇ ਅਤੇ ਸਾਰੀ ਸਰੀਰਕ ਕਿਰਿਆ ਕਰਦੇ ਰਹੇ। ਇਸ ਲਈ ਉਨ੍ਹਾਂ ਨੂੰ ਅਕਾਲ ਪੁਰਖ ਨਹੀਂ ਮੰਨਣਾ ਚਾਹੀਦਾ।

ਉੱਤਰ—ਕੋਈ ਹਸਤੀ ਸਥੂਲ ਕਰਮ ਦੇ ਲਿਹਾਜ਼

Digitized by Panjab Digital Library | www.panjabdigilib.org

ਨਾਲ ਕਿਸੇ ਦੂਜੀ ਤੋਂ ਭਿੰਨ ਅਤੇ ਅਭਿੰਨ ਨਹੀਂ ਹੁੰਦੀ ਕਿੰਤੂ ਮੰਤਵ ਕਰਕੇ ਹੀ ਭਿੰਨ ਹੁੰਦੀ ਹੈ। ਜੈਸੇ ਸਾਧੂ ਪੁਰਖਾਂ ਦਾ ਸਵੇਰੇ ਉਠਣਾ ਤਾਂ ਦੁਸ਼ਟਾਂ ਦੇ ਨਾਲ ਹੀ ਮਿਲਦਾ ਜੁਲਦਾ ਹੈ। ਮਗਰ ਮੰਤਵਜ ਕਰਕੇ ਭਿੰਨ ਹੈ। ਅਤੇ ਜੇਹਲ ਵਿਚ ਜਾਣ ਵਾਲੇ ਕੈਦੀ ਅਤੇ ਅਧਿਕਾਰੀਆਂ ਦਾ ਜਾਣਾ ਔਣਾ ਕਰਮ ਤਾਂ ਇਕੋ ਜਿਹਾ ਹੀ ਹੈ। ਮਗਰ ਮੰਤਵਜ ਅਤੇ ਅਧਿਕਾਰ ਆਦਿ ਦਾ ਅਤਯੰਤ ਭੇਦ ਹੈ। ਉਸੇ ਤਰਾਂ ਦੁਨੀਆਵੀ ਤੌਰ ਤੇ ਸਭ ਦਾ ਜਨਮ ਮਰਣ ਰੂਪ ਕਰਮ ਤਾਂ ਇਕੋ ਜਿਹਾ ਹੀ ਹੈ। ਮਗਰ ਮਹਾਂ ਪੁਰਖਾਂ ਦਾ ਆਉਣਾਂ ਜਾਣਾਂ ਜਨਮ ਮਰਣ ਨਹੀਂ ਕਹਾਉਂਦਾ। ਕਿਉਂਕਿ ਉਨ੍ਹਾਂ ਦੇ ਔਣ ਦਾ ਮੰਤਵਜ ਹੋਰਨਾਂ ਵਾਂਗ ਆਪਣੇ ਕਰਮਾਂ ਦੇ ਫਲ ਭੋਗਣਾ ਨਹੀਂ ਹੈ। ਕਿੰਤੂ ਬੱਧ ਪੁਰਸ਼ਾਂ ਨੂੰ 'ਜੀਅ ਦਾਨ ਦੇ ਭਗਤੀ ਲਾਇਨ' ਅਨੁਸਾਰ ਜ਼ਿੰਦਗੀ ਦੇਣਾ ਹੈ। ਇਸ ਲਈ ਉਨ੍ਹਾਂ ਦਾ ਆਉਣਾ ਜਾਣਾ ਜੋਨੀ ਵਿਚ ਔਣਾ ਨਹੀਂ। ਜੇ ਉਨ੍ਹਾਂ ਨੂੰ ਭੀ ਜਨਿ ਵਿਚ ਮੰਨਿਆਂ ਜਾਵੇ ਤਾਂ ਉਹ ਜ਼ਿੰਦਗੀ ਦਾਨ ਨਹੀਂ ਦੇ ਸਕਦੇ। ਅਰਥਾਤ ਜੇ ਉਨ੍ਹਾਂ ਨੂੰ ਜੋਨੀ ਦੇ ਬੰਧਨ ਵਿਚ ਮੰਨੀਏ ਤਾਂ ਦੂਜੇ ਨੂੰ ਛੁਡਾਉਣ ਦੀ ਸਮ੍ਰਥਾ ਉਨ੍ਹਾਂ ਨੂੰ ਨਹੀਂ। ਜੇ ਕਿਸੇ ਪਿਛਲੇ ਜਨਮ ਵਿਚ ਮੁਕਤ ਹੋਏ ਮੰਨੀਏ ਤਾਂ ਜੋ ਕਦੇ ਬੰਧਨ ਵਿਚ ਸੀ ਉਸ ਨੂੰ ਫੇਰ ਬੰਧਨ ਵਿਚ ਪੈ ਜਾਣ ਦੀ ਆਸਾ ਹੈ। ਬਲਕਿ ਉਸ ਦਾ ਕਿਸੇ ਨੂੰ ਛੁਡਾਉਣ ਆਉਣਾ ਭੀ ਬੰਧਨ ਹੈ। ਜਿਸਦਾ ਕਾਰਨ ਕਿਸੇ ਜਨਮ ਦਾ ਫਲ ਹੈ। ਇਸ ਲਈ 'ਜੀਅ-ਦਾਨ ਦੇਣ ਵਾਲਾ' ਮੁਕਤ ਅਤੇ ਬੱਧ ਦੋਹਾਂ ਤੇ ਨਿਆਰਾ ਪੁਰਖ ਹੀ ਹੋ ਸਕਦਾ ਹੈ। ਜੋ ਕਿ ਆਪ ਸ੍ਰਭਾਵ ਤੋਂ ਮੁਕਤ ਅਤੇ ਮੁਕਤੀ ਤਥਾ

Digitized by Panjab Digital Library | www.panjabdigilib.org

ਬੰਧਨ ਦਾ ਕਾਰਣ ਹੈ ਸੋ 'ਅਜੂਨੀ ਸੰਭਵਉ' ਅਤੇ 'ਅਲਖ ਲਿਖਾਇਓ' ਆਦਿ ਵਾਕਾਂ ਤੋਂ ਜਾਣਿਆਂ ਜਾਂਦਾ ਹੈ ਕਿ ਉਸ ਨੇ ਜੂਨਿ ਤੋਂ ਰਹਿਤ ਅਤੇ ਅਗਮ ਅਗੋਚਰ ਤੇ ਅਲਖ ਗੁਰੂ ਰੂਪ ਧਾਰ ਕੇ ਆਪਣਾ ਆਪ ਲਖਾਇਆ ਹੈ। ਸੋ ਇਸ ਪ੍ਰਕਾਰ ਦਾ ਜਨਮ ਜੋਨੀ ਵਿਚ ਆਉਣਾ ਨਹੀਂ ਕਹਾਉਂਦਾ। ਤਾਂਤੇ 'ਗੁਰ ਕਰਿ ਪੁਰਖੁ ਅਜਨਮਾ' ਆਦਿ ਦੇ ਭਾਵ ਅਨੁਸਾਰ ਗੁਰੂ ਜੋਤ ਅਕਾਲ ਪੁਰਖ ਹੀ ਹੈ ਜਿਸ ਦਾ ਜਨਮ ਮਰਣ ਨਹੀਂ।

ਜੇ ਕਹੋ ਕਿ ਅਕਾਲ ਪੁਰਖ ਤੋਂ ਬਿਨਾ ਮੁਕਤੇ ਅਤੇ ਬੱਧ ਭੇਦ ਤੇ ਦੋ ਤਰਾਂ ਦੇ ਹੀ ਪੁਰਖ ਹਨ ਅਤੇ ਗੁਰੂ ਸਾਹਿਬ ਜੀ ਮੁਕਤ ਪੁਰਖ ਹਨ ਪਰਮ ਪੁਰਖ ਨਹੀਂ । ਤਾਂ ਅਸੀਂ ਪੁਛਦੇ ਹਾਂ ਕਿ ਉਹ ਮੁਕਤ ਪੁਰਖ ਸਚ ਖੰਡ ਵਿਚ ਹਨ ਕਿ ਉਸ ਤੋਂ ਹੇਠਲੇ ਮੰਡਲ ਵਿਚ ? ਜੇ ਕਹੋ ਸਚ ਖੰਡ ਵਿਚ ਤਾਂ ਅਕਾਲ ਪੁਰਖ ਸਰੂਪ ਹਨ ਕਿ ਉਸ ਤੋਂ ਭਿੰਨ ਸਰੂਪ ਵਿਚ ? ਜੇ ਪਹਿਲਾ ਪਖ ਕਹੋ ਤਾਂ ਉਨ੍ਹਾਂ ਨੂੰ ਅਕਾਲ ਪੁਰਖ ਆਖਣਾ ਹਾਨੀ ਕਾਰਕ ਨਹੀਂ ਜੇ ਕਹੋ ਹੇਠਲੇ ਕਿਸੇ ਮੰਡਲ ਵਿਚ ਤਾਂ ਉਹ ਮੰਡਲ ਇਕ ਤਰਾਂ ਦਾ ਸੰਸਾਰ ਹੀ ਹੋਣ ਕਰਕੇ ਉਸ ਦੇ ਮੁਕਤ ਪੁਰਖ ਲੀਲਾ ਨਾਲ ਪ੍ਰਗਟ ਹੋਣ ਦੀ ਸਮ੍ਰਥਾ ਨਹੀਂ ਰਖਦੇ ਅਤੇ ਮੁਕਤੀ ਭੀ ਨਹੀਂ ਦੇ ਸਕਦੇ। ਇਸ ਲਈ ਮੁਕਤੀ ਦਾਤਾ ਅਕਾਲ ਪੁਰਖ ਗੁਰੂ ਜੋਤਿ ਇਕੋ ਹੀ ਹੈ।

ਸ਼ੰਕਾ—'ਧੰਨੇ ਸੇਵਿਆ ਬਾਲ ਬੁਧ' ਇਤਿਆਦਿ ਪ੍ਰਮਾਣਾਂ ਤੋਂ ਮਲੂਮ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭੀ ਭਗਤਾਂ ਨੇ ਜਿਨ੍ਹਾਂ ਗੁਰਾਂ ਤੋਂ ਗਤਿ ਪਾਈ ਉਹ ਗੁਰੂ ਨਾਨਕ

Digitized by Panjab Digital Library | www.panjabdigilib.org

ਦੇਵ ਤਾਂ ਨਹੀਂ ਸਨ। ਏਸੇ ਤਰਾਂ ਹੋਰ ਭੀ ਪਹਿਲੇ ਜੁਗਾਂ ਵਿਚ ਭੀ ਭਗਤ ਜਨ ਆਪਣੇ ੨ ਗੁਰੂਆਂ ਪਾਸੋਂ ਸੱਚ ਪ੍ਰਾਪਤ ਕਰਕੇ ਤਰ ਗਏ। ਕਿਉਂਕਿ ਸਚ ਸਭਨਾ ਪਾਸ ਹੈ। ਜਦੋਂ ਉਸ ਦੀ ਗਲਤ ਵਰਤੋਂ ਹੁੰਦੀ ਹੈ ਤਾਂ ਕੋਈ ਭਲੀ ਆਤਮਾਂ ਉਸ ਦੀ ਮੁੜ ਦਰੁਸਤੀ ਕਰਨ ਲਈ ਪ੍ਰਗਟ ਹੋ ਜਾਂਦੀ ਹੈ। ਏਸ ਕਰਕੇ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਸੋ ਓਨ੍ਹਾਂ ਦੀ ਮਹਤੱਤਾ ਇਸ ਕਰਕੇ ਨਹੀਂ ਕਿ ਅਕਾਲ ਪੁਰਖ ਦੀ ਜੋਤਿ ਸਨ। ਬਲਕਿ ਏਸ ਕਰਕੇ ਕਿ ਉਨ੍ਹਾਂ ਨੇ ਸਚ ਦੀ ਬਿਗੜੀ ਹੋਈ ਹਾਲਤ ਨੂੰ ਦਰੁਸਤ ਕਰ ਦਿਤਾ।

ਉੱਤਰ—ਵਾਹ ਜੀ ਵਾਹ !! ਲੋਕ ਕਹਿੰਦੇ ਹੁੰਦੇ ਸੀ ਕਿ ਅਸਾਡੇ ਸਕੂਲਾਂ ਕਾਲਜਾਂ ਦੇ ਮੁੰਡੇ ਪੜ੍ਹਕੇ ਸਿਖੀ ਦਾ ਪ੍ਰਚਾਰ ਕਰਨਗੇ। ਪਰ ਸਾਨੂੰ ਤਾਂ ਹੁਣ ਪਤਾ ਲਗਾ ਹੈ ਕਿ ਤੁਸੀਂ ਤਾਂ ਸਭਨਾ ਵਿਚ ਸੱਚ ਮੰਨਕੇ ਸਿੱਖੀ ਨੂੰ 'ਸਭਨਾਂ' ਵਾਲੀ ਟੋਕਰੀ ਵਿਚ ਹੀ ਸੁੱਟ ਦਿਤਾ ਹੈ। ਬੱਲੇ ਓਏ ਸੁਖ ਰਹਿਣੇ ਪੜ੍ਹਾਕੂਓ ! ਤੁਸੀਂ ਇਹ ਗਲ ਕੀਹਤੋਂ ਸਿਖੀ ਹੈ ? ਗੁਰਬਾਣੀ ਵਿਚ ਤਾਂ ਲਿਖਿਆ ਹੈ 'ਸਾਧ ਸੰਗਤ ਭਗਵਾਨ ਭਜਨ ਬਿਨੁ ਕਹੀ ਨਾ ਸਾਚ ਰਹਿਉ।' ਤੁਸੀਂ ਕਹਿੰਦੇ ਹੋ ਕਿ ਸੱਚ ਸਭ ਕੋਲ ਹੈਸੀ। ਪਹਿਲਾਂ ਸੱਚ ਦਾ ਪਤਾ ਭੀ ਹੈ ਕਿ ਕਿਹੋ ਜਿਹਾ ਹੁੰਦਾ ਹੈ ? ਆਸਾ ਦੀ ਵਾਰ ਕਦੇ ਗੌਰ ਨਾਲ ਪੜ੍ਹੀ ਹੈ ? ਉਥੇ ਲਿਖਿਆ ਹੈ 'ਸਚ ਤਾਂ ਪਰ ਜਾਣੀਐ ਜਾ ਰਿਦੈ ਸਚਾ ਹੋਇ' ਆਦਿ ਪੰਜ ਕਸਵਟੀਆਂ ਸੱਚ ਪਰਖਣ ਦੀਆਂ ਦਿਤੀਆਂ ਹਨ। ਜਿਨ੍ਹਾਂ ਵਿਚੋਂ ਪਹਿਲੀ ਦਾ ਭਾਵ ਇਹ ਹੈ ਕਿ ਸੱਚ ਦੀ ਸਾਰ ਤਾਂ ਹੁੰਦੀ ਹੈ ਜਦੋਂ ਚਿਤ ਵਿਚ ਸੱਚਾ ਵਸ ਜਾਵੇ। ਉਹ ਚਿਤ ਵਿਚ ਕਿਵੇਂ

Digitized by Panjab Digital Library | www.panjabdigilib.org

ਵਸੇ ? ਤਾਂ ਉੱਤਰ ਇਹ ਦਿੰਦੇ ਹਨ 'ਸਤਿਗੁਰ ਮਿਲਿਐ ਤਾ ਸਚੁ ਪਾਈਐ' ਅਤੇ 'ਬਿਨ ਸਤਿਗੁਰ ਕਿਨੈ ਨਾ ਪਾਇਓ ਬਿਨ ਸਤਿਗੁਰ ਕਿਨੈ ਨ ਪਾਇਆ' ਦੁਆਰਾ ਨਿਯਮ ਕਰ ਦਿਤਾ ਹੈ ਕਿ ਬਿਨਾਂ ਸਤਿਗੁਰ ਦੇ ਉਹ ਪਾਇਆ ਨਹੀਂ ਜਾਂਦਾ। ਤਾਂ ਅਗਲੇ ਜੁਗਾਂ ਵਿਚ ਸਤਿਗੁਰ ਅਵਤਾਰ ਪ੍ਰਗਟ ਨਾ ਹੋਣ ਕਰਕੇ ਕਿਸੇ ਨੂੰ ਸੱਚ ਦੀ ਕੀ ਸੂਝ ਸੀ ? ਇਸ ਕਰਕੇ ਤਾਂ ਵੇਦਾਂ ਵਾਲਿਆਂ ਨੇ ਕਰੋੜਾਂ ਦੇਵਤਿਆਂ ਨੂੰ ਰਬ ਸਮਝਕੇ ਪੂਜਿਆ। ਪਥਰਾਂ ਨੂੰ ਪੂਜਿਆ। ਕਈਆਂ ਨੇ ਕਿਸੇ ਬਲਵਾਨ ਪੁਰਖ ਨੂੰ ਅਵਤਾਰ ਸਮਝਕੇ ਮੰਨਿਆਂ। ਅਤੇ ਅਨੇਕਾਂ ਤਰਾਂ ਦੇ ਝਗੜੇ ਕਰਕੇ ਆਪਣੇ ਆਪ ਦਾ ਸਤਿਆਨਾਸ ਕੀਤਾ। ਤਾਂਹੀ ਤਾਂ ਭਾਈ ਗੁਰਦਾਸ ਜੀ ਨੂੰ ਲਿਖਣਾ ਪਿਆ। 'ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ।' ਇਸ ਤੋਂ ਤਾਂ ਇਹ ਮਾਲੂਮ ਹੁੰਦਾ ਹੈ ਕਿ ਸਚ ਕਦੇ ਭੀ ਕਿਤੇ ਪ੍ਰਗਟ ਨਹੀਂ ਹੋਇਆ ਸੀ। ਤੁਸੀਂ ਕਿਥੋਂ ਲੈ ਆਏ ? ਨਾਲੇ ਜੇ ਸਚ ਅਗੇ ਹੀ ਸੀ ਤਾਂ ਗੁਰੂ ਅਵਤਾਰ ਹੋਣ ਦੀ ਲੋੜ ਕੀ ਸੀ ? ਬਹੁਤੇ ਸਾਰੇ ਆਦਮੀ ਇਕੱਠੇ ਹੋਏ ਬਿਗੜੀ ਹੋਈ ਗਲ ਸਵਾਰ ਸਕਦੇ ਹਨ। ਗੁਰਬਾਣੀ ਵਿਚਾਰਕੇ ਦੇਖੋ ਕਿ ਬੇ ਲਿਖਿਆ ਹੈ 'ਸਚ ਕਾਲੁ ਕੂੜ ਵਰਤਿਆ ਕਲ ਕਾਲਖ ਬੇਤਾਲ।' ਅਰਥਾਤ ਸਚ ਹੈ ਹੀ ਨਹੀਂ ਸੀ। ਜੇ ਇਉਂ ਨਾ ਮੰਨੀਏਂ ਤਾਂ ਗੁਰੂ ਸਾਹਿਬ ਦਾ ਕਥਨ ਅਗਯਾਤ ਵਸਤੂ ਦਾ ਜਣਾਉਣ ਵਾਲਾ ਨਾ ਹੋਣ ਕਰਕੇ ਅਪ੍ਰਮਾਣ ਹੋ ਜਾਵੇਗਾ। ਬਲਕਿ ਗੁਰ ਪ੍ਰਮਾਣ ਕੇਵਲ ਸਚ ਦਾ ਜਣਾਇਕ ਹੀ ਨਹੀਂ ਕਿੰਤੂ ਕਾਰਕ ਹੇਤੂ ਹੋਣ ਕਰਕੇ ਸੱਚ ਦੀ ਛੂਹ ਲਾਕੇ ਜਗਯਾਸੂ ਦੇ ਹਿਰਦੇ ਵਿਚ ਸਚ ਦਾ ਪ੍ਰਕਾਸ਼ ਭੀ

Digitized by Panjab Digital Library | www.panjabdigilib.org

ਕਰ ਦਿੰਦਾ ਹੈ। ਏਸ ਲਈ ਹਜ਼ੂਰ ਨੇ ਫੁਰਮਾਇਆ ਹੈ ਕਿ 'ਸੁਰ ਨਰ ਮੁਨ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ। ਪਾਇਆ ਅੰਮ੍ਰਿਤ ਗੁਰ ਕਿਰਪਾ ਕੀਨੀ ਸਾਚਾ ਮੰਨਿ ਵਸਾਇਆ।' ਅਰਥਾਤ ਸਚਾ ਵਾਹਿਗੁਰੂ ਮਨ ਵਿਚ ਵਸਾ ਦਿਤਾ ਹੈ। ਮਨ ਬਿਗੜੇ ਨੂੰ ਸੂਤ ਕੀਤਾ ਹੈ।

ਹੋਰ ਧੰਨੇ ਭਗਤ ਆਦਿ ਮਹਾਂ ਪੁਰਖਾਂ ਨੇ ਭੀ ਗੁਰ ਗਿਆਨ ਸਿੱਧਾ ਅਕਾਲ ਪੁਰਖ ਤੋਂ ਆਪਣੇ ਅਨੁਭਵ ਵਿਚ ਹੀ ਪ੍ਰਾਪਤ ਕਰਕੇ ਪਰਮ ਪਦ ਪਾਇਆ ਹੈ। ਉਨ੍ਹਾਂ ਦਾ ਗੁਰੂ ਭੀ ਜੋਤਿ ਰੂਪ ਤੇ ਅਕਾਲ ਪੁਰਖ ਹੀ ਸੀ। ਕੋਈ ਲੰਘਿਆ ਲੰਘਾਇਆ ਹੋਇਆ ਦੇਹ ਧਾਰੀ ਨਹੀਂ ਸੀ। ਅਤੇ ਨਾਂ ਹੀ ਕਿਸੇ ਹੋਰ ਕੋਲ ਸੱਚ ਸੀ। ਸੱਜਨ ਜੀ! ਤੁਸੀਂ ਪਿਛਲੀਆਂ ਗਲਾਂ ਕੀ ਕਰਦੇ ਹੋ ਅਜ ਭੀ ਗੁਰਮਤਿ ਤੋਂ ਬਿਨਾਂ ਕਿਸੇ ਕੋਲ ਸਚ ਵਿਖਾ ਦੇਹੁ!! ਗੁਰਬਾਣੀ ਅਤੇ ਅਨਜਮਤਾਂ ਨੂੰ ਪ੍ਰੀਖਕ ਦ੍ਰਿਸ਼ਟੀ ਨਾਲ ਵਿਚਾਰਕੇ ਫੇਰ ਬੋਲਿਓ ਕਿ ਸਚ ਕਿਥੇ ਰਹਿੰਦਾ ਹੈ। ਬਿਦੇਸੀ ਢਾਈ ਟੱਪੇ ਸਿਖਕੇ ਆਪ ਨੂੰ ਸਰਵਗ ਨਾ ਮੰਨ ਲਿਆ ਕਰੋ। ਤਾਂਤੇ 'ਜੋ ਜੋ ਤਰਿਉ ਨਵ ਤਨ ਅਉਰ ਪੁਰਾਤਨ ਭਗਤਿ ਭਾਇ ਹਰਿ ਦੇਵਾ' ਅਨੁਸਾਰ ਗਰਮਤਿ ਦੇ ਦਸੇ ਹੋਏ ਭਗਤੀ ਭਾਵ ਨਾਲ ਹੀ ਤਰਿਆ ਜਾਣਾ ਹੈ।

ਸ਼ੰਕਾ—ਜੇਕਰ ਗੁਰੂ ਜੋਤਿ ਅਕਾਲ ਪੁਰਖ ਸੀ ਤਾਂ ਦਸੋ ਕਿ ਉਹ ਉਸ ਦੇ ਅਵਤਾਰ ਹਨ ? ਯਾ (੨) ਉਸ ਜੋਤਿ ਦਾ ਪਰਿਣਾਮ ਹੈ। ਯਾ (੩) ਉਸ ਦਾ ਅੰਸ ? ਯਾ (੪) ਉਹ ਸਾਰੀ ਦੀ ਸਾਰੀ ਜੋਤਿ ਹੈ ? ਯਾ (੫) ਉਸਦਾ ਭਾਸ (ਝਲਕ) ਹੈ ? ਅਥਵਾ (੬) ਅਕਸਮਾਤੀ ਪ੍ਰਗਟ ਰੂਪ ਹੈ ?

Digitized by Panjab Digital Library | www.panjabdigilib.org

ਜੇ ਪਹਿਲਾ ਪੱਖ ਕਹੋ ਤਾਂ ਅਵਤਾਰ ਜੋਤੇ ਨੂੰ ਗੁਰੂ ਸਾਹਿਬ ਨੇ 'ਸਿਵ ਬਿਰੰਚ ਅਸੁਰ ਸੁਰ ਜੇਤੇ ਕਾਲ ਅਗਨ ਮਹਿ ਜਰਤੇ' ਇਤਿਆਦਿ ਪ੍ਰਮਾਣਾਂ ਦੁਆਰਾ ਆਪ ਖੰਡਨ ਕਿਉਂ ਕੀਤਾ ? ਜੇ ਪਰਿਣਾਮ ਕਹੋ ਤਾਂ ਅਕਾਲ ਪੁਰਖ ਦੀ ਜੋਤਿ ਬਦਲਦੀ ੨ ਕਿਸੇ ਦਿਨ ਖਤਮ ਭੀ ਹੋ ਜਾਏਗੀ। ਜੇ ਅੰਸ ਕਹੋ ਤਾਂ ਸ੍ਵੈਂ ਪ੍ਰਕਾਸ਼ ਜੋਤਿ ਦਾ ਖੰਡ ਨਹੀਂ ਹੋ ਸਕਦਾ। ਜੇ ਮੰਨ ਭੀ ਲਈਏ ਤਾਂ ਘਟ ਜਾਣੀ ਚਾਹੀਦੀ ਹੈ ਜੇ ਸੰਪੂ-ਰਣ ਜੋਤਿ ਹੀ ਮੰਨੀਏ ਤਾਂ ਅਕਾਲ ਪੁਰਖ ਜੋਤਿ ਹੀਣ ਰਹਿ ਜਾਣਾ ਚਾਹੀਦਾ ਹੈ। ਜੇ ਝਲਕ ਮੰਨੀਏ ਤਾਂ ਅਨਿਤ ਹੋ ਜਾਣ ਕਰਕੇ ਹੋਰਨਾਂ ਤੁਲ ਹੀ ਗੁਰ ਜੋਤਿ ਹੋ ਜਾਵੇਗੀ। ਜੇ ਅਕਸਮਾਤ ਹੀ ਹੋਈ ਮੰਨੀਏ ਤਾਂ ਪ੍ਰਤਖ੍ਯ ਪ੍ਰਮਾਣ ਦੇ ਵਿਰੁਧ ਹੈ। ਅਰਥਾਤ ਗੁਰ ਜੋਤਿ ਨਾਮ ਰੂਪ ਧਾਰੀ ਵਡ-ਭਾਗੀ ਪੁਰਖਾਂ ਦੇ ਘਰ ਹੋਰਨਾ ਪੁਰਖਾਂ ਵਾਂਗੂ ਹੀ ਪ੍ਰਗਟ ਹੋਈ ਹੈ। ਇਸ ਲਈ ਕੋਈ ਸਮਝ ਨਹੀਂ ਪੈਂਦੀ ਕਿ ਗੁਰ ਜੋਤਿ ਅਕਾਲ ਪੁਰਖ ਦੀ ਸਾਵੀਂ ਜੋਤਿ ਕਿਵੇਂ ਹੋਈ।

ਉਤਰ—ਗੁਰ ਜੋਤਿ ਅਕਾਲ ਪੁਰਖ ਦੀ ਗਯਾਨ ਕਲਾ ਹੈ ਜਿਸ ਤਰਾਂ ਇਕ ਕਲਾ ਸਰਬ ਔਖਧਾਂ ਵਿਚ ਅੰਮ੍ਰਿਤ ਕਲਾ ਹੈ। ਚਮਕਦਾਰ ਵਸਤਾਂ ਵਿਚ ਚਾਨਣ ਅਤੇ ਬਲਵਾਨਾਂ ਵਿਚ ਬਲ ਰੂਪ ਤੇ ਹੈ। ਮਗਰ 'ਪਾਰਬ੍ਰਹਮ ਕੇ ਸਗਲੇ ਠਾਉ। ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ।' ਅਨੁਸਾਰ ਉਸਦੇ ਟਿਕਾਣੇ ਅਡ ੨ ਹੋਣ ਕਰਕੇ ਉਹਦੇ ਸਰੂਪ ਵਿਚ ਭਿੰਨਤਾ ਪ੍ਰਤੀਤ ਹੁੰਦੀ ਹੈ ਉਸ ਤਰਾਂ ਇਕੋ ਬੇਹਦ ਗਯਾਨ ਰੂਪ, ਜਗਤ ਨੂੰ ਅਨੁਭਵ ਦਾਤੀ, ਅਕਾਲ ਪੁਰਖ ਦੀ ਸਾਮੀਂ ਹੀ ਗਯਾਨ ਰੂਪ ਜੋਤਿ

Digitized by Panjab Digital Library | www.panjabdigilib.org

ਸ੍ਰੀਰ ਦੀ ਉਪਾਧੀ ਕਰਕੇ ਅਕਾਲ ਪੁਰਖ ਦੇ ਸਰੂਪ ਤੋਂ ਭਿੰਨ ਪ੍ਰਤੀਤ ਹੁੰਦੀ ਹੈ। ਵਾਸਤਵ ਵਿਚ ਇਹ ਉਸਦਾ ਆਪਾ ਹੀ ਹੈ। ਅਤੇ ਉਪਰ ਕਹੇ ਹੋਇ ਦੋਸ਼ ਉਸ ਪਰ ਨਹੀਂ ਲਗਦੇ। ਉਹ ਅਵਤਾਰ ਇਸ ਲਈ ਨਹੀਂ ਕਿ ਉਸਦਾ ਨਾਂ ਤਾਂ ਅਵਤਾਰਾਂ ਵਾਂਗ ਦੂਜੇ ਜਨਮ ਨਾਲ ਸੰਬੰਧ ਹੈ ਅਤੇ ਨ ਹੀ ਉਹ ਅਕਾਲ ਪੁਰਖ ਦੇ ਕਿਸੇ ਅੰਸ ਦੀ ਨਕਲ ਹੈ । (੨) ਜੋਤਿ ਦਾ ਪਰਿਣਾਮ ਇਸ ਲਈ ਨਹੀਂ ਕਿ ਅਕਾਲ ਪੁਰਖ ਪਰਮ ਬਿਭੂ (ਵਿਆਪਕ) ਤਤ੍ਰ ਹੋਣ ਕਰਕੇ ਕ੍ਰਿਆ ਰਹਿਤ ਹੈ। (੩) ਜੋਤਿ ਦਾ ਅੰਸ਼ ਇਸ ਲਈ ਨਹੀਂ ਕਿ ਓਹ ਅਖੰਡ ਹੈ। (੪) ਸੰਪੂਰਨ ਅਤੇ ਸਾਮੀ ਹੁੰਦੀ ਹੋਈ ਭੀ ਇਹ ਜੋਤਿ ਅਕਾਲ ਪੁਰਖ ਵਿਚ ਘਾਟਾ ਨਹੀਂ ਹੋਣ ਦਿੰਦੀ। ਕਿਉਂਕਿ ਗੁਰ ਜੋਤਿ ਦਾ ਅਕਾਲ ਪੁਰਖ ਦੀ ਜੋਤਿ ਨਾਲ ਤਦਾਤਮਤਾ ਸਬੰਧ ਹੋਣ ਕਰਕੇ ਅਤੇ ਸੂਖਮ ਸੁਭਾਵ ਹੋਣ ਕਰਕੇ ਇਸ ਦੀ ਪ੍ਰਗਟਤਾ ਨਾਲ ਅਕਾਲ ਪੁਰਖ ਦੀ ਜੋਤਿ ਵਿਚ ਘਾਟਾ ਨਹੀਂ ਪੈ ਸਕਦਾ । ਘਾਟਾ ਤਾਂ ਪਵੇ ਜੇ ਕੋਈ ਜੋਤਿ ਅਸ-ਥੂਲ ਹੋਵੇ ਅਤੇ ਦੋਹਾਂ ਜੋਤਾਂ ਦਾ ਸੰਜੋਗ ਹੋਵੇ। (੫) ਭਾਸ ਯਾ ਝਲਕ ਤਾਂ ਹੋਵੇ ਜੇ ਉਸ ਤੋਂ ਬਿਨਾਂ ਦੂਜਾ ਕੋਈ ਗਯਾਨ ਰੂਪ ਪਦਾਰਥ ਹੋਰ ਹੋਵੇ। (੬) ਮਾਤਾ ਪਿਤਾ ਤੋਂ ਪ੍ਰਗਟ ਹੋਣ ਵਾਲਾ ਉਨ੍ਹਾਂ ਦਾ ਸਰੀਰ ਹੋਣ ਕਰਕੇ 'ਅਕਸਮਾਤ ਪ੍ਰਗਟ ਹੋਣਾ' ਭੀ ਨਹੀਂ ਕਿਹਾ ਜਾਂਦਾ। ਕਿੰਤੂ 'ਸਤਿਗੁਰ ਪਾਸ ਬੇਨੰਤੀਆ' ਤਥਾ 'ਚਹੁ ਜੁਗਾਂ ਕਾ ਹੁਣ ਨਿਬੜਾ' ਇਤਿਆਦਿ ਨਿਮਿਤ ਕਰਕੇ ਗੁਰ ਜੋਤਿ ਦੀ ਪ੍ਰਗਟਤਾ ਹੈ। ਸੋ ਸਰੀਰ ਦਾ ਬਣਨਾ ਅਤੇ ਜੋਤਿ ਦਾ ਪ੍ਰਗਟ ਹੋਣਾ ਦੋਵੇਂ ਅਡ ੨ ਗੱਲਾਂ ਹਨ। ਅਰਥਾਤ ਗੁਰ ਜੋਤਿ ਦਾ ਸਰੀਰ ਨਾਲ ਸਬੰਧ ਹੋ ਜਾਣ ਤੇ ਪਹਿਲੇ ਵਿਆਪਕ ਰੂਪ

Digitized by Panjab Digital Library | www.panjabdigilib.org

ਅਤੇ ਹੁਣ ਦੇ ਪਰਿਛਿੰਨ ਰੂਪ ਵਿਚ ਵਾਸਤਵਿਕ ਕੋਈ ਭੇਦ ਨਹੀਂ। ਕੇਵਲ ਪ੍ਰਯੋਜਨ ਦੇ ਭੇਦ ਤੇ ਭੇਦ ਦੀ ਪ੍ਰਤੀਤੀ ਹੈ। ਸੋ ਅਕਾਲ ਪੁਰਖ ਦੀ ਗਯਾਨ ਕਲਾ ਦਾ ਵਿਲੱਛਣ ਪ੍ਰਕਾਸ਼ ਹੀ ਗੁਰੂ ਜੋਤਿ ਹੋਣ ਕਰਕੇ ਉਕਤ ਪ੍ਰਕਾਰ ਤੇ ਕੋਈ ਦੋਸ਼ ਭੀ ਨਹੀਂ ਆ ਸਕਦਾ।

ਸ਼ੰਕਾ—ਭਲਾ ਗੁਰੂ ਨਾਨਕ ਦੇਵ ਜੀ ਤਾਂ ਧੁਰ ਦੀ ਜੋਤਿ ਵਾਲੇ ਹੋਣ ਕਰਕੇ ਉਨ੍ਹਾਂ ਦੀ ਕਲਾ ਗੁਰਤ੍ਰ ਰੂਪ ਹੈ। ਮਗਰ ਦੂਜੇ ਸਾਹਿਬਾਂ ਦੇ ਪਿਛਲੇ ਜਨਮ ਭੀ ਹੋਣ ਕਰਕੇ ਉਨ੍ਹਾਂ ਦੀ ਤਾਂ ਮਾਨਵੀ ਹੀ ਜੋਤਿ ਸੀ। ਫੇਰ ਉਨ੍ਹਾਂ ਦੀ ਜੋਤਿ ਕਿਵੇਂ ਗੁਰਤ੍ਰ ਰੂਪ ਹੋਈ।

ਉੱਤਰ—ਜਿਵੇਂ ਦੀਵੇ ਨਾਲੋਂ ਜੋਤਿ ਜਗ ਪੈਂਦੀ ਹੈ। ਪਾਰਸ ਨਾਲ ਛੋਹ ਕੇ ਲੋਹਾ ਸੋਨਾ ਹੋ ਜਾਂਦਾ ਹੈ। ਯਾ ਦੋਹਾਂ ਧ੍ਰਆਂ ਦੀ ਸੇਧ ਵਿਚ ਪਿਆ ਹੋਇਆ ਲੋਹਾ ਚੰਬੁਕ ਬਣ ਜਾਂਦਾ ਹੈ। ਉਸੇ ਤਰਾਂ ਗੁਰ ਜੋਤਿ ਨਾਲ ਇਨ ਬਿੰਨ ਛੋਹ ਪ੍ਰਾਪਤ ਕਰਕੇ ੯ ਗੁਰੂ ਸਾਹਿਬਾਂ ਦੀ ਜੋਤਿ ਗੁਰੂ ਰੂਪ ਧਾਰਕੇ ਆਪਣੀ ਮਾਨਵੀ ਜੋਤਿ ਨੂੰ ਉਸ ਵਿਚ ਲੀਨ ਕਰਨ ਹਾਰੀ ਹੋ ਗਈ। ਅਤੇ ਜਿਵੇਂ ਬੜੀ ਉਪਾਧੀ ਵਿਚ ਛੋਟੀ ਉਪਾਧੀ ਲੀਨ ਹੋ ਜਾਂਦੀ ਹੈ ਓਸੇਤਰਾਂ ਵਿਆਪਕ ਗੁਰੂ ਜੋਤਿ ਦੇ ਆਵੇਸ਼ ਨਾਲ ਉਸ ਸਰੀਰ ਦੀ ਮਾਨਵੀ ਕਲਾ ਗੁਰ ਜੋਤਿ ਵਿਚ ਲੀਨ ਹੋਕੇ ਤਦ ਰੂਪ ਹੋ ਜਾਣ ਤੇ 'ਗੁਰੂ' ਹੋ ਗਈ। ਸੋ ਇਸ ਤੋਂ ਭੀ ਗੁਰ ਜੋਤਿ ਦਾ ਅਸਾਧਾਰਣ (ਖਾਸ) ਹੋਣਾ ਸਿਧ ਹੁੰਦਾ ਹੈ। ਕਿਉਂਕਿ ਜੇ ਮਾਨਵੀ ਜੋਤਿ ਦਾ ਅਤੇ ਗੁਰ ਜੋਤਿ ਦਾ ਭੇਦ ਨਾ ਹੁੰਦਾ ਤਾਂ ੯ ਗੁਰੂ ਸਾਹਿਬ 'ਬਿਨਾ ਗੁਰੂ ਜੋਤਿ ਧਾਰਨ ਦੇ' ਐਵੇਂ ਹੀ ਗੁਰੂ ਟਿੱਕੇ

Digitized by Panjab Digital Library | www.panjabdigilib.org

ਜਾਂਦੇ ਇਸ ਲਈ ਗੁਰ ਜੋਤਿ ਸਾਰੇ ਗੁਰਾਂ ਵਿਚ ਇਕ ਅਤੇ ਅਸਾਧਾਰ੍ਣ ਹੈ।

✓ ਸ਼ੰਕਾ—ਗੁਰੂ ਦਸਮੇ ਪਾਤਿਸ਼ਾਹ ਜੀ ਨੇ 'ਵਿਚਿਤ੍ਰ ਨਾਟਕ' ਵਿਚ ਆਪਣੀ ਕਥਾ ਸੁਨਾਉਣ ਦੇ ਪ੍ਰਸੰਗ ਵਿਚ 'ਜੋ ਮੁਝ ਕੋ ਪਮੇਸ਼ਰ ਉਚਰ ਹੈ। ਤੇ ਸਭ ਨਰਕ ਕੁੰਡ ਮਹਿ ਪਰ ਹੈ।' ਅਤੇ 'ਮੈਂ ਹੂ ਪਰਮ ਪੁਰਖ ਕਾ ਦਾਸਾ। ਦੇਖਨ ਆਇਉ ਜਗਤ ਤਮਾਸਾ।' ਤਥਾ 'ਮੁਹਿ ਦਾਸ ਤਵਨ ਕਾ ਜਾਨੋ' ਇਤਿਆਦਿ ਵਾਕਾਂ ਦ੍ਵਾਰਾ ਆਪਣੇ ਅਕਾਲ ਪੁਰਖ ਰੂਪ ਹੋਣ ਦਾ ਨਿਖੇਧ ਕੀਤਾ ਹੈ। ਇਸ ਲਈ ਗੁਰੂ ਸਾਹਿਬ ਕਿਸਤਰਾਂ ਅਕਾਲ ਪੁਰਖ ਹੋਏ?

ਉੱਤਰ—ਸਜਨ ਜੀ! ਉਸ ਪ੍ਰਸੰਗ ਨੂੰ ਵਿਚਾਰੋ ਤਾਂ ਪਤਾ ਲਗ ਜਾਊਗਾ ਕਿ ਸਾਹਿਬਾਂ ਨੇ ਗੁਰੂ ਜੋਤਿ ਦਾ ਇਤਿਹਾਸ ਵਰਨਣ ਨਹੀਂ ਕੀਤਾ। ਬਲਕਿ ਆਪਣੇ ਪਿਛਲੇ ਜਨਮ ਵਾਲੀ ਮਾਨਵੀ ਜੋਤਿ ਦਾ ਤਪ ਕਰਨਾ ਅਤੇ ਅਕਾਲ ਪੁਰਖ ਦੇ ਰੂਪ ਵਿਚ ਲੀਨ ਹੋਕੇ ਭੀ ਫੇਰ ਆਗਯਾ ਅਨੁਸਾਰ ਦੁਨੀਆਂ ਵਿਚ ਆ ਹੋਣਾ ਦਸਦੇ ਹਨ। ਜਿਸਦਾ ਸਪਸ਼ਟ ਭਾਵ ਇਹ ਹੈ ਕਿ ਅਕਾਲ ਪੁਰਖ ਦੇ ਰੂਪ ਵਿਚ ਲੀਨ ਹੋਏ ੨ ਮੁਕਤ ਸਰੂਪ ਹੀ ਗੁਰਿਆਈ ਦੇ ਹੱਕ ਦਾਰ ਹਨ। ਅਤੇ ਗੁਰ ਜੋਤਿ ਉਨ੍ਹਾਂ ਦੀ ਜੋਤਿ ਨਾਲੋਂ ਭੀ ਵਡੀ ਹੈ ਜਿਸਦੇ ਉਹ ਦਾਸ ਹਨ। ਇਸ ਗਲ ਨੂੰ ਹੋਰ ਪੱਕਾ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਜੋਤਿ ਨੂੰ 'ਸਭ ਸਿਖਨ ਕੋ ਸੁਖ ਦੀਓ ਜਹ ਤਹ ਭਏ ਸਹਾਇ' ਅਤੇ 'ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝੀਓ ਹਮਾਰਾ' ਇਤਿਆਦਿ ਕਰਕੇ ਵਿਆਪਕ ਅਤੇ ਸਾਖਯਾਤ ਅਕਾਲ ਪੁਰਖ

Digitized by Panjab Digital Library | www.panjabdigilib.org

ਰੂਪ ਹੀ ਦਸਿਆ ਹੈ।

ਸ਼ੰਕਾ–ਜੇ ਗੁਰੂ ਸਾਹਿਬ ਨੂੰ ਖਾਸ ਜੋਤਿ ਮੰਨੀਏ ਤ ਸਿਖਾਂ ਨੂੰ ਉਨ੍ਹਾਂ ਦੇ ਸਮਾਨ ਰੂਪ ਹੋ ਜਾਣ ਤੋਂ ਨਿਰਾਸਤਾ ਹੋਵੇਗੀ। ਅਰਥਾਤ ਜਦੋਂ ਸਿਖਾਂ ਨੂੰ ਇਹ ਨਿਸਚਾ ਹੋ ਜਾਵੇਗਾ ਕਿ ਮੈਂ ਹੋਰ ਕੁਝ ਹਾਂ ਅਤੇ ਗੁਰੂ ਹੋਰ ਕੁਝ ਹੈ ਮੈਂ ਉਹੋ ਜਿਹਾ ਤਾਂ ਬਣ ਹੀ ਨਹੀਂ ਜਾਣਾ ਤਾਂ ਤੇ ਗੁਰੂਆਂ ਦੇ ਦਸੇ ਹੋਏ ਸਾਧਨ ਕਿਉਂ ਕਰਾਂ ?

ਉਤਰ–ਇਹ ਬਿਲਕੁਲ ਅਗਿਆਨ ਹੈ। ਕਿਉਂਕਿ ਜਿਸ ਸਾਧਕ ਦਾ ਪੀਰ ਪੈਗੰਬਰ ਯਾ ਗੁਰੂ ਕੇਵਲ ਪ੍ਰਮਾਤਮਾ ਦਾ ਭੇਜਿਆ ਹੋਇਆ ਯਾ ਦੋਸਤ ਅਥਵਾ ਬੇਟਾ ਹੈ। ਅਥਵਾ ਜਿਸਦਾ ਇਸ਼ਟ ਦੇਵ 'ਅੰਸ ਅਵਤਾਰ' ਹੀ ਹੈ। ਉਸ ਨੂੰ ਨਿਰਾਸਤਾ ਹੋਵੇ ਕਿ ਸ਼ਾਇਦ ਮੈਂ ਬਖਸ਼ਿਆ ਜਾਵਾਂ ਕਿ ਨਾਂ ? ਅਥਵਾ ਉਸਦਾ ਗਿਆਨ ਸਚੀਂ ਰੱਬ ਨੇ ਭੇਜਿਆ ਹੈ ਯਾ ਨਹੀਂ ? ਮਗਰ ਜਿਸਦਾ ਗੁਰੂ 'ਪਾਰਬ੍ਰਹਮੁ ਅਪਰੰਪਰੁ ਸੁਆਮੀ ਨਾਨਕ ਗੁਰੁ ਮਿਲਿਆ ਸੋਈ ਜੀਓ'। ਅਨੁਸਾਰ ਸਾਖਿਅਤ ਹੀ ਅਕਾਲ ਪੁਰਖ ਹੋਵੇ, ਉਸ ਨੂੰ ਬੇਹਦ ਖੁਸ਼ੀ ਹੋਣੀ ਚਾਹੀਦੀ ਹੈ। ਕੀ ਹੋਰ ਕੋਈ ਭੀ ਅਪਣੇ ੨ ਮਤਿ ਦੇ ਕਰਮ ਕਰਦਾ ਹੋਇਆ ਕਦੇ ਪੈਗੰਬਰ ਯਾ ਅਵਤਾਰ ਬਣਿਆ ਹੈ ? ਇਸ ਲਈ 'ਗੁਰ ਕਹਿਆ ਸਾ ਕਾਰ ਕਮਾਵਹੁ, ਗੁਰ ਕੀ ਕਰਨੀ ਕਾਹੇ ਧਾਵਹੁ।' ਅਨੁਸਾਰ ਸਿੱਖ ਨੂੰ ਗੁਰੂ ਬਣਨ ਦੀ ਲਾਲਸਾ ਹੋਣੀ ਹੀ ਨਹੀਂ ਚਾਹੀਦੀ। ਦੂਜੇ ਇਹ ਸ਼ੰਕਾ ਉਨ੍ਹਾਂ ਉਪਰ ਹੋ ਸਕਦੀ ਹੈ, ਜੋ ਇਉਂ ਮੰਨਦੇ ਹੋਣ ਕਿ ਗੁਰ ਜੋਤਿ ਬਹੁਤ ਜਨਮਾਂ ਵਿਚ ਸਾਧਨ ਕਰਦੀ ਹੋਈ ਉੱਨਤੀ ਕਰਦੀ ਹੈ। ਅਤੇ ਦੂਜਿਆਂ ਨੂੰ ਭੀ ਆਪਣੇ

Digitized by Panjab Digital Library | www.panjabdigilib.org

ਉਪਦੇਸ਼ ਨਾਲ ਆਪਣੇ ਵਰਗਾ ਬਣਾ ਲੈਂਦੀ ਹੈ। ਇਸ ਲਈ ਗੁਰੂ ਤੇ ਸਿਖ ਦੀ ਸਮਾਨਤਾ ਹੋਣੀ ਚਾਹੀਏ। ਏਥੇ ਤਾਂ (ਗੁਰਮਤਿ ਵਿੱਚ) ਇਹ ਸਿਧਾਂਤ ਹੈ ਕਿ ਗੁਰੂ ਅਜਨਮੇ ਅਤੇ ਖਾਸ ਜੋਤਿ ਸੂਰੂਪ ਹੈਨ। ਬਲਕਿ ਪ੍ਰਗਟ ਹੁੰਦੇ ਹੋਏ ਭੀ 'ਜਨਮ ਮਰਣ ਦੋਹੂ ਮੈ ਨਾਹੀ ਜਨ ਪਰ ਉਪਕਾਰੀ ਆਏ' ਅਨੁਸਾਰ ਜਨਮ ਮਰਣ ਰਹਿਤ ਹਨ।

ਤੀਜੇ ਜਿਸ ਗੁਰ ਜੋਤਿ ਨੂੰ ਤੁਸੀਂ ਜਨਮਾਂਤਰ ਵਿਚ ਉੱਨਤੀ ਕਰਨ ਵਾਲੀ ਅਤੇ ਅਪਣੇ ਸਮਾਨ ਅਧਿਕਾਰ ਵਾਲੀ ਮੰਨਦੇ ਹੋ। ਉਹ ਆਪ ਤਾਂ ਭਾਵੇਂ ਮੁਕਤ ਹੋਵੇ ਮਗਰ ਦੂਜਿਆਂ ਨੂੰ ਮੁਕਤ ਕਰਨ ਵਿਚ ਸਮਰਥ ਨਹੀਂ ਹੁੰਦੀ। ਕਿਉਂਕਿ ਮੁਕਤੀ ਪਦਾਰਥ ਉਸ ਨੇ ਗੁਰੂ ਪਾਸੋਂ ਪ੍ਰਾਪਤ ਕਰਨਾ ਹੈ। ਆਪਣੇ ਆਪ ਭਾਵੇਂ ਲੱਖਾਂ ਜਨਮ ਟਕਰਾਂ ਮਾਰਦੀ ਰਹੇ ਉਹ ਜੋਤਿ ਮੁਕਤ ਨਹੀਂ ਹੋ ਸਕਦੀ। ਸੋ 'ਇਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ। ਨਾਨਕ ਸਾ ਕਰਾਮਾਤ ਸਾਹਿਬ ਤੁਠੈ ਜੋ ਮਿਲੈ।' ਅਤੇ 'ਨਾਨਕ ਜੇ ਕੋ ਆਪਹੁ ਜਾਣੈ ਅਗੇ ਗਿਆ ਨ ਸੋਹੈ।' ਇਤਿਆਦਿ ਪ੍ਰਮਾਣਾਂ ਨੂੰ ਵਿਚਾਰੋ। ਫੇਰ ਪਤਾ ਲਗੇਗਾ ਕਿ ਮੁਕਤੀ ਦਾਤਾ ਗੁਰੂ ਖਾਸ ਜੋਤਿ ਹੀ ਹੈ।

ਚੌਥੇ ਆਵਾ ਗਉਣ ਵਿਚ ਆਉਣ ਵਾਲੀ ਜੋਤਿ ਬਿਕਾਰੀ ਅਤੇ ਅਦਿਵਜ (ਚਰਮ ਦੀ ਦ੍ਰਿਸਟੀ ਅਤੇ ਚੰਮ ਦੀ ਦੇਹ ਵਾਲੀ) ਪ੍ਰਕ੍ਰਿਤੀ ਵਾਲੀ ਹੁੰਦੀ ਹੈ। ਅਤੇ 'ਸਤਿਗੁਰ ਮਿਲਿਐ ਦਿਬ ਦ੍ਰਿਸਟ ਹੋਈ' ਅਨੁਸਾਰ ਉਸਦੀ ਮੁਕਤੀ ਹੋਈ ਜਾਣੀ ਜਾਂਦੀ ਹੈ। ਇਸ ਤੋਂ ਮਲੂਮ ਹੁੰਦਾ ਹੈ ਕਿ ਸਤਿਗੁਰੂ ਜੋਤਿ ਖਾਸ ਹੈ। ਜੇ ਅਪਣੀ ਜੋਤਿ ਨੂੰ ਉਸ ਵਰਗੀ ਹੀ ਮੰਨਿਆਂ ਜਾਵੇ ਤਾਂ ਉਸ

Digitized by Panjab Digital Library | www.panjabdigilib.org

ਵਿਚ ਭੀ ਅਪਣੇ ਜੈਸੇ ਵਿਕਾਰ ਅਤੇ ਜਨਮ ਮਰਣ ਦੇ ਵਿਸੂਰੇ ਮੰਨਣੇ ਪੈਣਗੇ। ਭਾਵੇਂ ਉਸ ਵਿਚ ਪਾਪਾਂ ਤੇ ਵਿਕਾਰਾਂ ਦਾ ਨਾਸ ਹੋਯਾ ਭੀ ਮੰਨਿਆਂ ਜਾਵੇ। ਮਗਰ ਜਿਸਤਰਾਂ ਦੀਵੇ ਆਦਿ ਦੇ ਪ੍ਰਕਾਸ਼ ਰੂਪ ਹੋਣ ਤੇ ਭੀ ਉਸ ਵਿਚ ਅੰਧੇਰੇ ਦੀ ਸੰਭਾਵਨਾ ਕਰ ਸਕਦੇ ਹਾਂ। ਉਸਤਰਾਂ ਆਵਾ ਗਉਣ ਵਿਚ ਆ ਸਕਣ ਵਾਲੀ ਜੋਤਿ ਵਿੱਚ ਪਾਪਾਂ ਅਤੇ ਵਿਕਾਰਾਂ ਦੀ ਸੰਭਾਵਨਾ ਜ਼ਰੂਰ ਹੁੰਦੀ ਹੈ। ਕਿਉਂਕਿ ਉਨ੍ਹਾਂ ਦਾ ਦਿਬ ਰੂਪ ਸਾਧਨਾ ਜਨਮ ਹੋਣ ਕਰਕੇ ਪ੍ਰਕਾਸ਼ ਰੂਪ ਹੈ। ਮਗਰ ਜਿਵੇਂ ਸੂਰਜ ਵਿੱਚ ਸ੍ਵਤੇ ਪ੍ਰਕਾਸ਼ਤਾ ਹੋਣ ਕਰਕੇ ਉਸ ਵਿਚ ਅੰਧੇਰੇ ਦਾ ਆਰੋਪ ਭੀ ਨਹੀਂ ਹੋ ਸਕਦਾ। ਉਸੇਤਰਾਂ ਗੁਰ ਜੋਤਿ ਵਿਚ ਵਿਕਾਰਾਂ ਆਦਿ ਦੀ ਗੰਧ ਭੀ ਨ ਹੋਣ ਕਰਕੇ ਉਨ੍ਹਾਂ ਦਾ ਆਵਾ ਗਉਣ ਭੀ ਸਿੱਧ ਨਹੀਂ ਹੁੰਦਾ। ਇਸ ਲਈ ਉਹ ਖਾਸ ਜੋਤਿ ਹੈ। ਜੇ ਆਪ ਵਰਗੀ ਮੰਨੋ ਤਾਂ ਇਹਦਾ ਭਾਵ ਇਹ ਹੈ ਕਿ ਉਸ ਵਿਚ ਭੀ ਅਸਾਡੇ ਵਾਂਗ ਹੀ ਵਿਕਾਰਾਂ ਤੇ ਪਾਪਾਂ ਦੀ ਕਲਪਣਾ ਮੰਨੀ ਜਾਵੇ। ਜੋ ਕਿ ਮਹਾਂ ਅਨਰਥ ਹੈ।

ਪੰਜਵੇਂ ਆਵਾ ਗਉਣ ਵਾਲੀ ਗੁਰ ਜੋਤਿ ਧੁਰ ਲੈ ਜਾਣ ਵਾਲੀ ਨਹੀਂ ਹੋ ਸਕਦੀ। ਕਿਉਂਕਿ ਕੀ ਨਿਸਚਾ ਹੈ ਕਿ ਉਹ ਧੁਰ ਪੁਜ ਗਈ ਹੈ ਯਾਂ ਕਿਤੇ ਅਜੇ ਵਿਚਕਾਰਲੇ ਮੰਡਲ ਵਿਚ ਹੀ ਹੈ। ਜੋ ਧੁਰੋਂ ਨਹੀਂ ਆਈ ਓਹ ਧੁਰ ਪੁਜ ਭੀ ਨਹੀਂ ਸਕਦੀ। ਜੇ ਧੁਰ ਪੁਜੀ ਮੰਨੋ ਭੀ ਤਾਂ ਉਸਦਾ ਅਕਾਲ ਪੁਰਖ ਰੂਪ ਹੋਣਾ ਹੀ ਸਿਧ ਹੋਵੇਗਾ। ਅਤੇ ਉਸਦਾ ਧੁਰੋਂ ਆਉਣਾ ਭੀ ਮੰਨਿਆਂ ਜਾਵੇਗਾ। ਫੇਰ ਤੁਸੀਂ ਕਹੋਗੇ ਕਿ ਉਸਨੂੰ ਅਕਾਲ ਪੁਰਖ ਰੂਪ ਮੰਨਕੇ ਉਸਦੇ ਰੂਪ ਵਿਚ ਸਮਾ ਜਾਣ ਤੋਂ ਸਾਨੂੰ ਨਿਰਾ-ਸਤਾ ਹੋਵੇਗੀ। ਕਿਉਂਕਿ ਅਸੀਂ ਅਕਾਲ ਪੁਰਖ ਬਣਨੋਂ ਰਹੇ।

Digitized by Panjab Digital Library | www.panjabdigilib.org

ਛੇਵੇਂ ਜੇ ਵਿਚਾਰਕੇ ਦੇਖੀਏ ਤਾਂ 'ਗੁਰੂ ਬਣਨਾ' ਯਾ ਅਕਾਲ ਰੂਪ ਹੋ ਜਾਣਾ ਸਿਖ ਦਾ ਸਾਧਨ ਪਦਾਰਥ (ਨਿਸ਼ਾਨਾ) ਹੀ ਨਹੀਂ। ਬਲਕਿ ਪਰਮ ਸੁਖ ਦੀ ਪ੍ਰਾਪਤੀ ਅਥਵਾ ਸੰਸਾਰੀ ਬੰਧਨਾਂ ਦੀ ਨਿਵਿਰਤੀ ਹੀ ਏਸਦਾ ਪਰਮ ਪੁਰਸ਼ਾਰਥ ਹੈ। ਸੋ ਉਹ ਗੁਰ ਜੋਤਿ ਦੀ ਛੋਹ ਨਾਲ ਹੀ ਸਿਧ ਹੋ ਸਕਦਾ ਹੈ। ਜੋ ਕਿ ਸੁਭਾਵ ਤੋਂ ਹੀ ਮੁਕਤ ਹੈ। ਸੋ ਸਾਧਨਾ ਨਾਲ ਮੁਕਤ ਹੋਣ ਵਾਲੀ ਜੋਤਿ ਦੀ ਗੁਰ ਜੋਤਿ ਨਾਲ ਸਮਾਨਤਾ ਕਦੇ ਭੀ ਨ ਹੋ ਸਕਣ ਤੇ ਅਪਣੇ ਪੁਰਸ਼ਾਰਥ ਸਿਧੀ ਦੀ ਸਿਖ ਨੂੰ ਨਿਰਾਸਤਾ ਕਦੇ ਭੀ ਨਹੀਂ ਹੋ ਸਕਦੀ।

ਸ਼ੰਕਾ— ਆਪ ਦੇ ਕਥਨ ਦਾ ਭਾਵ ਇਹ ਹੈ ਕਿ ਸਿਖ ਪੂਰਣ ਪਦ ਤੇ ਪੁਜਿਆ ਹੋਇਆ ਗੁਰਾਂ ਦੇ ਆਸ਼ੇ ਨਾਲ ਏਕਤਾ ਰਖਦਾ ਹੋਇਆ ਭੀ ਗੁਰੂ ਨਹੀਂ ਬਣ ਸਕਦਾ ਅਤੇ ਮੁਕਤ ਹੋਕੇ ਸਚ ਖੰਡ ਵਿਚ ਅਥਵਾ ਗੁਰ ਚਰਨਾ ਨਾਲ ਲਿਵਲੀਨ ਹੋਇਆ ਭੀ ਗੁਰੂ ਸਮਾਨ ਨਹੀਂ ਹੋ ਜਾਂਦਾ। ਇਹ ਗੱਲ ਪ੍ਰਤੱਛ ਤੋਂ ਉਲਟ ਹੈ ਕਿਉਂਕਿ ਜਦੋਂ ਅਸੀਂ ਦੇਖਦੇ ਹਾਂ ਕਿ ਜਿਤਨਾ ਕੋਈ ਰਾਹ ਤੈਹ ਕਰਿ ਚੁਕਦਾ ਹੈ, ਉਤਨਾ ਹੀ ਦੂਜੇ ਨੂੰ ਦਸਦਾ ਹੋਇਆ ਓਥੇ ਹੀ ਲੈ ਜਾਂਦਾ ਹੈ। ਸੋ ਦੋਵੇਂ ਇਕੋ ਜੇਹੇ ਹੋ ਜਾਂਦੇ ਹਨ। ਆਪ ਦੇ ਕਥਨਾਨੁਸਾਰ ਦੋਹਾਂ ਵਿਚ ਕੀ ਫਰਕ ਹੈ?

ਉਤਰ—ਪੂਰਬੋਕਤ ਦੋਵੇਂ ਇਕ ਨਹੀਂ ਹੋ ਸਕਦੇ ਕਿਉਂਕਿ ਭਾਵੇਂ ਕਰਮ ਵਿਚ ਦੋਹਾਂ ਦੀ ਏਕਤਾ ਹੈ ਮਗਰ ਉਨ੍ਹਾਂ ਦੇ ਮੰਤਵਜ਼ ਅਤੇ ਸਾਧਨ ਅਥਵਾ ਸ਼ਕਤੀ ਆਦਿ ਵਿਲੱਛਣ ਹੋਣ ਕਰਕੇ ਉਹ

Digitized by Panjab Digital Library | www.panjabdigilib.org

ਭਿੰਨ ੨ ਹੀ ਹਨ। ਜੇ ਭਲਾ ਕੋਈ ਸਰਬ ਅੰਸ ਵਿਚ ਦੂਜੇ ਵਰਗਾ ਹੋ ਜਾਵੇ ਤਾਂ ਉਹ ਪਹਿਲਾਂ ਤੇ ਹੀ ਦੂਜਾ ਨਹੀਂ ਹੁੰਦਾ ਇਸ ਲਈ ਅਪਣੇ ਪੂਰਬ ਰੂਪ ਦੀ ਪ੍ਰਾਪਤੀ ਕਰਨ ਵਾਲਾ ਉਹ ਆਪ ਹੀ ਹੋਵੇਗਾ। ਦੂਜੇ ਦੀ ਉਸ ਨੂੰ ਅਪੇਖਿਆ ਹੀ ਨਹੀਂ।

ਦੂਜੇ ਇਸ ਤਰਾਂ ਦੇ ਸਾਧਜ ਪਦਾਰਥਾਂ ਦੇ ਇਕ ਦੇਸ਼ ਵਿਚ ਜਾਣ ਵਾਲੇ ਦਾ ਪ੍ਰਵੇਸ਼ ਹੁੰਦਾ ਹੈ। ਜਿਸ ਦੂਜੇ ਨੂੰ ਭੀ ਉਥੇ ਲੈ ਜਾਂਦਾ ਹੈ, ਉਸਦਾ ਅਧਿਕਾਰ ਉਸ ਦੇਸ਼ ਵਿਚ ਪਹਿਲਾਂ ਤੋਂ ਹੀ ਹੁੰਦਾ ਹੈ। ਅਤੇ ਜਿਥੇ ਕਿਸੇ ਦੇ ਜਾਣ ਦੀ ਸੰਭਾਵਨਾ ਹੀ ਨਹੀਂ ਉਸ ਨੂੰ ਓਥੇ ਲੈ ਜਾਣ ਵਾਲਾ ਓਸ ਦਰਜੇ ਦਾ ਆਦਮੀ ਕੋਈ ਭੀ ਨਹੀਂ। ਜੈਸੇ ਕੋਈ ਆਦਮੀ ਵਡੀ ਪ੍ਰੀਖਿਆ ਪਾਸ ਕਰਕੇ ਉੱਚੇ ਪਦ ਤੇ ਪੁਜ ਜਾਂਦਾ ਹੈ। ਤਾਂ ਉਹ ਦੂਜੇ ਨੂੰ ਢੰਗ ਤਾਂ ਦੱਸ ਦਿੰਦਾ ਹੈ। ਮਗਰ ਜਿਸਦੇ ਜਾਣ ਦੀ ਭਵਤੱਵਤਾ (ਹੋਣਹਾਰ) ਨਹੀਂ ਹੁੰਦੀ ਉਸਨੂੰ ਲੈ ਜਾਣਾ ਉਸ ਦੀ ਪਹੁੰਚ ਤੋਂ ਬਾਹਰ ਹੈ। ਉਥੇ ਖਾਸ ਅਧਿਕਾਰੀ ਹੀ ਲੈ ਜਾ ਸਕਦਾ ਹੈ। ਜਿਸ ਕੋਲ ਅਧਿਕਾਰ ਹੋਣ। ਇਸ ਲਈ ਕੇਵਲ ਰਾਹ ਦੱਸਣ ਵਾਲੇ ਅਤੇ ਪਦਵੀ ਤੇ ਪੁਜਾ ਦੇਣ ਵਾਲੇ ਵਿਚ ਬੜਾ ਫਰਕ ਹੈ। ਬਲਕਿ ਪੁਜਣ ਵਾਲੇ ਦਾ ਅਤੇ ਰਾਹ ਦਸਣ ਵਾਲੇ ਦਾ ਭੀ ਭੇਦ ਹੈ। ਇਸ ਲਈ ਸਾਧਕ ਅਤੇ ਸਿੱਧ ਪੁਰਖ ਦੀ ਗੁਰੂ ਜੋਤਿ ਨਾਲ ਏਕਤਾ ਨਹੀਂ ਹੋ ਸਕਦੀ।

ਦੇਖੋ ਗੁਰੂ ਘਰ ਵਿਚ ਬੇਅੰਤ ਪੂਰਨ ਸਿੱਖ ਹੁੰਦੇ ਹੋਏ ਭੀ ਸਭ ਗੁਰੂ ਰੂਪਤਾ ਨੂੰ ਪ੍ਰਾਪਤ ਨਹੀਂ ਹੋਏ। ਕਿਤੂ 'ਭਵਜਲ ਵਿਚੋਂ ਕਢਕੇ ਮੁਕਤ ਪਦਾਰਥ ਮਾਹਿ ਸਮਾਇਆ।' ਅਨੁਸਾਰ ਅਪਣੇ ਪੂਰਨ ਪਦ ਰੂਪ ਸਿੱਖੀ ਦੀ ਪ੍ਰਾਪਤੀ ਵਿਚ ਪੂਰੇ ਤੌਰ

Digitized by Panjab Digital Library | www.panjabdigilib.org

ਤੇ ਕਾਮਯਾਬ ਹੋਏ। ਇਸ ਲਈ ਸਿਖ ਦਾ ਗੁਰੂ ਪਦਵੀ ਦੀ ਇਛਾ ਕਰਨਾ ਮਨਮਤਿ ਹੈ।

ਪ੍ਰਸ਼ਨਃ—ਫੇਰ ਗੁਰੂ ਅੰਗਦ ਦੇਵ ਜੀ ਆਦਿਕ ਸਿਖ ਕਿਉਂ ਗੁਰੂ ਬਣੇ ?

ਉੱਤਰਃ—ਉਹ ਮੁਕਤੀ ਦੇਣ ਲਈ ਮੁਕਤੀ ਦਾਤੇ ਬਣਾਏ ਗਏ। ਅਪਣੇ ਆਪ ਲਈ ਉਨ੍ਹਾਂ ਦਾ ਗੁਰੂ ਰੂਪ ਬਣਨਾ ਅਸਿੱਧ ਸਾਧਨ ਹੈ। ਅਤੇ ਅਪਣੇ ਕੀਤੇ ਪੁਰਸਾਰਥ ਦਾ ਫਲ ਭੀ ਨਹੀਂ। ਕਿੰਤੂ ਬਣਾਉਣ ਵਾਲੇ ਦਾਤੇ ਨੇ ਗੁਰ ਜੋਤਿ ਦੀ ਬਖਸ਼ਸ਼ ਕਰਕੇ ਆਪਣੇ ਮੰਤਵਜ ਨੂੰ ਪ੍ਰਚਾਰਨ ਲਈ ਉਨ੍ਹਾਂ ਨੂੰ ਆਪਣਾ ਖਾਸ ਰੂਪ ਬਣਾਇਆ। ਸੋ ਇਹ ਨਿਯਮ ਸਭ ਸਿੱਖਾਂ ਉਪਰ ਨਹੀਂ ਘਟ ਸਕਦਾ। ਕਿਉਂਕਿ ਗੁਰੂ ਸਾਹਿਬ ਨੇ ਗੁਰੂਆਂ ਦਾ ਪੰਥ ਨਹੀਂ ਬਣਾਇਆ। ਕਿੰਤੂ ਸਿਖਾਂ ਦਾ ਪੰਥ ਚਲਾਇਆ ਹੈ। ਇਸ ਲਈ ਸਿਖ 'ਪੂਰਨ ਸਿਖ' ਬਣਕੇ ਗੁਰਾਂ ਦੇ ਪ੍ਰਤੱਛ ਰੂਪ ਵਿਚ ਉਨ੍ਹਾਂ ਦੇ ਆਸ਼ ਅਤੇ ਉਪਦੇਸ਼ ਨਾਲ ਇਕ ਰੂਪ ਹੁੰਦਾ ਹੋਯਾ ਅਪਣੇ ਪੁਰਸ਼ਾਰਥ ਦਾ ਪੂਰਾ ਲਾਭ ਕਰ ਸਕਦਾ ਹੈ।

ਸ਼ੰਕਾ—ਜਨਮ ਸਾਖੀਆਂ ਤੋਂ ਸੁਣਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਜਦੋਂ ਬੇਈਂ ਵਿੱਚ ਚੁੱਭੀ ਮਾਰਕੇ ੯ ਦਿਨ ਪਿਛੋਂ ਨਿਕਲੇ ਤਾਂ ਸਚ ਖੰਡ ਗਏ। ਅਤੇ ਅਕਾਲ ਪੁਰਖ ਨੂੰ ਗੁਰੂ ਧਾਰਕੇ ਫੇਰ ਆਪਣੇ ਮਤ ਦਾ ਪ੍ਰਚਾਰ ਕਰਨ ਲਗੇ। ਜਿਸਤਰਾਂ ਹਜ਼ਰਤ ਈਸਾ ਨੂੰ ੩੬ ਸਾਲ ਦੀ ਉਮਰ ਵਿਚ ਅਤੇ ਹਜ਼ਰਤ ਮੁਹੰਮਦ ਸਾਹਿਬ ਨੂੰ ੪੦ ਸਾਲ ਦੇ ਉਪਰ ਇਲਹਾਮ ਹੋਇਆ। ਉਸੇ ਤਰਾਂ ਗੁਰੂ ਨਾਨਕ ਦੇਵ ਨੂੰ ਭਾਵੇਂ ੨੭ ਸਾਲ ਦੀ ਉਮਰ ਵਿਚ ਹੀ ਪ੍ਰਕਾਸ਼ ਹੋਇਆ, ਮਗਰ ਉਨ੍ਹਾਂ ਵਾਂਗ ਹੀ ਬੜੀ ਉਮਰ ਵਿਚ

Digitized by Panjab Digital Library | www.panjabdigilib.org

ਹੋਇਆ। ਜਿਸ ਤੋਂ ਉਨ੍ਹਾਂ ਦੀ ਧੁਰ ਦੀ ਜੋਤਿ ਹੋਣ ਦਾ ਨਿਖੇਧ ਹੋ ਜਾਂਦਾ ਹੈ।

ਉੱਤਰ--ਜਨਮ ਸਾਖੀਆਂ ਵਿੱਚ ਤਾਂ ਇਕ ਦੂਜੇ ਤੋਂ ਵਿਰੁਧ ਬਹੁਤ ਸਾਰੇ ਪ੍ਰਸੰਗ ਲਿਖੇ ਪਏ ਹਨ। ਕਿਤੇ ਖੁਆਜਾ ਖਿਜ਼ਰ ਕੋਲੋਂ ਉਪਦੇਸ਼ ਲੈਣਾ ਲਿਖਿਆ ਹੈ। ਨਾਲੇ ਉਸੇ ਵਿਚ ਖੁਆਜਾ ਖਿਜ਼ਰ ਗੁਰਾਂ ਨੂੰ ਮੱਛੀ ਭੇਟ ਕਰਦਾ ਲਿਖਿਆ ਹੈ। ਜਿਥੇ ਸੱਚ ਖੰਡ ਵਿਖੇ ਜਾਕੇ ਗੁਰੂ ਧਾਰਨ ਕਰਨਾ ਲਿਖਿਆ ਹੈ। ਉਥ ਹੀ ਵਿਸ਼ਨੂੰ ਦਾ ਅਵਤਾਰ ਕਿਤੇ ਆਪ ਹੀ ਅਕਾਲ ਪੁਰਖ ਹੋਣਾ ਲਿਖਿਆ ਹੈ। ਅਤੇ ਅਗਾਹਾਂ ਕਿਸੇ ਜਗਾ ਜਨਕ ਦਾ ਅਉਤਾਰ ਲਿਖ ਛਡਿਆ ਹੈ। ਸੋ ਇਤਿਹਾਸਿਕ ਵਿਚਾਰ ਦੇ ਨਾਲ ਉਨ੍ਹਾਂ ਨੇ ਅਪਣੇ ਸਿਧਾਂਤ ਦੇ ਟੁਟੇ ਫੁਟੇ ਖਿਆਲ ਰਲਾਕੇ ਉਨ੍ਹਾਂ ਇਤਿਹਾਸਾਂ ਨੂੰ ਗੁਰਮਤਿ ਦੇ ਉਲਟ ਲਿਖ ਦਿਤਾ ਹੈ। ਇਸ ਲਈ ਗੁਰੂ ਸਾਹਿਬ ਦਾ ਵੇਈਂ ਵਿੱਚ ਚੁੱਭੀ ਮਾਰਨਾ ਅਤੇ ਉਸ ਜਗਾ ਗੁਰਦ੍ਵਾਰਾ ਹੋਣਾ ਤਾਂ ਸਭ ਦੇ ਮੰਨਣ ਜੋਗ ਹੈ। ਮਗਰ ਉਨ੍ਹਾਂ ਦਾ ਅਕਾਲ ਪੁਰਖ ਨੂੰ ਗੁਰੂ ਧਾਰਨ ਕਰਨਾ ਬਿਲਕੁਲ ਗਲਤ ਹੈ। ਕਿਉਂਕਿ ਜਦੋਂ ਆਪ ਅਤ ਅੰਤ ਛੋਟੀ ਉਮਰ ਵਿਚ ਹੀ ਬਾਲਕਾਂ ਨੂੰ ਸਮਾਧੀ ਲਗਵਾਕੇ ਸਿਮਰਨ ਦੀ ਖੇਡ ਦਸਿਆ ਕਰਦੇ ਸਨ। ਅਤੇ ਪਾਂਧੇ ਮੁੱਲਾਂ ਨੂੰ 'ਪੜ੍ਹਨ ਗਏ' ਪੜ੍ਹਾਕੇ ਆਉਂਦੇ ਸਨ। ਵੈਦ ਨੂੰ ਪੰਜ ਸਾਲ ਦੀ ਆਯੂ ਵਿਚ ਉਪਦੇਸ਼ ਕੀਤਾ ਸੀ। ਏਸੇਤਰਾਂ ਬਾਲ ਲੀਲ੍ਹਾ ਕਰਦੇ ਹੋਏ ਜੋ ਬਾਣੀ ਉਚਰਦੇ ਰਹੇ ਉਹ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਹੈ। ਜੇ ਉਸ ਬਾਣੀ ਦੇ ਬਣਨ ਦੇ ਪਿਛੋਂ ਉਨ੍ਹਾਂ ਨੂੰ ਗੁਰਿਆਈ ਮਿਲੀ ਮੰਨੀਏ ਤਾਂ ਓਸ ਬਾਣੀ ਦੀ ਪ੍ਰਮਾਣਤਾ ਉੜ ਜਾਵੇਗੀ। ਇਸ

Digitized by Panjab Digital Library | www.panjabdigilib.org

ਲਈ ਚੁੱਭੀ ਮਾਰਨ ਦਾ. ਨਿਮਿਤ ਆਪਣੀ ਜੋਤ ਨੂੰ ਖਾਸ ਜੋਤਿ ਜਣਾਉਣਾ ਅਤੇ ਲੋਪ ਹੋਣ ਦੀ ਲੀਲ੍ਹਾ ਨੂੰ ਅਪਣੇ ਕਾਰਜ ਛੇਤ੍ਰ ਵਿਚ ਇਕ ਰਸ ਪ੍ਰਵਿਰਤ ਹੋਣ ਦਾ ਮਾਮੂਲ ਬਣਾਇਆ ਸੀ।

ਸ਼ੰਕਾ–ਕਰਾਮਾਤਾਂ ਦਾ ਖਿਆਲ ਤਾਂ ਵਹਮ ਹੈ। ਇਹ ਕੋਈ ਚੀਜ਼ ਹੀ ਨਹੀਂ ਅਤੇ ਉਨ੍ਹਾਂ ਦੀ ਸਭ ਬਾਣੀ ਗੁਰੂ ਹੋਣ ਤੋਂ ਪਿਛੋਂ ਹੀ ਬਣੀ ਹੈ। ਇਸ ਲਈ ਆਪਨੇ ਅਕਾਲ ਪੁਰਖ ਨੂੰ ਗੁਰੂ ਧਾਰਨ ਕਰਨ ਲਈ ਹੀ ਚੁਭੀ ਮਾਰੀ ਸੀ।

ਉਤਰ–ਜੇ ਕਰਾਮਾਤ ਵਹਮ ਹੈ। ਤਾਂ ਬੇਈਂ ਦੇ ਰਾਹੀਂ ਸੱਚ ਖੰਡ ਵਿਚ ਪਹੁੰਚ ਜਾਣਾ ਕੇਹੜੀ ਦਲੀਲ ਨਾਲ ਹੈ? ਕੀ ਬੇਈ ਸੱਚ ਖੰਡ ਵਿਚ ਦੀ ਹੋਕੇ ਜਾਂਦੀ ਹੈ? ਬੇਈਂ ਵਿਚ ਚੁਭੀ ਮਾਰਕੇ ੮ ਦਿਨ ਪਿਛੋਂ ਨਿਕਲਣਾ ਤਾਂ ਆਪਾਂ ਦੋਵੇਂ ਮੰਨਦੇ ਹਾਂ। ਮਤ ਭੇਦ ਇਸ ਗੱਲ ਵਿਚ ਹੈ ਕਿ ਉਹ ਅਕਾਲ ਪੁਰਖ ਕੋਲ ਗਏ ਯਾ ਉਨ੍ਹਾਂ ਨੇ ਅਪਣੀ ਵਲ ਨੂੰ ਲੋਕਾਂ ਨੂੰ ਆਕਰਖਣ ਕਰਨ ਲਈ ਕਰਾਮਾਤ ਦਿਖਾਈ? ਯਾ ਅਪਣੇ ਕਾਰਯ ਛੇਤ੍ਰ ਦਾ ਆਰੰਭਕ ਮਾਮੂਲ ਬਣਾਇਆ? ਸੋ ਅਕਾਲ ਪੁਰਖ ਕੋਲ ਜਾਣ ਅਤੇ ਉਨ੍ਹਾਂ ਨੂੰ ਗੁਰੂ ਧਾਰਨ ਵਿਚ ਆਪਦੇ ਪਾਸ ਕੋਈ ਦਲੀਲ ਨਹੀਂ ਜੋ ਮਾਮੂਲ ਭੀ ਨ ਮੰਨੋ ਤਾਂ ਅਸਾਨੂੰ ਏਸ ਗਲ ਤੇ ਹਠ ਕਰਨ ਦੀ ਭੀ ਲੋੜ ਨਹੀਂ ਕਿਉਂਕਿ ਏਸਦੇ ਕਾਰਣ ਨੂੰ ਤਾਂ ਉਹ ਆਪ ਹੀ ਜਾਣਦੇ ਹਨ। ਬਾਣੀ ਵਿਚ ਕਿਤੇ ਜ਼ਿਕਰ ਨਹੀਂ ਅਤੇ ਸਚ ਖੰਡ ਜਾਣ ਵੇਲੇ ਉਨ੍ਹਾਂ ਦਾ ਕੋਈ ਉਗਾਹ ਭੀ ਨਹੀਂ ਅਤੇ ਜੋ ਆਪਨੇ ਗੁਰਿਆਈ ਮਿਲਣ ਤੋਂ ਪਿਛੋਂ ਬਾਣੀ ਬਣਾਈ ਆਖਿਆ ਹੈ ਉਹ ਭੀ ਸੋਲਾਂ ਆਨੇ ਗਲਤ ਹੈ ਕਿਉਂਕਿ ਜਦੋਂ ਉਨ੍ਹਾਂ

Digitized by Panjab Digital Library | www.panjabdigilib.org

ਦਾ ਗੁਰੂ ਧਾਰਨਾ ਹੀ ਸਿਧ ਨਹੀਂ ਹੋਇਆ। ਤਾਂ ਉਨ੍ਹਾਂ ਦਾ ਬਾਣੀ ਦਾ ਛੋਟੀ ਉਮਰ ਵਿਚ ਬਣਾਉਣ ਦਾ ਭੀ ਖੰਡਨ ਨਹੀਂ ਹੋ ਸਕਦਾ। ਬਲਕਿ ਪਾਂਧੇ ਨੂੰ ਪੱਟੀ ਦਾ ਉਪਦੇਸ਼ ਕਰਨ ਵਾਲੀ ਜਗਾ ਹੁਣ ਤਕ ਗੁਰਦੁਆਰਾ 'ਪੱਟੀ ਸਾਹਿਬ' ਹੈ। ਜੋ ਦਸਦਾ ਹੈ ਕਿ ਇਥੇ ਹਜ਼ੂਰ ਨੇ ਪੰਜ, ਛੇ ਸਾਲ ਦੀ ਆਯੂ ਵਿਖੇ ਹੀ ਇਹ ਪੱਟੀ ਦਾ ਉਪਦੇਸ਼ ਆਪਣੇ ਸਿਖਯਕ ਪਾਂਧੇ ਨੂੰ ਦਿਤਾ। ਇਸ ਲਈ ਗੁਰੂ ਜੋਤਿ ਧੁਰ ਦੀ ਸਿਧ ਹੁੰਦੀ ਹੈ।

ਸ਼ੰਕਾ–ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ 'ਪਹਿਲਾਂ ਬਾਬੇ ਪਾਇਆ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ' ਅਤੇ ਇਸਤੋਂ ਪਿਛੋਂ ਤਪੱਸਿਆ ਕਰਨਾ ਦਸਕੇ 'ਬਾਬਾ ਪੈਧਾ ਸਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ' ਦੁਆਰਾ ਖੋਲ੍ਹਕੇ ਲਿਖਿਆ ਹੈ: ਕਿ ਗੁਰੂ ਸਾਹਿਬ ਘਾਲਣਾਂ ਘਾਲਣ ਤੋਂ ਪਿਛੋਂ ਸੱਚ ਖੰਡ ਗਏ ਅਤੇ ਨਾਮ ਅਰ ਗਰੀਬੀ ਦੀ ਦਾਤ ਅਕਾਲ ਪੁਰਖ ਤੋਂ ਲੈਕੇ ਆਏ। ਤਾਂ ਫੇਰ ਸਾਰੀ ਦੁਨੀਆਂ ਨੂੰ ਜਲਦੀ ਦੇਖ ਕੇ 'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ। ਚੜ੍ਹਿਆ ਸੋਧਣ ਧਰਤ ਲੁਕਾਈ' ਦੁਆਰਾ ਬਾਬੇ ਜੀ ਦਾ ਭੇਖ ਬਣਾਕੇ ਉਦਾਸੀ ਦੀ ਰੀਤ ਦਾ ਚਲੌਣਾ ਅਤੇ ਧਰਤੀ ਨੂੰ ਸੋਧਣ ਚੜ੍ਹਨਾ ਦਸਿਆ ਗਿਆ ਹੈ, ਇਸ ਲਈ ਗੁਰੂ ਸਾਹਿਬ ਦਾ ਤਪ ਕਰਨਾ ਤੇ ਸਚ ਖੰਡ ਤੋਂ ਤੁਰਨਾ ਸਾਫ ੨ ਉਨ੍ਹਾਂ ਦੀ ਧੁਰ ਦੀ ਜੋਤਿ ਹੋਣ ਦਾ ਖੰਡਨ ਕਰਦਾ ਹੈ।

ਉੱਤਰ–ਭਾਈ ਸਾਹਿਬ ਨੇ ਇਨ੍ਹਾਂ ਵਾਕਾਂ ਵਿਚ ਹੀ ਬੇਅੰਤ ਬਾਰ ਦਸਿਆ ਹੈ, ਕਿ ਗੁਰੂ ਸਾਹਿਬ ਅਲਖ, ਅਗੋਚਰ, ਅਭੇਉ–ਅਕਾਲ ਪੁਰਖ ਹੀ ਹਨ। ਅਤੇ 'ਇਕ ਬਾਬਾ ਅਕਾਲ

Digitized by Panjab Digital Library | www.panjabdigilib.org

ਰੂਪ ਦੂਜਾ ਰਬਾਬੀ ਮਰਦਾਨਾ' ਤਥਾ 'ਬਾਬਾ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰੂ ਦੀ ਝਾਲਾ' ਇਤਿਆਦਿ ਵਾਕਾਂ ਤੋਂ ਜਾਣਿਆਂ ਜਾਂਦਾ ਹੈ, ਕਿ ਇਕੋ ਅਗਮ ਅਲਖ ਅਕਾਲ ਪੁਰਖ ਨੇ ਗੁਰੂ ਰੂਪ ਧਾਰਕੇ ਆਪਣੇ ਆਪ ਨੂੰ ਲਖਾਇਆ ਹੈ। ਤਾਂਤੇ ਗੁਰੂ ਅਕਾਲ ਪੁਰਖ ਇਕ ਹੀ ਹੈ। ਫੇਰ ਭਾਈ ਸਾਹਿਬ ਦਾ ਪੂਰਬ ਉਕਤ ਪ੍ਰਕਾਰ ਦਾ ਲੇਖ ਇਨ੍ਹਾਂ ਵਾਕਾਂ ਨਾਲ ਵਿਰੋਧ ਹੀ ਪੈਦਾ ਕਰਦਾ ਹੈ। ਏਸ ਦਾ ਪ੍ਰਹਾਰ ਕਰਨਾ ਆਪ ਦੇ ਹੀ ਜੁੰਮੇ ਹੈ। ਸਾਡੇ ਖਿਆਲ ਵਿਚ ਤਾਂ ਇਹ ਭਾਈ ਸਾਹਿਬ ਦੀ ਰਚਨਾ ਹੀ ਨਹੀਂ। ਕਿਉਂਕਿ ਪਹਿਲਾਂ ਤਾਂ ਭਾਈ ਸਾਹਿਬ ਵਰਗੇ ਲਿਖਾਰੀ ਇਸਤਰਾਂ ਦਾ ਵਿਰੋਧੀ ਲੇਖ ਲਿਖ ਨਹੀਂ ਸਕਦੇ। ਦੂਜੇ ਜਦੋਂ 'ਪਹਿਲਾਂ ਬਾਬੇ ਪਾਇਆ ਬਖਸ ਦਰ' ਆਖਿਆ ਗਿਆ ਤਾਂ ਫੇਰ 'ਪਿਛੋਂ ਦੇ ਫਿਰ ਘਾਲ ਕਮਾਈ' ਕਹਿਣ ਦਾ ਕੁਝ ਪ੍ਰਯੋਜਨ ਨਹੀਂ ਸੀ। ਤੀਜੇ ਸਭ ਕਾਰਜ ਕਰਕੇ 'ਬਾਬਾ *ਪੈਧਾ ਸੱਚ ਖੰਡ' ਅਨੁਸਾਰ ਜਦੋਂ ਜੋਤੀ ਜੋਤਿ ਸਮਾਏ ਜਾਣ ਤੋਂ ਆਪ ਪਹਿਨਾਏ ਗਏ ਤਾਂ ਫੇਰ ਬਾਬਾ ਜੀ ਦਾ ਮੁੜ ਪ੍ਰਿਥਵੀ ਤੇ ਦੁਬਾਰਾ ਜਨਮ ਹੋਣ ਵਾਂਗ 'ਧਰਤੀ ਜਲਦੀ' ਨੂੰ ਦੇਖ ਕੇ ਸੋਧਣ ਚੜ੍ਹਨਾ ਆਖਣਾ 'ਸਮਾਪਤ ਪੁਨਰਾਪਤਿ' ਦੋਸ਼ ਹੈ। ਅਰਥਾਤ 'ਪੈਧਾ' ਸ਼ਬਦ ਦਸਦਾ ਹੈ ਕਿ ਗੁਰੂ ਸਾਹਿਬ ਨੂੰ ਦਰਗਾਹ ਵਿਚੋਂ (ਪੁਗ ਜਾਣ ਕਰਕੇ) ਸਿਰਪਾਊ ਮਿਲਿਆ। ਫੇਰ ਉਨ੍ਹਾਂ ਨੇ ਧਰਤੀ ਨੂੰ ਕਾਹਦੇ ਵਾਸਤੇ ਸੋਧਣ ਚੜ੍ਹਨਾ ਸੀ ? ਚੋਥੇ, ਗੁਰਬਾਣੀ ਵਿਚ

---

*ਪੈਧਾ ਦਾ ਅਰਥ ਕਈ ਗਲਤੀ ਨਾਲ 'ਪੌਂਹਚਾ' ਸਮਝਦੇ ਹਨ।

Digitized by Panjab Digital Library | www.panjabdigilib.org

ਤਪੱਸਿਆ ਆਦਿ ਕਰਮ ਕਾਂਡ ਦਾ ਸਖਤ ਤੋਂ ਸਖਤ ਖੰਡਨ ਕੀਤਾ ਗਿਆ ਹੈ। ਭਾਈ ਸਾਹਿਬ ਕਦੇ ਗੁਰਬਾਣੀ ਤੋਂ ਵਿਰੁਧ ਨਹੀਂ ਲਿਖਦੇ ਸਨ। ਫੇਰ ਉਦਾਸੀ ਦਾ ਭੇਖ ਧਾਰਨਾ ਅਤੇ ਨੀਲੇ ਬਸਤਰ'ਆਸਾ ਹਥ ਕਤੇਬਕਛ ਪੁਜਾਵਾਂਗ ਮਸਲਾ ਧਾਰੀ'ਬਣਕੇ ਪਖੰਡ ਕਰਨਾ 'ਭੇਖ ਵਰਨ ਦੀਸਹ ਸਭ ਖੇਹ' ਤੋਂ ਆਪ ਹੀ ਹਜ਼ੂਰ ਨੇ ਕਿਉਂ ਵਿਰੁਧ ਕੀਤਾ। ਅਤੇ ਉਦਾਸੀ ਬਾਣਾ ਕਰਨਾ ਗੁਰਮਤਿ ਤੋਂ ਅਤਯੰਤ ਵਿਰੁੱਧ ਹੈ। ਅਤੇ ਅਗੇ ਭੀ ਉਦਾਸੀ ਕੋਈ ਫਿਰਕਾ ਹੋਣ ਕਰਕੇ ਕੇਵਲ ਘਰ ਬਾਰ ਛਡਨ ਵਾਲੇ ਹਰੇਕ ਸੰਪ੍ਰਦਾਇ ਦੇ ਫਕੀਰਾਂ ਨੂੰ ਉਦਾਸੀ ਕਹਿਣ ਕਰਕੇ ਆਪ ਨੂੰ ਓਹੋ ਜਹੇ ਫਕੀਰ ਬਣਨ ਦੀ ਕੀ ਲੋੜ ਪਈ ਸੀ ? ਸੋ ਇਹ ਪ੍ਰਸੰਗ ਪਤਿਤ ਉਦਾਸੀਆਂ ਦੇ ਵੇਲੇ ਤੋਂ ਲਿਖੇ ਗਏ ਪ੍ਰਤੀਤ ਹੁੰਦੇ ਹਨ। ਜੋ ਕਿ 'ਪਹਿਲਾ ਪਾਇਆ ਬਖਸ਼ ਦਰ' ਆਦਿ ਵਾਕਾਂ ਵਿਚ ਲੁਕੋਕੇ ਚਾਲਾਕ ਭੇਖੀਆਂ ਵਲੋਂ ਓਹੋ ਜਹੀ ਬੋਲੀ ਅਤੇ ਓਹੋ ਜਹੀ ਚਾਲ ਵਿਚ ਫਕੀਰਾਂ ਵਾਲੇ ਔਲੇ ਮੌਲੇ ਜਹੇ ਲਿਬਾਸ ਲਿਖ ਮਾਰੇ ਹਨ। ਜੈਸਾ ਕਿ ਇਕ ਜਨਮ ਸਾਖੀ ਵਿਚ ਗੁਰੂ ਮਹਾਰਾਜ ਦਾ ਇਕ ਪੈਰ ਖੜਾਵਾਂ ਅਤੇ ਇਕ ਪੈਰ ਵਿਚ ਜੁਤੀ ਪੌਣਾ ਬਕ ਛਡਿਆ ਹੈ। ਤਾਂਕਿ ਗੁਰੂ ਸਾਹਿਬ ਨੂੰ ਉਦਾਸੀ ਸਿੱਧ ਕੀਤਾ ਜਾਵੇ। ਨਹੀਂ ਤਾਂ ਇਹ ਕਦ ਹੋ ਸਕਦਾ ਸੀ ਕਿ ਭਾਈ ਸਾਹਿਬ ਵਰਗੇ ਗੁਰਮੁਖਿ ਤੇ ਹਜ਼ੂਰੀ ਗੁਰਮਤਿ ਤੋਂ ਉਲਟ ਲਿਖਦੇ। ਅਤੇ ਫੇਰ 'ਜੇ ਗੁਰ ਸਾਂਗ ਪਲਟਿਆ ਸਿਖ ਸਿਦਕ ਨ ਹਾਰੇ' ਕਹਿਣ ਤੋਂ ਸਿਖਿਆ ਦੇਣ ਵਾਂਗ ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਨ ਸਮਝੌਂਦੇ ? ਇਸ ਲਈ ਮੇਰਾ ਵਿਸ਼ਵਾਸ਼ ਹੈ ਕਿ ਅਜੇਹੇ ਵਾਕ ਭਾਈ ਗੁਰਦਾਸ ਜੀ ਦੀ ਬਾਣੀ ਵਿਚ 'ਸਤਜੁਗ

Digitized by Panjab Digital Library | www.panjabdigilib.org

ਸਤਿਗੁਰ ਵਾਸਦੇਵ ਵਾਵਾ ਵਿਸ਼ਨਾ ਨਾਮ ਜਪਾਵੈ' ਵਾਂਗ ਹੋਰਨਾਂ ਨੇ ਹੀ ਲਿਖ ਦਿਤੇ ਹਨ। ਅਤੇ ਗੁਰੂ ਨਾਨਕ ਦੇਵ ਜੀ ਦਾ ਪੂਰਾ ਪੂਰਾ ਜੀਵਨ ਬ੍ਰਿਤਾਂਤ ਵਾਰਾਂ ਵਿਚੋਂ ਕਢ ਦਿਤਾ ਹੈ। ਜੇ ਅਜੇ ਭੀ ਹਠ ਕਰੋ ਤਾਂ ਅਸੀਂ ਸਾਫ ਕਹਾਂਗੇ ਕਿ ਜੋ ਗਲ ਗੁਰਮਤਿ ਦੇ ਸਿਧਾਂਤ ਤੋਂ ਉਲਟ ਕਿਸੇ ਸਿਖ ਨੇ ਲਿਖੀ ਭੀ ਹੈ ਓਹ ਪ੍ਰਮਾਣੀਕ ਨਹੀਂ। ਸੋ ਭਾਈ ਸਾਹਿਬ ਦੀ ਬਾਣੀ ਉਕਤ ਅੰਸ਼ ਵਿਚ ਗੁਰਬਾਣੀ ਤੋਂ ਵਿਰੁਧ ਹੋਣ ਕਰਕੇ ਮੰਨਣ ਯੋਗ ਨਹੀਂ। ਹਾਂ, ਗੁਰਬਾਣੀ ਦੀ ਵਿਆਖਿਆ ਕਰਨ ਵਾਲੀ ਹੋਣ ਕਰਕੇ ਪਰਤੇ ਪ੍ਰਮਾਣ ਰੂਪ ਤੇ ਪ੍ਰਮਾਣੀਕ ਹੈ। ਇਸ ਲਈ ਗੁਰੂ ਸਾਹਿਬ ਦਾ ਸਾਧਨਾ ਕਰਨਾ ਅਤੇ ਅਕਾਲ ਪੁਰਖ ਨੂੰ ਬੜੀ ਉਮਰ ਵਿਚ ਗੁਰੂ ਧਾਰਨਾ ਕਿਸੇਤਰਾਂ ਭੀ ਸਿੱਧ ਨਹੀਂ ਹੁਦਾ।

ਸ਼ੰਕਾ–ਗੁਰਬਾਣੀ ਵਿਚੋਂ 'ਹਰਿ ਕਰਤਾ ਆਪਿ ਮੁਹਹੁ ਕਢਾਏ' ਆਦਿ ਵਾਕਾਂ ਦੁਆਰਾ ਜਾਣਿਆਂ ਜਾਂਦਾ ਹੈ ਕਿ ਅਕਾਲ ਪੁਰਖ ਗੁਰਾਂ ਦੇ ਮੂੰਹੋਂ ਗਲ ਕਢਾਉਂਦਾ ਹੈ। ਇਸ ਲਈ ਗੁਰੂ ਅਤੇ ਅਕਾਲ ਪੁਰਖ ਦਾ ਭੇਦ ਹੈ।

ਉੱਤਰ–ਇਨ੍ਹਾਂ ਪ੍ਰਮਾਣਾਂ ਦੇ ਵਿਰੁਧ 'ਗੁਰ ਪਰਮੇਸਰ ਏਕੋ ਜਾਣ' ਅਤੇ 'ਗੁਰ ਨਾਨਕ ਗੋਵਿੰਦ ਰੂਪ' ਇਤਿਆਦੀ ਪ੍ਰਮਾਣਾਂ ਤੋਂ ਇਹ ਭੀ ਜਾਣਿਆਂ ਜਾਂਦਾ ਹੈ ਕਿ ਗੁਰੂ ਅਤੇ ਅਕਾਲ ਪੁਰਖ ਦਾ ਅਭੇਦ ਹੈ। ਸੋ ਇਹ ਵਿਰੋਧ ਆਪ ਦੇ ਹੀ ਸਿਰ ਹੈ। ਪਰ ਅਸੀਂ ਤਾਂ ਆਖਦੇ ਹਾਂ ਕਿ ਓਹੀ ਪਰਮ ਪੁਰਖ ਮਨੁਖ ਰੂਪ ਵਿਚ ਹੋਣ ਕਰਕੇ ਆਪਣੇ ਆਪ ਨੂੰ 'ਜਨ' ਆਖਦਾ ਹੈ।

ਸ਼ੰਕਾ–ਜਿਸਤਰਾਂ ਦੋ ਸੱਜਨ ਅਤਿ ਪਿਆਰੇ ਹੋਣ ਕਰਕੇ

Digitized by Panjab Digital Library | www.panjabdigilib.org

ਉਨ੍ਹਾਂ ਵਿਚ 'ਆਸ਼ੇ ਦੀ ਏਕਤਾ' ਤੋਂ ਇਕ ਹੋਣ ਦਾ ਵਿਉਹਾਰ ਹੁੰਦਾ ਹੈ। ਤ੍ਰਿਸੇ ਤਰਾਂ ਗੁਰੂ ਅਤੇ ਗੋਵਿੰਦ ਵਿਚ ਪਿਆਰ ਹੋਣ ਕਰਕੇ ਦੋਹਾਂ ਦੀ ਗੌਣ ਅਭੇਦਤਾ ਹੈ ਮੁਖ ਨਹੀਂ ਅਤੇ ਦੂਜੇ ਪ੍ਰਮਾਣ ਦਾ ਭਾਵ ਇਹ ਹੈ ਕਿ ਜਿਸਤਰਾਂ 'ਇਹ ਲੜਕਾ ਸ਼ੇਰ ਹੈ' ਇਸ ਤੋਂ ਲੜਕੇ ਵਿਚ ਸ਼ੇਰ ਦੇ ਗੁਣਾਂ ਦਾ ਆਰੋਪ ਹੁੰਦਾ ਹੈ। ਉਸੇ ਤਰਾਂ ਅਕਾਲ ਪੁਰਖ ਦੇ ਗੁਣਾਂ ਦਾ ਗੁਰੂ ਹਸਤੀ ਵਿਚ ਆਰੋਪ ਕੀਤਾ ਜਾਂਦਾ ਹੈ।

ਉੱਤਰ–ਗੁਰੂ ਹਸਤੀ ਅਤੇ ਅਕਾਲ ਪੁਰਖ ਦਾ ਨਿਜ ਰੂਪ 'ਜੋਤਿ' ਹੀ ਹੋਣ ਕਰਕੇ ਉਪਰਲੇ ਦ੍ਰਿਸ਼ਟਾਂਤ ਵਾਂਗ ਅਕਾਲ ਪੁਰਖ ਦੇ ਗੁਣਾਂ ਦਾ 'ਗੁਰੂ' ਵਿਚ ਅਰੋਪ ਨਹੀਂ ਕਰ ਸਕਦੇ। ਸੋ ਜੋਤਿ ਰੂਪ ਹੋਣ ਕਰਕੇ ਗੁਰੂ ਅਤੇ ਅਕਾਲ ਪੁਰਖ ਦਾ ਮੁਖ ਅਭੇਦ ਹੀ ਆਖਿਆ ਜਾਵੇਗਾ। ਇਸੇ ਲਈ ਗੁਰੂ ਬਾਣੀ ਤੋਂ 'ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਇਓ' ਤਥਾ 'ਗੁਰ ਗੋਵਿੰਦ ਗੁਵਿੰਦ ਗੁਰੂ ਹੈ ਨਾਨਕ ਭੇਦ ਨ ਭਾਈ' ਅਤੇ 'ਗੁਰ ਨਾਰਾਇਣ ਦਯ ਗੁਰ, ਗੁਰ ਸਚਾ ਸਿਰਜਨ ਹਾਰ' ਆਦੀ ਪ੍ਰਮਾਣਾਂ ਤੋਂ ਸਾਫ ੨ ਗੁਰੂ ਅਤੇ ਪਰਮੇਸਰ ਦੀ ਏਕਤਾ ਸਿੱਧ ਹੁੰਦੀ ਹੈ। ਅਤੇ 'ਗੁਰ ਦਾਤਾ ਸਮਰਥ ਗੁਰ' ਇਸ ਪ੍ਰਮਾਣ ਵਿਚ 'ਗੁਰੂ' ਉਦੇਸ਼ ਅਤੇ ਅਗੇ ਵਿਧੇਯ (Predicate) ਹੋਣ ਕਰਕੇ ਗੁਰੂ ਦਾ ਦੂਜਿਆਂ ਨਾਲ ਆਰੋਪਜ ਆਰੋਪਮਾਨ ਭਾਵ ਨਹੀਂ ਬਣ ਸਕਦਾ। ਕਿਉਂਕਿ ਉਕਤ ਪ੍ਰਕਾਰ ਦਾ ਭਾਵ 'ਰੂਪਕ ਅਲੰਕਾਰ' ਦਾ ਬੀਜ ਹੁੰਦਾ ਹੈ। ਮਗਰ ਏਸ ਜਗਾ ਰੂਪਕ ਲੰਕਾਰ ਹੈ ਹੀ ਨਹੀਂ। ਅਰਥਾਤ ਜੇ ਉਕਤ ਸਬੰਧ ਕਰਕੇ ਰੂਪਕ ਲੰਕਾਰ ਹੁੰਦਾ ਤਾਂ 'ਦਾਤਾ' ਅਤੇ ਨਰਾਇਣ ਆਦਿ

Digitized by Panjab Digital Library | www.panjabdigilib.org

'ਆਰੋਪ ਵਿਸ਼ੇ' ਪਦਾਰਥਾਂ ਦੇ ਕੋਈ 'ਅਰੋਪਮਾਨ' ਭੀ ਜ਼ਰੂਰ ਹੁੰਦੇ। ਮਗਰ ਏਥੇ ਤਾਂ 'ਦਾਤਾ' ਅਤੇ 'ਨਾਰਾਇਣ' ਆਦਿ ਪਦਾਰਥ 'ਗੁਰੂ' ਦੇ ਸਮਾਨਾਧਿਕਰਣ ਬਣਕੇ ਆਏ ਹਨ। ਇਸ ਲਈ ਗੁਰੂ ਨੂੰ ਦਾਤਾ ਅਤੇ ਸਾਖਿਆਤ ਨਾਰਾਇਣ ਤਥਾ ਸਿਰਜਣਹਾਰ ਕਹਿਕੇ ਅਕਾਲ ਪੁਰਖ ਨਾਲ ਅਭੇਦਤਾ ਸਿੱਧ ਕੀਤੀ ਗਈ ਹੈ।

ਸ਼ੰਕਾ–ਗੁਰਮਤਿ ਵਿਚ ਮਨੁਖ ਅਤੇ ਵਾਹਿਗੁਰੂ ਦੇ ਵਿਚਾਲੇ ਹੋਰ ਕੋਈ ਹੈ ਹੀ ਨਹੀਂ, ਅਰਥਾਤ ਯਾ ਵਾਹਿਗੁਰੂ ਹੈ ਯਾ ਮਨੁਖ ਹੈ। ਤੀਜੀ ਤਰਾਂ ਦੀ ਕੋਈ ਹਸਤੀ ਹੀ ਨਹੀਂ ਹੋ ਸਕਦੀ। ਅਤੇ ਗੁਰੂ ਹਸਤੀ ਦੀ ਭੀ ਗਿਣਤੀ ਮਨੁਖ ਜਾਤੀ ਵਿਚ ਹੀ ਹੈ। ਜੋ ਲੋਕ ਗੁਰੂ ਜੋਤਿ ਨੂੰ ਖਾਸ ਕੋਟੀ ਵਿਚ ਮੰਨਦੇ ਹਨ ਉਹ ਵਾਹਿਗੁਰੂ ਅਤੇ ਅਪਣੇ ਵਿਚਾਲੇ ਕੰਧ ਖੜੀ ਕਰਦੇ ਹਨ।

ਉੱਤਰ–ਆਪ ਆਖਦੇ ਹੋ ਕਿ ਮਨੁਖ ਅਤੇ ਵਾਹਿਗੁਰੂ ਦੋ ਹੀ ਹਸਤੀਆਂ ਹਨ। ਅਸੀਂ ਤਾਂ ਆਖਦੇ ਹਾਂ ਕਿ ਪਰਮਾਰਥ ਕਰਕੇ ਇਕੋ ਵਾਹਿਗੁਰੂ ਦੀ ਹਸਤੀ ਹੈ। ਮਗਰ ਕਾਰਯ ਦ੍ਰਿਸ਼ਟੀ ਕਰਕੇ ਇਕੋ ਅਕਾਲ ਪੁਰਖ 'ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧ ਬਿਨੁ ਅਵਰ ਨ ਜਾਣਾ' ਅਨੁਸਾਰ ਅਨੰਤ ਪ੍ਰਕਾਰ ਦੀਆਂ ਹਸਤੀਆਂ ਵਿਚ ਪ੍ਰਗਟ ਹੋਇਆ ਹੈ। ਸੋ ਜਦੋਂ ਮਨੁਖ ਆਦਿ 'ਬੱਧ' ਜੀਵ ਹੋਏ ਤਾਂ ਉਨ੍ਹਾਂ ਦੇ ਉਧਾਰ ਲਈ ਨਿੱਤ ਮੁਕਤ ਸ੍ਰੂਪ ਅਕਾਲ ਪੁਰਖ ਭੀ ਆਪ ਦਾ ਗੁਰੂ ਰੂਪ ਧਾਰਨ ਕਰਦਾ ਹੈ। ਜੋ ਕਿ 'ਮਾਨੁਖ ਕਾ ਕਰ ਰੂਪ ਨ ਜਾਨ। ਮਿਲੀ ਨਿਮਾਨੇ ਮਾਨ।' ਆਦਿ ਕਰਕੇ ਜੋਤਿ ਰੂਪ ਤੇ ਅਕਾਲ ਪੁਰਖ

Digitized by Panjab Digital Library | www.panjabdigilib.org

ਹੈ। ਅਤੇ ਸੰਸਾਰੀ ਰੂਪ ਤੇ ਮਨੁਖ ਹੈ ਜੋ ਕਿ ਅਸਲੀ ਅਰਥਾਂ ਵਿਚ ਵਿਚੋਲਾ ਹੋ ਸਕਦਾ ਹੈ। ਜਿਸ ਨੂੰ 'ਘੋਲਿ ਘੁਮਾਈ ਤਿਸ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ' ਅਨੁਸਾਰ ਵਿਚੋਲਾ (ਗੁਰੂ) ਰੂਪ ਤੀਜੀ ਤਰਾਂ ਦਾ ਸਿੱਧ ਕੀਤਾ ਹੇ। ਅਰਥਾਤ ਨਿਤ ਮੁਕਤ ਅਕਾਲ ਪੁਰਖ ਆਪ ਦੇ ਵਿਆਪਕ ਰੂਪ ਨਾਲ ਕਿਸੇ ਨੂੰ ਉਪਦੇਸ਼ ਨਹੀਂ ਕਰ ਸਕਦਾ। 'ਅਤੇ ਮਨੁਖ ਜਾਤੀ ਸੁਭਾਵ ਤੋਂ ਹੀ ਗਿਆਨ ਹੀਣ ਹੋਣ ਕਰਕੇ ਕੋਈ ਭੀ ਮਨੁਖ ਗੁਰੂ ਨਹੀਂ ਬਣ ਸਕਦਾ। ਇਸ ਲਈ ਜੋਤਿ ਕਰਕੇ ਪਰਮ ਪੁਰਖ ਅਤੇ ਸ਼ਕਲ ਕਰਕੇ ਮਨੁਖ 'ਗੁਰੂ' ਨਾਮ ਵਾਲੀ ਹਸਤੀ ਤੀਜੀ ਕੋਟੀ ਵਿਚ ਹੀ ਮੰਨੀ ਜਾਵੇਗੀ। ਅਤੇ ਉਸਦਾ ਅਕਾਲ ਪੁਰਖ ਅਤੇ ਮਨੁਖ ਦੇ ਵਿਚਕਾਰ ਖੜੇ ਹੋਣਾ ਕੰਧ ਦਾ ਰੂਪ ਨਹੀਂ ਬਣ ਸਕਦਾ। ਬਲਕਿ 'ਪਿਤਾ ਹਮਾਰੇ ਪ੍ਰਗਟੇ ਮਾਝ। ਪਿਤਾ ਪੂਤ ਰਲਿ ਕੀਨੀ ਸਾਝ। ਕਹੁ ਨਾਨਕ ਜਉ ਪਿਤਾ ਪਤੀਨੇ। ਪਿਤਾ ਪੂਤ ਏਕੈ ਰੰਗਿ ਲੀਨੇ।' ਆਦਿ ਵਾਕਾਂ ਅਨੁਸਾਰ ਅਕਾਲ ਪੁਰਖ ਨਾਲ ਮੇਲਣ ਦਾ ਕਾਰਨ ਹੋਣ ਕਰਕੇ ਹਉਮੈਂ ਦੀ ਕੰਧ ਵਿਚਾਲਿਉਂ ਢਾਹੁਣ ਵਾਲਾ ਸਿੱਧ ਹੁੰਦਾ ਹੈ। ਬਲਕਿ 'ਗੁਰ ਵਿਚ ਦੇ ਤੁਝੈ ਧਿਆਈ' ਅਨੁਸਾਰ ਵਿਚੋਲਾ ਬਣਾਉਣ ਲਈ ਜੋਤਿ ਪ੍ਰਕਾਸ਼ ਰੂਪ ਗੁਰੂ ਹਸਤੀ ਦੀ ਖੋਜ ਕਰਨੀ ਪੈਂਦੀ ਹੈ। ਜੋ ਕਿ ਸੰਸਾਰੀ ਦਸ਼ਾ ਵਿਚ ਅਕਾਲ ਪੁਰਖ ਅਤੇ ਮਨੁਖ ਜੋਤਿ ਤੋਂ ਭਿੰਨ ਤੀਜੀ ਕੋਟੀ ਵਿਚ ਹੈ। ਅਤੇ ਪਰਮਾਰਥ ਕਰਕੇ ਅਕਾਲ ਪੁਰਖ ਹੀ ਹੈ। ਜੇ ਏਸ ਤੋਂ ਉਲਟ ਗੁਰੂ ਹਸਤੀ ਨੂੰ ਮਨੁਖ ਕੋਟੀ ਵਿਚ ਮੰਨਕੇ ਅਕਾਲ ਪੁਰਖ ਦੀ ਵਿਚੋਲੀ ਮੰਨੀਏਂ ਤਾਂ ਸਗੋਂ ਆਪਣੇ ਅਤੇ ਵਾਹਿਗੁਰੂ ਦੇ ਵਿਚਾਲੇ ਕੰਧ ਖੜੀ ਕਰ

Digitized by Panjab Digital Library | www.panjabdigilib.org

ਲਈਦੀ ਹੈ। ਕਿਉਂਕਿ ਪਰਮਾਰਥ ਕਰਕੇ ਤਾਂ ਮਨੁਖ ਨੂੰ ਤੁਸੀਂ ਗੁਰੂ ਮੰਨਦੇ ਨਹੀਂ। ਅਤੇ ਉਸਦਾ ਅਕਾਲ ਪੁਰਖ ਹੋਣਾ ਅਸੰਭਵ ਦਸਦੇ ਹੋ । ਤਾਂ ਇਸਦਾ ਭਾਵ ਸਾਫ ੨ ਇਹੋ ਜਾਣਿਆਂ ਜਾਂਦਾ ਹੈ ਕਿ ਉਹ ਦੋਹਾਂ ਤੋਂ ਕੋਈ ਅੱਡ ਹਸਤੀ ਹੈ। ਤੇ ਕੰਧ ਰੂਪ ਤੇ ਆਪਣੇ ਆਪ ਨੂੰ ਜ਼ਾਹਰ ਕਰ ਰਹੀ ਹੈ। ਮਗਰ ਅਸਾਡੇ ਪਖ ਤੇ ਇਹ ਦੋਸ਼ ਨਹੀਂ ਆ ਸਕਦਾ।

ਸ਼ੰਕਾ–ਸਾਡਾ ਭਾਵ ਇਹ ਹੈ ਕਿ ਸਭ ਮਨੁਖਾਂ ਦੀਆਂ ਜੋਤਾਂ ਇਕੋ ਜੇਹੀਆਂ ਹਨ ਮਗਰ ਜਿਸ ਵਿਚ 'ਸਬਦ ਸਰੂਪ ਗੁਰੂ ਜੋਤਿ, ਹੈ। ਉਹ ਮਨੁਖੀ ਦੇਹ ਅੰਦਰ 'ਗੁਰੂ' ਹੈ। ਭਾਵ ਸਬਦ ਜੋਤਿ ਨੂੰ ਹੀ 'ਗੁਰੂ' ਮੰਨਿਆਂ ਜਾਂਦਾ ਹੈ। ਅਤੇ ਉਸਦੇ ਰਾਹੀਂ ਅਕਾਲ ਪੁਰਖ ਨੂੰ ਮਿਲੀਦਾ ਹੈ।

ਉੱਤਰ–ਸ਼ਬਦ ਨੂੰ ਗੁਰੂ ਮੰਨਣਾ ਅਤੇ ਉਸਦਾ ਕਿਸੇ ਖਾਸ ਮਨੁਖੀ ਜੋਤਿ ਵਿਚ ਪ੍ਰਗਟ ਹੋਣਾ ਤਾਂ ਅਸੀਂ ਭੀ ਮੰਨਦੇ ਹਾਂ। ਮਗਰ ਝਗੜਾ ਇਸ ਗਲ ਦਾ ਹੈ ਕਿ ਜੋ ਦੋ ਮਨੁਖ ਦੇਹਾਂ ਅਤੇ ਜੋਤਾਂ ਇਕੋ ਜੇਹੀਆਂ ਦਿਸਦੀਆਂ ਹਨ ਤਾਂ 'ਗੁਰੂ' ਪਦਵੀ ਦੀ ਅਧਿਕਾਰੀ ਦੇਹ ਅਥਵਾ ਜੋਤਿ ਦੀ ਕੀ ਪਛਾਣ ਹੈ? ਅਰਥਾਤ ਕਮਾਈ ਕਰਕੇ ਮੁਕਤ ਹੋਈ ਜੋਤਿ ਕੇਵਲ ਮੁਕਤਿ ਤਾਂ ਹੋ ਸਕਦੀ ਹੈ ਮਗਰ ਮੁਕਤੀ ਦਾਤੀ ਨਹੀਂ ਹੋ ਸਕਦੀ। ਅਤੇ ਮੁਕਤੀ ਦਾਤੀ ਅਥਵਾ ਗੁਰੂ ਜੋਤਿ ਉਹ ਹੋ ਸਕਦੀ ਹੈ ਜੋ 'ਜਨਮ ਮਰਣ ਦੁਹ ਹੂੰ ਮੈ ਨਾਹੀ ਜਨ ਪਰ ਉਪਕਾਰੀ ਆਏ। ਜੀਅ ਦਾਨ ਦੇਇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।' ਅਨੁਸਾਰ ਜਨਮ ਮਰਨ ਤੋਂ ਰਹਿਤ ਅਤੇ ਕੇਵਲ ਜੀਅ ਦਾਨ ਦੇਣ ਲਈ ਹੀ ਪ੍ਰਗਟ ਹੋਵੇ। ਅਤੇ ਆਪ ਆਖਦੇ

Digitized by Panjab Digital Library | www.panjabdigilib.org

ਹੋ ਜੇਹੜੇ ਮਨੁਖ ਸਾਧਨਾ ਕਰਕੇ ਮੁਕਤ ਹੋ ਗਏ ਹਨ ਉਹ ਗੁਰੂ ਹੋ ਸਕਦੇ ਹਨ। ਆਪ ਦਾ ਇਹ ਪੱਖ ਕੋਈ ਯੁਕਤੀ ਨਹੀਂ ਸਹਾਰ ਸਕਦਾ। ਅਰਥਾਤ ਆਪ ਦੇ ਮੰਨੇ ਹੋਏ ਮੁਕਤ ਪੁਰਖ ਅਸੰਖਾਂ ਹੀ ਹੋਣ ਕਰਕੇ ਗੁਰੂ ਭੀ ਅਸੰਖ ਮੰਨਣੇ ਪੈਣਗੇ। ਅਤੇ ਮੁਕਤ ਹੋਇਆਂ ਦਾ ਫੇਰ ਪ੍ਰਗਟ ਹੋਣਾ ਨਿਸ ਪ੍ਰਯੋਜਨ ਭੀ ਹੈ। ਕਿਉਂਕਿ ਇਸ ਤਰਾਂ ਮੰਨਣ ਨਾਲ ਮੁਕਤ ਪੁਰਖਾਂ ਵਿਚ ਰਾਗ ਆਦੀ ਬੰਧ ਦਾ ਪੁਨਰਾਵੇਸ਼ ਹੋ ਜਾਏਗਾ। ਤੀਜੇ ਜੋ ਵਸਤੂ ਅਭਿਆਸ ਤੋਂ ਪ੍ਰਾਪਤ ਹੋਈ ਹੈ ਉਹ ਅਨਾਭਿਆਸ ਹੋਣ ਕਰਕੇ ਫੇਰ ਲੋਪ ਭੀ ਹੋ ਸਕਦੀ ਹੈ। ਸੋ ਪ੍ਰਾਪਤ ਕੀਤੀ ਹੋਈ ਮੁਕਤੀ 'ਅਵਧੀ' ਤੋਂ ਪਿਛੋਂ ਲੋਪ ਹੋ ਸਕਦੀ ਹੈ। ਇਸ ਲਈ ਕੇਵਲ ਮੁਕਤ ਆਤਮਾਂ ਮੁਕਤੀ ਦੇਣ ਵਿਚ ਸਮਰਥ ਨਹੀਂ ਹੁੰਦੇ। ਚੌਥੇ ਗੁਰੂ ਘਰ ਵਿਚ ਅਸੰਖ ਹੀ ਸਿਖ ਮੁਕਤ ਹੋਏ ਹਨ। ਇਨ੍ਹਾਂ ਵਿਚੋਂ ਕੋਈ ਭੀ ਆਪਣੀ ਕਮਾਈ ਦੇ ਤਾਣ ਗੁਰੂ ਨਹੀਂ ਹੋਇਆ। ਪੰਜਵੇਂ ਗੁਰ ਅੰਗਦ ਜੀ ਮਹਾਰਾਜ ਗੁਰੂ ਬਣਨ ਤੋਂ ਪਹਿਲਾਂ ਪੂਰਨ ਸਿਖ ਅਤੇ ਮੁਕਤ ਸਨ। ਮਗਰ ਫੇਰ ਭੀ ਗੁਰੂ ਜੋਤ ਦਾ ਬਿਗਾਸ ਗੁਰੂ ਨਾਨਕ ਦੇਵ ਦੀ ਖਾਸ ਕ੍ਰਿਪਾ ਤੇ ਹੋਇਆ। ਇਸ ਤੋਂ ਸਿੱਧ ਹੁੰਦਾ ਹੈ ਕਿ 'ਮੁਕਤ ਜੋਤਿ' ਤੇ 'ਗੁਰੂ ਜੋਤਿ' ਦੋ ਹਨ। ਤਾਂ ਤੇ ਕੋਈ ਜੋਤਿ ਇਸ ਲਈ ਗੁਰੂ ਨਹੀਂ ਬਣਦੀ ਕਿ ਉਹ ਮੁਕਤ ਹੋਈ ਹੈ। ਬਲਕਿ ਇਸ ਲਈ ਕਿ ਉਹ ਨਿੱਤਸੁਧ ਮੁਕਤਧੁਰ ਦੀ ਜੋਤਿ ਹੈ।

ਸ਼ੰਕਾ—ਅਸੀਂ ਕਹਿੰਦੇ ਹਾਂ ਕਿ ਭਾਵੇਂ ਸਬਦ ਜੋਤਿ ਹੀ ਗੁਰੂ ਹੈ। ਮਗਰ ਉਹ ਮਨੁਖ ਦੇਹ ਵਿਚ ਹੀ ਪ੍ਰਗਟ ਹੋਣ ਕਰਕੇ ਗੁਰੂ ਨੂੰ ਮਨੁਖ ਕੋਟੀ ਵਿਚ ਹੀ ਗਿਣ ਸਕਦੇ ਹਾਂ। ਦੂਰ

Digitized by Panjab Digital Library | www.panjabdigilib.org

ਕਿਉਂ ਜਾਂਦੇ ਹੋ, ਗੁਰੂ ਅੰਗਦ ਦੇਵ ਜੀ ਆਦਿ ਨੌਂ ਗੁਰੂਆਂ ਦੀ ਜੋਤਿ ਧੁਰ ਦੀ ਨਾ ਹੋਣ ਕਰਕੇ ਉਹ ਮਨੁਖ ਕੋਟੀ ਵਿਚੋਂ ਕਿਸਤਰਾਂ ਨਿਕਲ ਸਕਦੇ ਹਨ ? ਅਥਵਾ ਜੇ ਮਨੁਖੀ ਜੋਤਿ ਗੁਰੂ ਨਹੀਂ ਬਣ ਸਕਦੀ ਤਾਂ ਨਾਨਕ ਦੇਵ ਤੋਂ ਬਿਨਾਂ ਨੌਂ ਗੁਰੂ ਕਿਸਤਰਾਂ ਗੁਰੂ ਕਹਾ ਸਕਦੇ ਹਨ ?

ਉਤਰ—ਗੁਰੂ ਅੰਗਦ ਦੇਵ ਜੀ ਆਦਿ ਨੌਂ ਗੁਰੂਆਂ ਦੀ ਜੋਤਿ ਭਾਵੇਂ ਮਨੁਖੀ ਹੀ ਸੀ ਮਗਰ ਜਦੋਂ ਤਕ ਉਨ੍ਹਾਂ ਵਿਚ ਗੁਰੂ ਨਾਨਕ ਦੇਵ ਦੁਆਰਾ 'ਧੁਰ ਦੀ ਆਈ ਖਾਸ-ਗੁਰ ਜੋਤ' ਨਾ ਰਖੀ ਗਈ ਓਦੋਂ ਤਕ ਓਹ ਗੁਰੂ ਨਹੀਂ ਕਹਾਏ । ਭਾਵ ਇਹ ਹੈ ਕਿ ਜੇ ਮਨੁਖ ਜੋਤਿ ਹੀ ਉਨਤੀ ਕਰਕੇ ਗੁਰੂ ਬਣ ਜਾਂਦੀ, ਤਾਂ 'ਰਾਮ ਦਾਸ ਗੁਰੂ ਜਗਤਾਰਨ ਕਉ ਗੁਰ ਜੋਤਿ ਸੁ ਅਰਜਨ ਮਾਹਿ ਧਰੀ' ਅਨੁਸਾਰ ਉਨ੍ਹਾਂ ਵਿਚ ਗੁਰੂ ਜੋਤਿ ਦਾ ਰਖਣਾ ਬਿਅਰਥ ਹੀ ਸੀ । ਇਸ ਲਈ ਭਾਵੇਂ ਸਭ ਗੁਰੂਆਂ ਦੀ ਜੋਤਿ ਅਤੇ ਦੇਹ ਮਨੁਖੀ ਹੀ ਸੀ ਅਤੇ ਆਤਮਾ ਮੁਕਤ ਭੀ ਸੀ ਮਗਰ ਉਹ ਗੁਰੂ ਇਸ ਲਈ ਨਹੀਂ ਕਹਾਏ ਕਿ ਉਨ੍ਹਾਂ ਦੀ ਜੋਤਿ ਅਤੇ ਦੇਹ ਮਾਨਵੀ ਸੀ । ਅਥਵਾ ਉਨ੍ਹਾਂ ਦੀ ਆਤਮਾਂ ਮੁਕਤ ਸੀ ਕਿਉਂਕਿ ਇਸ ਵਿਚ ਦੋ ਦੋਸ਼ ਆਉਂਦੇ ਹਨ । ਪਹਿਲਾ ਇਹ ਕਿ ਇਸ ਤਰਾਂ ਮੰਨਣ ਨਾਲ 'ਗੁਰ ਲਛਣ' ਦੀ ਅਸੰਖਾਂ ਸਿਖਾਂ ਦੀਆਂ ਮੁਕਤ ਆਤਮਾਵਾਂ ਵਿਚ ਅਤਿ ਵਿਆਪਤੀ ਹੋਵੇਗੀ। ਦੂਜਾ ਇਹ ਕਿ ਜਦੋਂ ਮੁਕਤ ਆਤਮਾਂ ਗੁਰ ਹੋ ਸਕਦੀ ਸੀ ਤਾਂ ਉਸ ਵਿਚ ਗੁਰੂ ਜੋਤਿ ਰਖਣੀ ਬਿਅਰਥ ਹੀ ਸੀ । ਇਸਲਈ ਗੁਰ ਜੋਤਿ ਮਾਨਵੀ ਜੋਤਿ ਤੋਂ ਸਪਸ਼ਟ ਵਖਰੀ ਸਿੱਧ ਹੁੰਦੀ ਹੈ।

Digitized by Panjab Digital Library | www.panjabdigilib.org

ਸ਼ੰਕਾ–ਜਿਸ ਸਿਖ ਵਿਚ ਗੁਰੂ ਨਾਨਕਦੇਵ ਜੀਨੇ ਯੋਗਤਾ ਦੇਖੀ ਉਸ ਨੂੰ 'ਸੁਧੋ ਸੁ ਤਾ ਲਹਿਣਾ ਟਿਕਿਓਨ'॥ ਅਨੁਸਾਰ ਗੁਰਿਆਈ ਦੇ ਦਿਤੀ। ਇਸ ਲਈ ਗੁਰੂ ਜੋਤਿਕੋਈ ਖਾਸ ਨਹੀਂ।

ਉਤਰ–ਜਦੋਂ ਗੁਰੂ ਅੰਗਦ ਦੇਵ ਜੀ ਆਦਿਕ ਮਹਾਂ ਪੁਰਖ ਸੁਧਾਈ ਵਿਚ ਯੋਗ ਨਿਕਲੇ ਤਾਂ ਆਪ ਦੇ ਕਥਨ ਅਨੁਸਾਰ ਉਨ੍ਹਾਂ ਨੂੰ ਸਿਰਫ ਗੁਰੂ ਟਿਕ ਦਿਤਾ ਅਤੇ ਕੋਈ ਖਾਸ ਗੁਰੂ ਜੋਤਿ ਉਹਨਾਂ ਵਿਚ ਨਹੀਂ ਰਖੀ ਗਈ। ਪਰੰਤੂ ਇਹ ਕਥਨ ਯੁਕਤੀ ਅਤੇ ਪ੍ਰਮਾਣ ਤੋਂ ਵਿਰੁਧ ਹੈ ਕਿਉਂਕਿ ਇਸ ਤਰਾਂ ਤਾਂ 'ਰਾਮਦਾਸ ਗੁਰੂ ਜਗ ਤਾਰਨ ਕੋ ਗੁਰ ਜੋਤਿ ਸੁ ਅਰਜਨ ਮਾਹਿ ਧਰੀ'॥ ਤੋਂ ਵਿਰੁਧ ਨੌਂ ਗੁਰੂ ਸਾਧਾਰਨ ਮਹੰਤਾਂ ਵਾਂਗੇ ਰਿਵਾਜੀ ਗੁਰੂ ਮੰਨਣੇ ਪੈਣਗੇ। ਦੂਜੇ ਗੁਰੂ ਅੰਗਦ ਦੇਵ ਜੀ ਨਾਲੋਂ ਬਾਬਾ ਬੁੱਢਾ ਜੀ ਆਦੀ ਸਿਖਾਂ ਵਿਚ ਕੇਹੜੀ ਅਯੋਗਤਾ ਮੰਨੋਗੇ? ਤੀਜੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਕੇਵਲ ਪੰਜ ਸਾਲ ਦੀ ਆਯੂ ਵਿਚ ਅਨੇਕਾਂ ਯੋਗ ਸਿਖਾਂ ਅਤੇ ਸਾਹਿਬ ਜ਼ਾਦਿਆਂ ਦੇ ਹੁਦਿਆਂ ਕਿਵੇਂ ਯੋਗ ਸਮਝੇ ਗਏ? ਚੌਥੇ:–ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਪਰਖ ਕਿਵੇਂ ਕੀਤੀ? ਜੇ ਕਹੋ ਕਿ ਗੁਰੂ ਰਾਮਦਾਸ ਸਾਹਿਬ ਜੀ ਤੋਂ ਪਿਛੋਂ ਗੁਰਿਆਈ ਦੀ ਯੋਗ ਪ੍ਰੀਖਿਆ ਨਹੀਂ ਰਹੀ ਸੀ ਤਾਂ ਬਾਬਾ ਧੀਰ ਮਲ ਤੇ ਬਾਬਾ ਰਾਮ ਰਾਇ ਨੂੰ ਕਿਉਂ ਅਯੋਗ ਠਹਿਰਾਇਆ ਗਿਆ? ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਬਿਨਾਂ ਪ੍ਰੀਖਿਆ ਕਿਉਂ ਗੁਰਿਆਈ ਦਿਤੀ ਗਈ? ਜੇ ਕਹੋ ਕਿ ਉਸ ਵੇਲੇ ਘਰ ਦੀ ਘਰ ਵਿਚ ਰਖਣ ਵਾਲਾ ਕੋਈ ਯੋਗ ਸਾਹਿਬ-

Digitized by Panjab Digital Library | www.panjabdigilib.org

ਜ਼ਾਦਾ ਨਹੀਂ ਸੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਯੋਗ ਨਹੀਂ ਸਨ? ਤਾਂ ਬਿਲਕੁਲ ਗਲਤ ਹੈ ਜੇ ਕਹੋ ਕਿ ਗੁਰੂ ਤੇਗ ਬਹਾਦਰ ਸਾਹਿਬ ਯੋਗ ਤਾਂ ਸਨ ਮਗਰ ਗੁਰੂ ਸਾਹਿਬ ਨੇ ਇਹ ਦਸਣਾਂ ਸੀ ਕਿ ਪ੍ਰਮਾਰਥ ਵਿਚ ਬਾਬਾ ਆਪਣੇ ਪੋਤੇ ਦਾ ਭੀ ਸਿਖ ਹੋ ਸਕਦਾ ਹੈ। ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਵਾਰੀ ਉਨ੍ਹਾਂ ਦੇ ਪੋਤਰੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਤੋਂ ਪਿਛੋਂ ਹੀ ਨੀਯਤ ਕੀਤੀ ਗਈ ਸੀ। ਤਾਂ ਇਸ ਦੇ ਸਾਫ ਇਹੋ ਅਰਥ ਹਨ ਕਿ ਜਿਸ ਵਿਚ ਗੁਰੂ ਸਾਹਿਬ ਨੇ ਯੋਗਤਾ ਪਾਕੇ ਸੁੱਧ ਕੀਤਾ ਉਸ ਨੂੰ ਗੁਰੂ ਪਦਵੀ ਮਿਲੀ। ਇਸੇ ਤਰਾਂ ਸਾਹਿਬ ਜ਼ਾਦਿਆਂ ਵਿਚ ਯੋਗਤਾ ਨਾ ਪਾਉਣ ਦਾ ਕਾਰਨ ਇਹੋ ਹੀ ਜਾਣਿਆਂ ਜਾਂਦਾ ਹੈ ਕਿ ਗੁਰਿਆਈ ਦਾ ਅਧਿਕਾਰ ਕੇਵਲ ਸੇਵਕ ਦਾ ਹੀ ਹੋ ਸਕਦਾ ਹੈ। ਭਾਵੇਂ ਉਹ ਸਾਹਿਬ ਜ਼ਾਦਾ ਹੋਵੇ ਭਾਵੇਂ ਕੋਈ ਹੋਰ ਸਿਖ ਹੋਵੇ। ਮਗਰ ਉਸ ਵਿਚ ਗੁਰੂ ਸਾਹਿਬ ਵਲੋਂ ਖਾਸ ਯੋਗਤਾ ਦੇਣ ਤੋਂ ਪਿਛੋਂ ਸੋਧ ਹੋਣ ਤੇ 'ਗੁਰੂ ਜੋਤ ਸੁ ਅਰਜਨ ਮਾਹਿ ਧਰੀ' ਅਨੁਸਾਰ ਇਕ ਖਾਸ ਪ੍ਰਕਾਰ ਦੀ ਗੁਰਿਆਈ ਜੋਤਿ ਦਿਤੀ ਜਾਂਦੀ ਸੀ। ਨਹੀਂ ਤਾਂ ਗੁਰੂ ਦਸਮੇਂ ਪਾਤਸ਼ਾਹ ਨੂੰ ਕੋਈ ਯੋਗ ਸਿਖ ਗੁਰਿਆਈ ਟਿਕਾ ਦੇਣ ਲਈ ਮਿਲਦਾ ਹੀ ਨਾਂ? ਇਸ ਲਈ ਯੁਕਤੀ ਪ੍ਰਮਾਣ ਤੋਂ ਇਹੋ ਸਿਧ ਹੁੰਦਾ ਹੈ ਕਿ ਜਿਸ ਨੂੰ ਗੁਰੂ ਸਾਹਿਬ ਨੇ ਚਾਹਿਆ ਉਸੇ ਮਹਾਂ ਪੁਰਖ ਨੂੰ ਯੋਗਤਾ ਦੇਕੇ ਗੁਰਿਆਈ ਦੀ ਜੋਤਿ ਬਖਸ਼ੀ ਜੋ ਕਿ ਖਾਸ ਜੋਤ ਸੀ।

ਸ਼ੰਕਾ—ਜੋ ਮਹਾਂ ਪੁਰਖ ਯੋਗ ਸਨ। ਉਹੋ ਗੁਰੂ

Digitized by Panjab Digital Library | www.panjabdigilib.org

ਚੁਣੇ ਗਏ । ਇਸ ਲਈ ਗੁਰੂ ਜੋਤਿ ਖਾਸ ਨਹੀਂ ਜਾਣੀ ਜਾਂਦੀ।
ਉੱਤਰ–ਭਾਈ ਸਾਹਿਬ ! ਜ਼ਰਾ ਬਹੁ ਕਰੋ। ਗੁਰੂ ਚੁਣੇ ਨਹੀਂ ਜਾ.ਇਆ ਕਰਦੇ। ਕਿੰਤੂ ਉਹਨਾਂ ਵਿਚ ਗੁਰੂ ਜੋਤਿ ਰਖੀ ਜਾਂਦੀ ਹੈ। ਨਾਲ ਉਹਨਾਂ ਦੀ ਯੋਗਤਾ ਅਪਨੀ ਨਹੀਂ ਹੁੰਦੀ ਬਲਕਿ ਗੁਰੂ ਸਾਹਿਬ ਦੀ ਬਖਸ਼ੀ ਹੋਈ ਹੁੰਦੀ ਹੈ। ਨਹੀਂ ਤਾਂ ਜੋ ਪਹਿਲੇ ਹੀ ਯੋਗ ਹੈ ਉਸ ਵਿਚ 'ਗੁਰੂ ਜੋਤਿ' ਰਖਣ ਦਾ ਕੋਈ ਪ੍ਰਯੋਜਨ ਨਹੀਂ ਹੋਵੇਗਾ। ਨਾਲੇ ਆਪਣੇ ਆਪ ਯੋਗ ਤਾਂ ਹੋਰ ਭੀ ਸਿਧ ਹੋਂਦੇ ਹਨ ਉਹਨਾਂ ਨੂੰ ਭੀ ਗੁਰੂ ਚੁਣਿਆਂ ਜਾਵੇਗਾ ਇਸਤਰਾਂ ਇਕੋ ਗੁਰੂ ਬਣਨ ਦਾ ਸਿਧਾਂਤ ਭੀ ਖੰਡਿਤ ਹੋ ਜਾਵੇਗਾ। ਪੂਰਬੋਕਤ ਵਿਚਾਰ ਤੋਂ ਭਲੀ ਭਾਂਤ ਸਿੱਧ ਹੋ ਗਿਆ ਕਿ ਗੁਰੂ ਅਤੇ ਅਕਾਲ ਪੁਰਖ ਇਕੋ ਹੀ ਹਸਤੀ ਹਨ। ਅਤੇ ਇਸ ਦੀ ਸਿੱਧੀ ਵਿਚ ਹੇਠ ਲਿਖੇ ਹੋਰ ਭੀ ਪ੍ਰਮਾਣ ਹਨ:– 'ਗੁਰੁ ਦਾਤਾ ਸਮ੍ਰਥ ਗੁਰੁ ਸਭ ਮਹਿ ਰਹਿਆ ਸਮਾਇ। ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰ ਡੁਬਦਾ ਲਏ ਛਡਾਇ।' ਪੁਨਾ– 'ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰ ਊਚਾ ਅਗਮ ਅਪਾਰ' ਸ੍ਰੀ ਰਾਗ ਮ: ੫ ਸਲੋਕ ੯੯। ਇਨ੍ਹਾਂ ਸ਼ਬਦਾਂ ਤੋਂ ਗੁਰੂ ਅਤੇ ਨਿਰੰਕਾਰ ਦਾ ਅਭੇਦ ਨਿਸਚੇ ਹੁੰਦਾ ਹੈ। 'ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪ੍ਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ।' ਗਉੜੀ ਬਾਵਨ ਅਖਰੀ ਪਾਤਸ਼ਾਹੀ ੧ ਇਸ ਵਿਚ ਗੁਰੂ ਨੂੰ ਪ੍ਰਮੇਸਰ ਨਾਲ ਅਭਿੰਨ ਮੰਨ ਕੇ ਨਮਸਕਾਰ ਕੀਤੀ ਗਈ ਹੈ। 'ਨਾਨਕ ਗੁਰ ਤੇ ਗੁਰ ਹੋਆ ਵੇਖਹੁ ਤਿਸ ਕੀ ਰਜਾਇ। ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।' ਇਸ ਵਿਚ ਆਪ ਤੋਂ ਆਪਣੀ ਜੋਤਿ ਨੂੰ ਦੂਜੇ ਵਿਚ ਰਖਕੇ ਗੁਰੂ ਬਣਾ ਦੇਣ ਵਾਲਾ

Digitized by Panjab Digital Library | www.panjabdigilib.org

ਕਹਿਕੇ ਗੁਰੂ ਅਤੇ ਕਰਤਾਰ ਦਾ ਅਭੇਦ ਵਰਣਨ ਕੀਤਾ ਹੈ। 'ਪਾਰਬ੍ਰਹਮੁ ਪ੍ਰਮੇਸਰੁ ਸਤਿਗੁਰੁ ਸਭਨਾ ਕਰਤ ਉਧਾਰ।' ਰਾਗ ਸੋ: ਮ: ੫ ਸ਼ਬਦ ੯ ॥ ਇਸ ਵਿਚ ਭੀ ਪਾਰਬ੍ਰਹਮ ਤੇ ਸਤਿਗੁਰੂ ਦੀ ਅਭੇਦਤਾ ਵਰਣਨ ਕੀਤੀ ਗਈ ਹੈ। 'ਹਰਿ ਜੀਉ ਨਾਮਿ ਪਰਿਉ ਰਾਮਦਾਸ' ਇਸ ਵਿਚ 'ਰਾਮਦਾਸ' ਕੇਵਲ ਚੌਥੀ ਪਾਤਸ਼ਾਹੀ ਦਾ ਨਾਮ ਹੀ ਪੈ ਗਿਆ ਹੈ ਅਤੇ ਜੋਤਿ ਰੂਪ ਤੇ ਵਾਹਿਗੁਰੂ ਹੀ ਹੈ। 'ਦਇਆਲ ਪੁਰਖ ਮਿਹਰਵਾਨਾ। ਹਰਿ ਨਾਨਕ ਸਾਚ ਬਖਾਨਾ।' ਇਸ ਵਿਚ ਵਾਹਿਗੁਰੂ ਗੁਰੂ ਰੂਪ ਧਾਰਕੇ ਗਿਆਨ ਪ੍ਰਕਾਸ਼ ਕਰਨਾ ਦਸਿਆ ਹੈ। 'ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਇਉ।' 'ਆਪ ਨਾਰਾਇਣ ਕਲਾ ਧਾਰ ਜਗ ਮਹਿ ਪ੍ਰਵਰਿਯਉ। ਨਿਰੰਕਾਰ ਅਕਾਰ ਜੋਤਿ ਜਗ ਮੰਡਲ ਕਰਿਉ।' ਤੋਂ ਭੀ ਨਿਰੰਕਾਰ ਦਾ ਗੁਰੂ ਰੂਪ ਤੇ ਪ੍ਰਗਟ ਹੋਣਾ ਸਿੱਧ ਹੁੰਦਾ ਹੈ। 'ਗੁਰ ਪ੍ਰਮੇਸਰੁ ਏਕੋ ਜਾਨੁ। ਜੋ ਤਿਸੁ ਭਾਵੈ ਸੋ ਪ੍ਰਵਾਨ।' 'ਗੁਰ ਨਾਨਕ ਨਾਨਕੁ ਹਰਿ ਸੋਇ' ਇਸ ਵਿਚ ਭੀ ਗੁਰੂ ਅਤੇ ਅਕਾਲ ਪੁਰਖ ਦੀ ਏਕਤਾ ਕਥਨ ਕੀਤੀ ਹੈ। 'ਦੂਜਾ ਨ ਜਾਨੈ ਕੋਇ। ਸਤਿਗੁਰ ਨਿਰੰਜਨ ਸੋਇ। ਮਾਨੁਖ ਕਾ ਕਰਿ ਰੂਪ ਨ ਜਾਨੁ। ਮਿਲੀ ਨਿਮਾਨੇ ਮਾਨੁ।'

(ਰਾਮਕਲੀ ਮ: ੫ ਸਲੋਕ ੩੯)

ਭਾਵ—ਸਤਿਗੁਰ ਨੂੰ 'ਮਨੁਖ' ਕਰਕੇ ਨ ਸਮਝਣਾ ਕਿੰਤੂ ਸਾਮਾਂ ਹੀ ਅਕਾਲ ਪੁਰਖ ਸਮਝਣਾ। 'ਗੁਰ ਪਰਮੇਸਰੁ ਗੁਰ ਗੋਬਿੰਦ। ਗੁਰ ਦਾਤਾ ਦਇਆਲ ਬਖਸਿੰਦ।' ਤਥਾ—'ਸਿਖੀ ਅਤੇ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ।' ਤੋਂ ਭੀ ਪਾਰਬ੍ਰਹਮ ਅਤੇ ਗੁਰੂ ਦੀ ਏਕਤਾ ਸਿੱਧ ਹੁੰਦੀ ਹੈ। 'ਸਾਧ ਰੂਪ

Digitized by Panjab Digital Library | www.panjabdigilib.org

ਅਪੁਨਾ ਤਨੁ ਧਾਰਿਆ। ਮਹਾਂ ਅਗਨਿ ਤੇ ਆਪਿ ਉਬਾਰਿਆ।' ਮਾਰੂ ਮ: ੫ ਸਲੋਕ ੧੯ ਵਿਚ ਸਾਫ ਅਕਾਲ ਪੁਰਖ ਦਾ ਗੁਰੂ ਰੂਪ ਧਾਰਨਾ ਦਸਿਆ ਹੈ। 'ਨਾਨਕ ਸੋਧੇ ਸਿਮ੍ਰਤ ਬੇਦ। ਪਾਰਬ੍ਰਹਮ ਗੁਰ ਨਾਹੀ ਭੇਦ।' ਭੈਰਉ ਮ: ੫ ਸਲੋਕ ੨੪ ਇਸ ਵਿਚ ਭੀ ਪਾਰਬ੍ਰਹਮ ਅਤੇ ਗੁਰੂ ਦਾ ਅਭੇਦ ਹੀ ਦਸਿਆ ਗਿਆ ਹੈ। 'ਜਾਕੀ ਧੂਰਿ ਕਰੇ ਪੁਨੀਤਾ। ਸੁਰ ਨਰ ਦੇਵ ਨਹ ਪਾਵਹਿ ਮੀਤਾ।' 'ਸਤਿ ਪੁਰਖ ਸਤਿਗੁਰ ਪ੍ਰਮੇਸਰੁ ਜਿਸੁ ਭੇਟਤ ਪਾਰ ਪਰਾਇਣਾ।' ਮਾਰੂ ਮ: ੫ ਸਲੋਕ ੭। ਇਸ ਵਿਚ ਭੀ ਸਤਿਗੁਰੂ ਨੂੰ ਪਾਰਬ੍ਰਹਮ ਅਤੇ ਸਤਿ ਪੁਰਖ ਆਖਿਆ ਹੈ। 'ਸਤਿਗੁਰ ਜੇਵਡ ਅਵਰ ਨ ਕੋਇ। ਗੁਰੁ ਪਾਰਬ੍ਰਹਮੁ ਪਰਮੇਸਰ ਸੋਇ।' ਮਲਾਰ ਮ: ੫ ਸਲੋਕ ੨੨। 'ਆਜੋਨੀ ਸੰਭਵਿਉ।' ਪੁਨਾ-'ਭਨ ਮਥਰਾ ਕਛੁ ਭੇਦ ਨਹੀ ਗੁਰ ਅਰਜਨ ਪ੍ਰਤੱਖੁ ਹਰਿ।' ਤਥਾ-ਤੂੰ ਸਤਿਗੁਰ ਚਹੁ ਜੁਗੀ ਆਪਿ ਆਪੇ ਪਰਮੇਸਰੁ। ਸੁਰ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰ। ਅਤੇ 'ਪ੍ਰਗਟੁ ਹਰਿ ਸਗਲ ਭਵਨੁ ਮਹਿ ਜਨ ਨਾਨਕੁ ਗੁਰੁ ਪਾਰਬ੍ਰਹਮੁ।' ਆਦਿ ਪ੍ਰਮਾਣਾਂ ਤੋਂ ਭੀ ਗੁਰ ਜੋਤਿ ਸਾਖਿਆਤ ਪ੍ਰਮੇਸਰ ਸ੍ਵਰੂਪ ਕਹੀ ਗਈ ਹੈ। ਅਤੇ ਅਜੋਨੀ ਅਕਾਲ ਪੁਰਖ ਦਾ ਗੁਰੂ ਰੂਪ ਹੀ 'ਸੰਭਵਿਉ' ਅਤੇ 'ਉਦਵਿਉ' ਆਦੀ ਦੁਆਰਾ ਪ੍ਰਗਟ ਹੋਣਾ ਕਿਹਾ ਗਿਆ ਹੈ। ਪੂਰਬੋਕਤ ਗ੍ਰੰਥ ਦਾ ਆਸ਼ਾ 'ਹਰਿ ਆਪੇ ਸ਼ਬਦ ਸੁਰਤਿ ਧੁਨਿ ਆਪੇ। ਹਰਿ ਆਪੇ ਵੇਖੈ ਵਿਗਸੈ ਆਪੇ।' (ਗਉੜੀ ਮ: ੩ ਸਲੋਕ ੪-੬-੪੪) ਅਨੁਸਾਰ ਇਹ ਹੈ ਕਿ ਵਾਹਿਗੁਰੂ ਆਪ ਹੀ ਸ਼ਬਦ ਹੈ ਆਪ ਹੀ ਗਿਆਨ ਦਾ ਪ੍ਰਕਾਸ਼ ਹੈ ਅਤੇ ਆਪੇ ਹੀ ਵੇਖ ਵੇਖ ਕੇ

Digitized by Panjab Digital Library | www.panjabdigilib.org

ਖੁਸ਼ ਹੋਣ ਵਾਲਾ ਹੈ। ਭਾਵ ਇਹ ਕਿ ਸ਼ਬਦ ਗਿਆਨ ਅਤੇ ਸ਼ਬਦ ਨੂੰ ਸੁਣਨ ਤੇ ਸਮਝਣ ਵਾਲਾ ਭੀ ਆਪ ਹੀ ਹੈ। ਬਲਕਿ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਦੁਆਰਾ ਉਸ ਨੂੰ ਸਾਖਿਆਤ ਹੀ ਸ਼ਬਦ ਸਰੂਪ ਕਿਹਾ ਗਿਆ ਹੈ। ਪੁਨਾ– 'ਸਤਿਗੁਰ ਬਚਨ ਬਚਨ ਹੈ ਸਤਿਗੁਰ' ਤਥਾ 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ' ਆਦਿ ਪ੍ਰਮਾਣਾਂ ਤੋਂ ਭੀ ਸ਼ਬਦ ਹੀ ਗੁਰੂ ਸਿੱਧ ਹੁੰਦਾ ਹੈ ਅਤੇ 'ਆਪੇ ਪਟੀ ਕਲਮ ਆਪ ਉਪਰਿ ਲੇਖ ਭੀ ਤੂੰ' 'ਆਪੇ ਪਟੀ ਕਲਮ ਆਪ ਲਿਖਣ ਹਾਰਾ ਹੋਆ।' ਆਦਿ ਪ੍ਰਮਾਣਾਂ ਤੋਂ ਸ਼ਬਦ ਗੁਰੂ ਅਤੇ ਅਕਾਲ ਪੁਰਖ ਇਕੋ ਹੀ ਜਾਣੇ ਜਾਂਦੇ ਹਨ। ਤਥਾ 'ਧੰਨ ਸੋ ਕਾਗਦ ਕਲਮ ਧੰਨ ਧੰਨ ਭਾਂਡਾ ਧਨ ਮਸੁ। ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।' ਸ੍ਰੀ ਗੁਰੂ ਨਾਨਕ ਦੇਵ (ਜਗਤ ਗੁਰੂ) ਦੁਆਰਾ ਸਤ ਪੁਰਖ ਦਾ ਸਚ ਨਾਮ ਰੂਪ ਤੋਂ ਪ੍ਰਗਟ ਹੋਣਾ ਸਿੱਧ ਹੁੰਦਾ ਹੈ। ਉਨ੍ਹਾਂ ਦਾ ਦੂਜਾ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜੋ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਨਾਮ ਦੇ ਬੋਹਿਥ ਅਤੇ 'ਪ੍ਰਤਖ ਗੁਰੂ' ਹਨ।

ਪੂਰਬੋਕਤ ਵਿਚਾਰ ਨੂੰ ਸ੍ਰਵਣ ਕਰਦੇ ਹੋਏ ਸਮੂਹ ਸਭਾ ਸਦ 'ਸਬਦ ਗੁਰੂ' ਦੇ ਸਿੱਧਾਂਤ ਦਾ ਨਿਰਣਯ ਪ੍ਰਾਪਤ ਕਰਕੇ ਇਕੋ ਵਾਰ ਹੀ 'ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ' ਇਤਿਆਦੀ ਵਾਕ ਉਚਾਰਨ ਕਰਨ ਲਗੇ। ਅਤੇ ਤਤ੍ਰ ਖਾਲਸੇ ਦੀ ਵਿਜੈ ਦਾ ਨਿਸਚੇ ਕਰਕੇ ਆਖਣ ਲਗੇ 'ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ !! ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤੇ ਹੈ।'

॥ ਇਤਿ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਡਿਤ ਜੀ ਦੀਆਂ ਹੋਰ ਪੁਸਤਕਾਂ

| | |
|---|---|
| ... ਖਾਲਸਾ | ॥।) |
| ... । ਮੰਡਨ | ।) |
| ... ਪਰਿਭਾਸ਼ਾ | ॥) |
| ... ਨਿਰਣਯ | ॥) |

## ਛਪਣ ਜੋਗ ਪੁਸਤਕਾਂ

| | |
|---|---|
| ...ਰਥ ਨਿਰਣਯ (ਦੂਜਾ ਐਡੀਸ਼ਨ) | ੧॥) |
| ...ਰਿਭਾਸ਼ਾ | ੧) |
| ...ਜ ਦਰਸ਼ਨ (ਪਿੰਗਲ) | ੨) |
| ...ੀ ਤੇ ਹਿੰਦੀ ਲਿਪੀ ਤੇ ਵਿਚਾਰ | =) |
| ... ਸਾਹਿਬ '...ਮਧੇਨ' ਵਿਆਖਿਆ ਸਹਿ... | ॥) |
| ...ੰਤ੍ਰ ਪ੍ਰਕਾਸ਼ | ॥।) |
| ਬਾਣੀ ਪ੍ਰਕਾਸ਼ | ॥) |

## ਮਾਸਿਕ ...

"...ਰੂ ਕਾਸ਼ੀ ਪੱਤ੍ਰ" ... ੪) ਸਾਲ

...ਣ ... ਿ: ...ਤਾਰ ਸਿੰਘ ਦਾਖਾ

ਜ਼ਿਲਾ ਲੁਧਿਆਣਾ

'...ਨੀ ਪ੍ਰੈਸ' ਅੰਮ੍ਰਿਤਸਰ ਵਿੱਚ ਸ: ਸੰਤੋਖ ਸਿੰਘ ਜੀ ਪ੍ਰਿੰਟਰ ਦੇ ਯਤਨ ਨਾਲ ਛਪਿਆ।

Digitized by Panjab Digital Library | www.panjabdigilib.org